I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI


EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.51
20 December, 2024
੬ ਪੋਹ ਨਾਨਕਸ਼ਾਹੀ ਸੰਮਤ ੫੫੬


## ਸਫ਼ਰ-ਏ-ਸ਼ਹਾਦਤ

### ਕਟਾਏ ਬਾਪ ਨੇ ਬੇਟੇ ਯਹਾਂ ਖ਼ੁਦਾ ਕੇ ਲੀਏ




**6 POH 21 DECEMBER ੬ ਪੋਹ – ੨੧ ਦਸੰਬਰ**

ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਅਤੇ ਗੁਰਸਿਖਾਂ ਦੇ ਸਮੇਤ ਸ੍ਰੀ ਆਨੰਦਗੜ੍ਹ ਸਾਹਿਬ ਛੱਡਿਆ।




**7 POH 22 DECEMBER ੭ ਪੋਹ – ੨੨ ਦਸੰਬਰ**

ਸਰਸਾ ਨਦੀ 'ਤੇ ਗੁਰੂ ਜੀ ਨਾਲੋਂ ਪਰਿਵਾਰ ਦਾ ਵਿਛੋੜਾ ਪੈ ਗਿਆ।




**8 POH 23 DECEMBER ੮ ਪੋਹ – ੨੩ ਦਸੰਬਰ**

ਚਮਕੌਰ ਦੀ ਜੰਗ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਸ਼ਹੀਦੀ।



**9 POH 24 DECEMBER ੯ ਪੋਹ – ੨੪ ਦਸੰਬਰ**

ਚਮਕੌਰ ਦੀ ਗੜ੍ਹੀ ਵਿੱਚ ਭਾਈ ਸੰਗਤ ਸਿੰਘ ਜੀ ਅਤੇ ਹੋਰ ਸਿੰਘਾਂ ਦੀ ਸ਼ਹੀਦੀ।




**10 POH 25 DECEMBER ੧੦ ਪੋਹ – ੨੫ ਦਸੰਬਰ**

ਬੀਬੀ ਹਰਸ਼ਰਨ ਕੌਰ ਜੀ ਦੀ ਸ਼ਹੀਦੀ।



**11/12 POH 26/27 DECEMBER/੧੨ ਪੋਹ – ੨੬/੨੭ ਦਸੰਬਰ**

ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਹੋਏ।



**13 POH 28 DECEMBER ੧੩ ਪੋਹ – ੨੮ ਦਸੰਬਰ**

ਸਾਹਿਬਜ਼ਾਦੇ ਜੋਰਾਵਰ ਸਿੰਘ ਜੀ, ਸਾਹਿਬਜ਼ਾਦੇ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ।



**14 POH 29 DECEMBER ੧੪ ਪੋਹ – ੨੯ ਦਸੰਬਰ**

ਸਾਹਿਬਜ਼ਾਦਾ ਜੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ।

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD CERTIFIED CLINICIAN
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਵੱਡੇ ਸ਼ਹਿਬਜ਼ਾਦਿਆਂ ਦੀ ਸਾਕਾ ਚਮਕੌਰ ਸਾਹਿਬ ਅਤੇ ਫੇਰੂ ਸ਼ਹਿਰ ਦੇ ਸ਼ਹੀਦਾਂ ਦੀ ਯਾਦ ਮਨਾਈ ਜਾਵੇਗੀ ਅਤੇ ਤਿੰਨ ਅਖੰਡਪਾਠ ਸਾਹਿਬ ਅਰੰਭ ਹੋਣਗੇ।

1. ਰਹੁਲ ਗਲਾਸ ਕੰਪਨੀ ਵਲੋਂ
2. ਭਾਈ ਜਤਿੰਦਰ ਸਿੰਘ ਬੁੱਟਰ ਪਰਿਵਾਰ ਵਲੋਂ
3. ਭਾਈ ਅਮਰੀਕ ਸਿੰਘ ਪਰਿਵਾਰ ਵਲੋਂ

- ਇਨ੍ਹਾਂ ਦੀ ਅਰੰਭਤਾ ਦਿਨ ਸ਼ੁੱਕਰਵਾਰ 20 ਦਸੰਬਰ ਨੂੰ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ 22 ਦਸੰਬਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ਨਿੱਚਰਵਾਰ 21 ਦਸੰਬਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਚੰਨਪ੍ਰੀਤ ਸਿੰਘ ਗਿੱਲ ਪਰਿਵਾਰ ਵਲੋਂ ਆਪਣੇ ਬੇਟੇ ਅਤੇ ਬੇਟੀ ਦੇ 6ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।
- ਐਤਵਾਰ ਦਸੰਬਰ 22 ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕਰਮਜੀਤ ਸਿੰਘ ਜੌਹਲ ਪਰਿਵਾਰ ਵਲੋਂ ਹੋਵੇਗੀ।
- ਅੰਤਮ ਸੰਸਕਾਰ ਸਵ: ਭਾਈ ਸਤਨਾਮ ਸਿੰਘ ਬੱਲ 12:30 ਵਜੇ ਰੀਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 2:00 ਵਜੇ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸੰਸਕਾਰ 3:00 ਵਜੇ ਸਵ: ਭਾਈ ਸੁਖਵੀਰ ਸਿੰਘ ਢਿਲੋਂ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 4:30 ਵਜੇ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਨੂੰ ਤਿੰਨ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
  1. ਭਾਈ ਰਾਜਿੰਦਰ ਸਿੰਘ ਪਰਿਵਾਰ ਵਲੋਂ ਆਪਣੀ ਬੇਟੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ
  2. ਭਾਈ ਗਗਨਦੀਪ ਸਿੰਘ ਪਰਿਵਾਰ ਵਲੋਂ
  3. ਭਾਈ ਮੇਵਾ ਸਿੰਘ ਮੁੰਢੀ ਪਰਿਵਾਰ ਵਲੋਂ ਸ਼ਹਿਬਜ਼ਾਦਿਆਂ ਦੀ ਯਾਦ ਵਿੱਚ
- 26 ਦਸੰਬਰ ਦਿਨ ਵੀਰਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਨਿਰਮਲ ਸਿੰਘ ਪਰਿਵਾਰ ਵਲੋਂ ਹੋਵੇਗੀ।
- 26 ਦਸੰਬਰ ਸ਼ਾਮ ਨੂੰ ਗੁਰਮਤਿ ਸਮਾਗਮ ਅਖੰਡ ਕੀਰਤਨੀ ਜਥੇ ਵਲੋਂ ਹੋਣਗੇ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਯਾਦਵਿੰਦਰ ਸਿੰਘ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ
ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕ੍ਰਿਸਟੀਆ ਫ਼੍ਰੀਲੈਂਡ ਦੇ ਅਸਤੀਫ਼ੇ ਤੋਂ ਬਾਅਦ ਕੈਨੇਡਾ ਦੀ ਸਿਆਸਤ ਗਰਮਾਈ, ਟਰੂਡੋ ਦੇ ਅਸਤੀਫ਼ੇ ਦੀ ਮੰਗ ਉੱਠੀ

ਔਟਵਾ : ਬੀਤੇ ਦਿਨੀਂ ਕੈਨੇਡਾ ਦੀ ਵਿੱਤ ਮੰਤਰੀ ਅਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਨਾਲ ਔਟਵਾ ਵਿੱਚ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਇਸ ਫੈਸਲੇ ਨੇ ਸਿਆਸੀ ਜਥਿਆਂ ਵਿੱਚ ਵੱਖ-ਵੱਖ ਪ੍ਰਤੀਕਰਮ ਪੈਦਾ ਕੀਤੇ ਹਨ। ਪਬਲਿਕ ਸੇਫ਼ਟੀ ਮਿਨਿਸਟਰ ਡੌਮਿਨਿਕ ਲੇਬਲਾਂ ਨੂੰ ਨਵੇਂ ਵਿੱਤ ਮੰਤਰੀ ਵਜੋਂ ਚੁਣਨ ਦੇ ਸੰਕੇਤ ਦਿੱਤੇ ਗਏ ਹਨ।

ਫ਼੍ਰੀਲੈਂਡ ਨੇ ਆਪਣੇ ਅਸਤੀਫ਼ੇ ਦੀ ਸੂਚਨਾ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਨੂੰ ਇੱਕ ਪੱਤਰ ਰਾਹੀਂ ਦਿੱਤੀ। ਪੱਤਰ ਵਿੱਚ ਉਹਨਾਂ ਨੇ ਲਿਖਿਆ ਕਿ ਟਰੂਡੋ ਨੇ ਉਨ੍ਹਾਂ ਨੂੰ ਨਵੇਂ ਅਹੁਦੇ ਦੀ ਪੇਸ਼ਕਸ਼ ਕੀਤੀ ਸੀ, ਪਰ ਉਹਨਾਂ ਨੇ ਇਸ ਨੂੰ ਸਵੀਕਾਰ ਕਰਨ ਦੀ ਬਜਾਏ ਕੈਬਿਨੇਟ ਛੱਡਣ ਦਾ ਫੈਸਲਾ ਕੀਤਾ। "ਮੈਂ ਸੋਚਿਆ ਕਿ ਕੈਬਿਨੇਟ ਤੋਂ ਅਸਤੀਫ਼ਾ ਦੇਣਾ ਮੇਰੇ ਲਈ ਇਮਾਨਦਾਰ ਅਤੇ ਸਹੀ ਕਦਮ ਹੋਵੇਗਾ," ਫ਼੍ਰੀਲੈਂਡ ਨੇ ਲਿਖਿਆ।

ਟ੍ਰਾਂਸਪੋਰਟ ਮੰਤਰੀ ਅਨੀਤਾ ਅਨੰਦ ਨੇ ਫ਼੍ਰੀਲੈਂਡ ਦੇ ਅਸਤੀਫ਼ੇ 'ਤੇ ਦੁਖ ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਇੱਕ ਨੇੜਲੇ ਸਹਿਯੋਗੀ ਵਜੋਂ ਯਾਦ ਕੀਤਾ। ਉਨ੍ਹਾਂ ਕਿਹਾ, "ਕ੍ਰਿਸਟੀਆ ਫ਼੍ਰੀਲੈਂਡ ਨਾਲ ਕੰਮ ਕਰਨਾ ਸੱਚਮੁੱਚ ਪ੍ਰੇਰਕ ਅਨੁਭਵ ਰਿਹਾ ਹੈ।"ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਨੇ ਇਸ ਮੌਕੇ 'ਤੇ ਟ੍ਰੂਡੋ ਦੇ ਖਿਲਾਫ ਹਮਲਾ ਕਰਦਿਆਂ ਕਿਹਾ ਕਿ ਫ਼੍ਰੀਲੈਂਡ ਦਾ ਅਸਤੀਫ਼ਾ ਇਸ ਗੱਲ ਦਾ ਸੰਕੇਤ ਹੈ



ਕਿ ਟਰੂਡੋ ਸਰਕਾਰ ਸੰਭਾਲਣ ਦੇ ਯੋਗ ਨਹੀਂ ਰਹੇ। ਉਨ੍ਹਾਂ ਨੇ ਤੁਰੰਤ ਫੈਡਰਲ ਚੋਣਾਂ ਕਰਵਾਉਣ ਦੀ ਮੰਗ ਕੀਤੀ। "ਕੈਨੇਡੀਅਨ ਲੋਕ ਦੇਸ਼ ਦੀ ਅਗਲੀ ਲੀਡਰਸ਼ਿਪ ਦੇ ਬਾਰੇ ਫੈਸਲਾ ਕਰਨ ਦੇ ਹੱਕਦਾਰ ਹਨ," ਪੌਲੀਐਵ ਨੇ ਕਿਹਾ।

ਐਨਡੀਪੀ ਲੀਡਰ ਜਗਮੀਤ ਸਿੰਘ ਨੇ ਵੀ ਟਰੂਡੋ ਦੇ ਅਸਤੀਫ਼ੇ ਦੀ ਮੰਗ ਕੀਤੀ। ਉਨ੍ਹਾਂ ਕਿਹਾ, "ਸਾਰੇ ਵਿਕਲਪ ਖੁਲੇ ਹਨ, ਪਰ ਜਸਟਿਨ ਟਰੂਡੋ ਨੂੰ ਜਰੂਰ ਅਹੁਦੇ ਤੋਂ ਹਟਣਾ ਚਾਹੀਦਾ ਹੈ।" ਬਲੌਕ ਕਿਊਬੈਕਵਾ ਲੀਡਰ ਈਵ-ਫ੍ਰੈਂਸੁਆ ਬਲੌਂਸ਼ੇ ਨੇ ਪਾਰਲੀਮੈਂਟ ਨੂੰ ਭੰਗ ਕਰਕੇ ਨਵੇਂ ਸਾਲ ਵਿੱਚ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੇ ਕਿਹਾ, "ਟਰੂਡੋ ਦੀ ਸਰਕਾਰ ਹੁਣ ਅੰਤਮ ਦੌਰ ਵਿੱਚ ਹੈ।" ਕਈ ਸਾਬਕਾ ਅਤੇ ਮੌਜੂਦਾ ਲਿਬਰਲ ਮੰਤਰੀਆਂ ਨੇ ਫ਼੍ਰੀਲੈਂਡ ਦੇ ਅਸਤੀਫ਼ੇ ਨੂੰ ਟਰੂਡੋ ਲਈ ਚੁਣੌਤੀਮਈ ਘੜੀ ਵਜੋਂ ਦੇਖਿਆ। ਸਾਬਕਾ ਮੰਤਰੀ ਜੋਡੀ ਵਿਲਸਨ-ਰੇਬੋਲਡ ਨੇ ਕਿਹਾ, "ਜਦੋਂ ਸਰਕਾਰ ਦੇ ਸਭ ਤੋਂ ਵਫ਼ਾਦਾਰ ਮੈਂਬਰ ਅਹੁਦੇ ਛੱਡਦੇ ਹਨ, ਤਾਂ ਇਸਦਾ ਮਤਲਬ ਹੈ ਕਿ ਨਵੇਂ ਲੀਡਰ ਦੀ ਲੋੜ ਹੈ।"

ਚੈਡ ਕੋਲਿਨਜ਼, ਜੋ ਹਾਲ ਹੀ ਵਿੱਚ ਟਰੂਡੋ ਦੇ ਅਸਤੀਫ਼ੇ ਦੀ ਮੰਗ ਕਰਨ ਵਾਲੇ ਸੰਸਦ ਮੈਂਬਰਾਂ ਵਿੱਚੋਂ ਇੱਕ ਸਨ, ਨੇ ਦੁਹਰਾਇਆ ਕਿ ਪਾਰਟੀ ਨੂੰ ਨਵੇਂ ਲੀਡਰ ਦੀ ਤਲਾਸ਼ ਸ਼ੁਰੂ ਕਰਨੀ ਚਾਹੀਦੀ ਹੈ। ਹੇਲੇਨਾ ਜੈਕਜ਼ੇਕ ਨੇ ਵੀ ਟ੍ਰੂਡੋ ਦੇ ਫ਼ੈਸਲੇਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਫ਼੍ਰੀਲੈਂਡ ਵਰਗੇ ਮੁਹਰਾਂ ਨੂੰ ਬਾਹਰ ਕਰਨਾ ਨਹੀਂ ਚਾਹੀਦਾ ਸੀ। ਸਿਆਸੀ ਜਥਿਆਂ ਅਤੇ ਨੇਤਾਵਾਂ ਨੇ ਟਰੂਡੋ ਸਰਕਾਰ ਲਈ ਸਵਾਲ ਖੜੇ ਕਰ ਦਿੱਤੇ ਹਨ। ਕੁਝ ਨੇ ਤਾਂ ਅਗਲੇ ਸਾਲ ਦੇ ਮੁਹੱਈਆ ਹਾਲਾਤਾਂ ਨੂੰ ਦੇਖਦੇ ਹੋਏ ਨਵੇਂ ਮੰਦਭਾਵਾਂ ਦੀ ਅਗਵਾਈ ਲਈ ਵੀ ਤਜਵੀਜ਼ ਦਿੱਤੀ। ਕ੍ਰਿਸਟੀਆ ਫ਼੍ਰੀਲੈਂਡ, ਜੋ ਬਹੁਤ ਮਹੱਤਵਪੂਰਨ ਅਹੁਦਿਆਂ ਤੇ ਰਿਹਾ ਚੁੱਕੀ ਹੈ, ਦਾ ਅਸਤੀਫ਼ਾ ਕੈਨੇਡਾ ਦੀ ਰਾਜਨੀਤੀ ਵਿੱਚ ਨਵਾਂ ਪੰਨਾ ਖੋਲ੍ਹ ਸਕਦਾ ਹੈ।

# ਬੀ.ਸੀ. ਖਾਲਸਾ ਦਰਬਾਰ ਸੁਸਾਇਟੀ, ਵੈਨਕੂਵਰ ਵਲੋਂ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਮਾਗਮ 20 ਦਸੰਬਰ ਤੋਂ

ਸਰੀ, (ਏਕਜੋਤ ਸਿੰਘ): ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵਲੋਂ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਖਾਲਸਾ ਦਰਬਾਰ ਵਿਖੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਗੁਰਦੁਆਰਾ ਖਾਲਸਾ ਦਰਬਾਰ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ 20 ਦਸੰਬਰ ਸ਼ੁਕਰਵਾਰ ਨੂੰ ਆਰੰਭ ਕਰਵਾਏ ਜਾ ਰਹੇ ਹਨ ਅਤੇ 22 ਦਸੰਬਰ ਐਤਵਾਰ ਨੂੰ ਸਵੇਰੇ 9:00 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਬਾਅਦ ਦੁਪਹਿਰ 1:00 ਵਜੇ ਤੱਕ ਗੁਰਮਤਿ ਦੀਵਾਨ ਸਜਣਗੇ ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਤੋਂ ਇਲਾਵਾ ਕਥਾ ਵਾਚਕ ਗੁਰੂ ਇਤਿਹਾਸ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਉਣਗੇ। ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਹੈ ਕਿ ਉਪਰੋਕਤ ਸਮਾਗਮਾਂ ਵਿੱਚ ਹਾਜ਼ਰੀਆਂ ਜ਼ਰੂਰ ਭਰੋ। ਇਨ੍ਹਾਂ ਧਾਰਮਿਕ ਸਮਾਗਮਾਂ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। This report was written by Ekjot Singh as part of the Local Journalism Initiative.




SABLOK & SABLOK

Notaries Public

ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼

ਨੋਟਰੀ ਪਬਲਿਕ ਦੀਆਂ ਸੇਵਾਵਾਂ

- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ

ਇਮੀਗਰੇਸ਼ਨ ਦੀਆਂ ਸੇਵਾਵਾਂ

- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK

ਸਬਲੋਕ ਐਂਡ ਸਬਲੋਕ

604-325-9200

FAX – 604-325-3666

6108 Fraser st. (at 45th Ave.) Vancouver BC V5 Ww 3A1



ਬਾਧ ਅਕਾਊਟਿੰਗ ਸਰਵਿਸਿਜ਼

ਟੈਕਸ ਦੇ ਪੇਪਰ ਭਰਨਾ | ਅਕਾਊਟਿੰਗ / ਪੇਰੋਲ

ਬਿਜ਼ਨਸ ਇਨਕਮ ਟੈਕਸ | ਬੁੱਕ ਕੀਪਿੰਗ

ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ

ਸਾਡਾ ਅਕਾਊਟਿੰਗ ਵਿੱਚ ਲੰਬਾ ਤਜ਼ਰਬਾ ਹੈ

TAX FORM FILL UP | ACCOUNTING / PAYROOL | PERSONAL INCOME TAX

BUSINESS INCOME TAX | T4/ WORKERS COMPENSATION FORM

UNIT # 1393-20800 Westminter Hwy Richmond , BC V6V 2W3

Ph.: 604-325-8370 | Fax. : 604-231-9600



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?

ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ

ਚਿਲਾਵੈਕ ਵਿਚ ਪੰਜਾਬੀ ਡੈਂਟਿਸਟ

We Can Help With

» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.

Consult Dr. Sra for a health SMILE

Value $500

COMPLIMENTARY NIGHT GUARD

with new patient hygiene

Complete New Patient Exam with Xrays (4BW, 3PA and Panorex) and complete hygiene.

We accept new Patients, & Emergencies


ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ

maple smiles dentistry

Family & Community Dentistry

604-391-1010 | maplesmiles.ca

8364 Young Road, Unit 101, Chilliwack




Honourable
HARJIT
SAJJAN
Member of Parliament, Vancouver South

6406 Victoria Drive
Vancouver,
British Columbia, V5P 3X7
Telephone: 604-775-5323
E-mail : Harjit.sajjan@parl.gc.ca

# ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ) ਐਬਸਫੋਰਡ ਵੱਲੋਂ ਮਹਿਮਾ ਸਿੰਘ ਤੂਰ ਅਤੇ ਹਰੀ ਸਿੰਘ ਤਾਤਲਾ ਦੀਆਂ ਪੁਸਤਕਾਂ ਰਿਲੀਜ਼




ਐਬਸਫੋਰਡ, (ਹਰਦਮ ਮਾਨ): ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਵੱਲੋਂ ਬੀਤੇ ਸ਼ਨੀਵਾਰ ਹੈਰੀਟੇਜ ਗੁਰਸਿੱਖ ਗੁਰਦੁਆਰਾ ਸਾਊਥ ਫਰੇਜ਼ਰ ਵੇਅ ਐਬਸਫੋਰਡ ਵਿਖੇ ਕਰਵਾਏ ਇਕ ਸਾਹਿਤਕ ਸਮਾਗਮ ਵਿਚ ਪ੍ਰਸਿੱਧ ਸ਼ਾਇਰ ਮਹਿਮਾ ਸਿੰਘ ਤੂਰ ਦੀ ਪੁਸਤਕ 'ਉਦਾਸੀ ਜਾਗਦੀ ਹੈ' ਅਤੇ ਹਰੀ ਸਿੰਘ ਤਾਤਲਾ ਦੀ ਪੁਸਤਕ 'ਤੂੰ ਤੇ ਪਿਕਾਸੋ' ਰਿਲੀਜ਼ ਕੀਤੀਆਂ ਗਈਆਂ। ਸਮਾਗਮ ਵਿਚ ਸਾਹਿਤ ਪ੍ਰੇਮੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਰਿਲੀਜ਼ ਕੀਤੀਆਂ ਗਈਆਂ ਪੁਸਤਕਾਂ ਬਾਰੇ ਸ਼ਾਇਰ ਦਵਿੰਦਰ ਸਿੰਘ ਪੂਨੀਆ ਅਤੇ ਡਾ. ਗੁਰਵਿੰਦਰ ਸਿੰਘ ਨੇ ਵਿਚਾਰ ਸਾਂਝੇ ਕਰਰਦਿਆਂ ਇਹਨਾਂ ਕਿਤਾਬਾਂ ਦੇ ਸਾਹਿਤ ਜਗਤ ਵਿੱਚ ਸਥਾਨ ਬਾਰੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਵਿਸੇ ਅਤੇ ਕਲਾ ਪੱਖਾਂ ਤੋਂ ਦੋਹਾਂ ਲੇਖਕਾਂ ਦੀਆਂ ਕਿਤਾਬਾਂ ਸ਼ਾਨਦਾਰ ਕਹੀਆਂ ਜਾ ਸਕਦੀਆਂ ਹਨ। ਸੁਰਜੀਤ ਸਿੰਘ ਸਹੋਤਾ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ, ਹਰਕੀਰਤ ਕੌਰ ਚਾਹਲ, ਸਤਵੰਤ ਕੌਰ ਪੰਧੇਰ, ਜਗਜੀਤ ਸਿੰਘ ਸੰਧੂ, ਕੁਲਦੀਪ ਸਿੰਘ ਸੇਖੋਂ, ਗੁਰਦੇਵ ਸਿੰਘ ਬੁੱਟਰ, ਸੁਖੀ ਰੋਡੇ ਤੇ ਮਾਹੀ ਸਾਹਿਬ ਨੇ ਵੀ ਇਨ੍ਹਾਂ ਪੁਸਤਕਾਂ ਬਾਰੇ ਆਪਣੇ ਵਿਚ ਪ੍ਰਗਟ ਕੀਤੇ। ਇਨ੍ਹਾਂ ਪੁਸਤਕਾਂ ਦੇ ਰਚੇਤਾ ਹਰੀ ਸਿੰਘ ਤਾਤਲਾ ਅਤੇ ਮਹਿਮਾ ਸਿੰਘ ਤੂਰ ਨੇ ਆਪਣੀਆਂ ਕਵਿਤਾਵਾਂ ਦੇ ਸਬੰਧ ਵਿੱਚ ਸਰੋਤਿਆਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ ਤੇ ਆਪਣੀਆਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀਆਂ।

ਸਮਾਗਮ ਦਾ ਸੰਚਾਲਨ ਗੀਤਕਾਰ ਗੁਰਪ੍ਰੀਤ ਸਿੰਘ ਚਾਹਲ ਨੇ ਬਾਖੂਬੀ ਕੀਤਾ। ਸਮਾਗਮ ਵਿਚ ਸਹਿਯੋਗੀ ਵਣਜਾਰਾ ਨੋਮੈਡ ਕਲੈਕਸ਼ਨਜ ਦੇ ਰਾਜ ਸਿੰਘ ਭੰਡਾਲ ਨੇ ਇਸ ਮੌਕੇ ਤੇ ਲਿਖਾਰੀਆਂ ਨੂੰ ਵਧਾਈ ਦੇਣ ਦੇ ਨਾਲ ਨਾਲ, ਹੈਰੀਟੇਜ ਮਿਊਜ਼ੀਅਮ 'ਚ ਲੱਗੀ ਸਾਊਥ ਏਸ਼ੀਅਨ ਸਟੱਡੀਜ ਵਿਭਾਗ ਦੀ ਇਕ ਪ੍ਰਦਰਸ਼ਨੀ ਵੱਲ ਵਿਸ਼ੇਸ਼ ਧਿਆਨ ਦਿਵਾਇਆ, ਜਿਸ ਵਿੱਚ 'ਪੰਜਾਬੀ ਸਿੱਖ ਪਤਿਤਪੁਣੇ ਦਾ ਅਭਿਆਸ ਕਰਦੇ ਹਨ' ਸਤਰਾਂ ਲਿਖੀਆਂ ਹੋਈਆਂ ਸਨ, ਜੋ ਕਿ ਗਲਤ ਅਨੁਵਾਦ ਰਾਹੀਂ ਅਰਥਾਂ ਦੇ ਅਨਰਥ ਕਰ ਰਹੀਆਂ ਸਨ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਗੁਰਮੁਖ ਸਿੰਘ, ਗੁਰਵਿੰਦਰ ਸਿੰਘ ਸੰਧੂ, ਮਲਕੀਤ ਸਿੰਘ ਮੀਲੂ, ਸਾਹਿਤਕਾਰਾਂ ਦੇ ਪਰਿਵਾਰਕ ਮੈਂਬਰ ਅਤੇ ਸਤਿਕਾਰਤ ਸ਼ਖਸੀਅਤਾਂ ਮੌਜੂਦ ਸਨ।

# ਲਿਬਰਲ ਪਾਰਟੀ ਨੂੰ ਕਲੋਵਰਡੇਲ-ਲੈਂਗਲੀ ਜ਼ਿਮਨੀ ਚੋਣ ਵਿੱਚ ਮਿਲੀ ਹਾਰ




ਸਰੀ (ਏਕਜੋਤ ਸਿੰਘ): ਲਿਬਰਲ ਪਾਰਟੀ ਨੂੰ ਲਗਾਤਾਰ ਜ਼ਿਮਨੀ ਚੋਣਾਂ ਵਿੱਚ ਹਾਰ ਦਾ ਮੂੰਹ ਦੇਖਣਾ ਪੈ ਰਿਹਾ ਹੈ। ਤਾਜ਼ਾ ਮਾਮਲਾ ਕਲੋਵਰਡੇਲ-ਲੈਂਗਲੀ ਦੀ ਜ਼ਿਮਨੀ ਚੋਣ ਦਾ ਹੈ, ਜਿੱਥੇ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਟਮਾਰਾ ਜੈਨਸਨ ਨੇ ਵੱਡੇ ਫ਼ਰਕ ਨਾਲ ਜਿੱਤ ਦਰਜ ਕੀਤੀ। ਜੈਨਸਨ ਨੇ 9,931 ਵੋਟਾਂ ਹਾਸਿਲ ਕੀਤੀਆਂ, ਜਦਕਿ ਲਿਬਰਲ ਉਮੀਦਵਾਰ ਮੈਡੀਸਨ ਫਲੀਸ਼ਰ ਸਿਰਫ਼ 2,401 ਵੋਟਾਂ ਹੀ ਲੈ ਸਕੀ। ਐਨਡੀਪੀ ਪਾਰਟੀ ਦੇ ਭਾਰਤੀ ਮੂਲ ਦੀ ਉਮੀਦਵਾਰ ਵੈਨੇਸਾ ਸ਼ਰਮਾ 1,875 ਵੋਟਾਂ ਨਾਲ ਤੀਸਰੇ ਸਥਾਨ 'ਤੇ ਰਹੀ। ਇਸ ਰਾਈਡਿੰਗ ਵਿੱਚ ਵੋਟਿੰਗ ਦੀ ਗਤੀਵਿਧੀ ਕੁਝ ਖ਼ਾਸ ਨਹੀਂ ਰਹੀ, ਜਦੋਂ ਕਿ ਕੇਵਲ 16.27% ਵੋਟਰਾਂ ਨੇ ਆਪਣੀ ਵੋਟ ਦਾਖਲ ਕੀਤੀ।

ਟਮਾਰਾ ਜੈਨਸਨ ਇਸ ਤੋਂ ਪਹਿਲਾਂ 2019-2021 ਦੌਰਾਨ ਇਸ ਰਾਈਡਿੰਗ ਦੀ ਨੁਮਾਇੰਦਗੀ ਕਰ ਚੁੱਕੇ ਹਨ। 2019 ਵਿੱਚ ਜੈਨਸਨ ਨੇ ਲਿਬਰਲ ਉਮੀਦਵਾਰ ਜੌਨ ਐਲਡਾਗ ਨੂੰ 1,400 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਹਾਲਾਂਕਿ, 2021 ਵਿੱਚ ਐਲਡਾਗ ਨੇ ਮੁੜ ਜੇਤੂ ਬਣ ਕੇ ਰਾਈਡਿੰਗ 'ਤੇ ਕਬਜ਼ਾ ਕੀਤਾ ਸੀ। ਕਲੋਵਰਡੇਲ-ਲੈਂਗਲੀ ਰਾਈਡਿੰਗ 2015 ਵਿੱਚ ਸਥਾਪਿਤ ਕੀਤੀ ਗਈ ਸੀ। ਪਹਿਲੀ ਵਾਰ ਲਿਬਰਲ ਪਾਰਟੀ ਦੇ ਜੌਨ ਐਲਡਾਗ ਨੇ ਇੱਥੇ ਚੋਣ ਜਿੱਤੀ ਸੀ। ਹਾਲ ਹੀ ਵਿੱਚ, ਐਲਡਾਗ ਨੇ ਸੂਬਾਈ ਸੱਭਾ ਦੀ ਚੋਣ ਲੜਣ ਲਈ ਆਪਣੇ ਐਮਪੀ ਅਹੁਦੇ ਤੋਂ ਅਸਤੀਫ਼ਾ ਦਿੱਤਾ, ਜਿਸ ਨਾਲ ਇਹ ਸੀਟ ਖ਼ਾਲੀ ਹੋ ਗਈ। ਲਿਬਰਲ ਪਾਰਟੀ ਲਈ ਇਹ ਹਾਰ ਇੱਕ ਹੋਰ ਵੱਡਾ ਝਟਕਾ ਹੈ। ਮੌਂਟਰੀਅਲ ਅਤੇ ਟੋਰਾਂਟੋ ਦੀਆਂ ਰਾਈਡਿੰਗਾਂ ਵਿਚ ਵੀ ਪਾਰਟੀ ਨੂੰ ਅਪਮਾਨਜਨਕ ਹਾਰ ਮਿਲੀ ਸੀ। This report was written by Ekjot Singh as part of the Local Journalism Initiative.

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

Criminal Law
» Assault Charges
» Drug Charges
» Theft/Fraud
» Uttering Threats
» Driving Offences
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Divorces Probate
All kind of Notary Services
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਰਹੀ ਕੇਂਦਰੀ ਸਭਾ ਦੀ ਮਾਸਿਕ ਮਿਲਣੀ



ਸਰੀ, (ਹਰਦਮ ਮਾਨ): ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਹੀਨੇਵਾਰ ਮੀਟਿੰਗ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਦੇ ਸਮਾਗਮ ਹਾਲ ਵਿਚ ਹੋਈ। ਮਾਤਾ ਗੁਜਰੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਇਸ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਅਤੇ ਉੱਘੇ ਲੇਖਕ ਚਰਨ ਸਿੰਘ ਨੇ ਕੀਤੀ।

ਮੀਟਿੰਗ ਦੇ ਆਗਾਜ਼ ਵਿਚ ਪੇਸ਼ ਸ਼ੋਕ ਮਤਿਆਂ ਰਾਹੀਂ ਸਭਾ ਦੇ ਮੈਂਬਰ ਅਜੀਤ ਸਿੰਘ ਕੰਗ, ਅਮਰੀਕ ਸਿੰਘ ਢੇਸੀ, ਨਰਿੰਦਰ ਬਾਹੀਆ ਦੇ ਜੀਜਾ ਜੀ ਅਤੇ ਹਰਚੰਦ ਸਿੰਘ ਬਾਗੜੀ ਦੇ ਭੈਣ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਗ਼ਜ਼ਲ ਉਸਤਾਦ ਕ੍ਰਿਸ਼ਨ ਭਨੋਟ ਦੀ ਸਿਹਤਯਾਬੀ ਲਈ ਦੁਆ ਕੀਤੀ ਗਈ। ਉਪਰੰਤ ਸੁਰਜੀਤ ਸਿੰਘ ਮਾਧੋਪੁਰੀ ਨੇ ਸਭਾ ਦੇ ਖ਼ਜ਼ਾਨਚੀ ਰੂਪਿੰਦਰ ਖਹਿਰਾ ਰੂਪੀ ਵੱਲੋਂ ਤਿਆਰ ਕੀਤੀ ਗਈ ਸਾਲ 2024 ਦੀ ਵਿੱਤੀ ਰਿਪੋਰਟ ਸਾਂਝੀ ਕੀਤੀ ਅਤੇ ਸਭਾ ਨੇ ਇਸ ਉੱਪਰ ਆਪਣੀ ਸਹਿਮਤੀ ਪਾਈ।

ਇਸ ਮੌਕੇ ਚੱਲੇ ਕਾਵਿਕ ਦੌਰ ਵਿੱਚ ਬਿੱਕਰ ਸਿੰਘ ਖੋਸਾ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਮਾਧੋਪੁਰੀ ਜਸਵਿੰਦਰ ਕੌਰ ਬਾਠ, ਸੁਰਜੀਤ ਸਿੰਘ ਬਾਠ, ਮਾਸਟਰ ਅਮਰੀਕ ਸਿੰਘ ਲੇਲ੍ਹ, ਸੁਰਿੰਦਰ ਸਿੰਘ ਜੱਬਲ, ਗੁਰਮੀਤ ਸਿੰਘ ਕਾਲਕਟ, ਕੁਲਦੀਪ ਸਿੰਘ ਗਿੱਲ, ਡਾ: ਦਵਿੰਦਰ ਕੌਰ, ਹਰਪਾਲ ਸਿੰਘ ਬਰਾੜ, ਕੁਲਦੀਪ ਸਿੰਘ ਜਗਪਾਲ, ਦਰਸ਼ਨ ਸਿੰਘ ਸੰਘਾ, ਚਮਕੌਰ ਸਿੰਘ ਸੇਖੋਂ, ਇੰਦਰਜੀਤ ਸਿੰਘ ਧਾਮੀ, ਹਰਚੰਦ ਸਿੰਘ ਗਿੱਲ, ਕਵਿੰਦਰ ਚਾਂਦ, ਮਨਜੀਤ ਸਿੰਘ ਮੱਲ੍ਹਾ, ਗੁਰਦਰਸ਼ਨ ਸਿੰਘ ਤਤਲਾ, ਹਰਜਿੰਦਰ ਸਿੰਘ ਚੀਮਾ, ਬੰਸਤ ਸਿੰਘ ਢਿੱਲੋਂ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਹਾਜ਼ਰ ਸਰੋਤਿਆਂ ਵਿਚ ਮਲਕੀਤ ਸਿੰਘ ਤੇ ਗੁਰਮੁੱਖ ਸਿੰਘ ਗਰੇਵਾਲ ਸ਼ਾਮਿਲ ਸਨ। ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਕੀਤਾ। ਅੰਤ ਵਿਚ ਸੁਰਜੀਤ ਸਿੰਘ ਮਾਧੋਪੁਰੀ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਕੈਨੇਡਾ ਅਤੇ ਅਮਰੀਕਾ ਆਪਸੀ ਖਿਚੋ-ਤਾਣ ਛੱਡ ਚੀਨ ਦਾ ਮੁਕਾਬਲਾ ਕਰਨ : ਪ੍ਰੀਮੀਅਰ ਫੋਰਡ

ਸਰੀ, (ਏਕਜੋਤ ਸਿੰਘ): ਓਂਟਾਰੀਓ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਹੈ ਕਿ ਕੈਨੇਡਾ ਅਤੇ ਅਮਰੀਕਾ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਉਹ ਚੀਨ ਦਾ ਸਮਰਥਨ ਕਰਨ ਵਾਲੇ ਮੈਕਸੀਕੋ ਨੂੰ ਟੱਕਰ ਦੇ ਸਕਣ ਅਤੇ ਵਪਾਰ ਯੁੱਧ ਵਿੱਚ ਸ਼ਾਮਲ ਹੋਣ ਦੀ ਜਗ੍ਹਾ ਚੀਨ ਦੇ ਖਿਲਾਫ ਸਾਂਝੀ ਕਾਰਵਾਈ ਕਰਨ। ਫੋਰਡ ਨੇ ਕਿਹਾ ਕਿ ਉਹ ਅਮਰੀਕਾ ਨਾਲ ਵਪਾਰ ਨੂੰ ਵਧਾਉਣ ਅਤੇ ਉੱਤਰੀ ਅਮਰੀਕਾ ਮਾਰਕੀਟ ਵਿੱਚ ਚੀਨੀ ਦਖਲਅੰਦਾਜ਼ੀ ਨੂੰ ਰੋਕਣ ਨੂੰ ਤਰਜੀਹ ਦੇਣਗੇ। ਇਸ ਨਾਲ ਉਹ ਮੈਕਸੀਕੋ ਨੂੰ ਵੀ ਪੇਸ਼ਕਸ਼ ਕਰਦੇ ਹਨ ਕਿ ਉਹ ਇਸ ਗੱਲ 'ਤੇ ਧਿਆਨ ਦੇਵੇ ਅਤੇ ਆਪਣੇ ਵਪਾਰ ਦੇ ਰਿਸ਼ਤੇ ਚੀਨ ਨਾਲ ਨਹੀ, ਸਗੋਂ ਅਮਰੀਕਾ ਨਾਲ ਸਥਿਰ ਰੱਖੇ।



ਫੋਰਡ ਨੇ ਕਿਹਾ ਕਿ ਉਹ ਅਮਰੀਕਾ ਨੂੰ ਊਰਜਾ ਨਿਰਯਾਤਾਂ ਨੂੰ ਰੋਕਣਾ ਨਹੀਂ ਚਾਹੁੰਦੇ, ਪਰ ਇਹ ਉਨ੍ਹਾਂ ਦੇ ਕੋਲ ਇੱਕ "ਵਿਕਲਪ" ਹੈ ਜੋ ਉਹ ਉਸ ਸਮੇਂ ਵਰਤ ਸਕਦੇ ਹਨ ਜੇ ਨਵੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 25 ਪ੍ਰਤੀਸ਼ਤ ਟੈਰੀਫ ਲਗਾਉਣਗੇ।

ਫੋਰਡ ਨੇ ਕਿਹਾ, "ਹਾਂ, ਇਹ ਸਾਡੇ ਕੋਲ ਇੱਕ ਵਿਕਲਪ ਹੈ, ਪਰ ਇਹ ਸਾਨੂੰ ਸਭ ਤੋਂ ਆਖਰੀ ਚੋਣ ਹੋਵੇਗੀ। ਮੈਂ ਚਾਹੁੰਦਾ ਹਾਂ ਕਿ ਅਸੀਂ ਅਮਰੀਕਾ ਨਾਲ ਵਪਾਰ ਨੂੰ ਵਧਾਵਾਂ ਅਤੇ ਚੀਨੀ ਦਖਲਅੰਦਾਜ਼ੀ ਨੂੰ ਰੋਕਣ 'ਤੇ ਧਿਆਨ ਦੇਈਏ, ਜੋ ਮੈਕਸੀਕੋ ਰਾਹੀਂ ਹੋ ਰਹੀ ਹੈ।"

ਉਨ੍ਹਾਂ ਕਿਹਾ "ਮੈਕਸੀਕੋ ਨੂੰ ਇਹ ਫੈਸਲਾ ਲੈਣਾ ਪਵੇਗਾ: ਤੁਸੀਂ ਬੀਜਿੰਗ ਨਾਲ ਹੈ ਜਾਂ ਵਾਸ਼ਿੰਗਟਨ ਨਾਲ?" ਉਹਨਾਂ ਕਿਹਾ ਕਿ ਕੈਨੇਡਾ ਨੂੰ ਅਮਰੀਕਾ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਵਪਾਰ ਨੂੰ ਵਧਾ ਕੇ ਰੱਖਣਾ ਚਾਹੀਦਾ ਹੈ। ਫੋਰਡ ਨੇ ਮੈਕਸੀਕੋ 'ਤੇ ਆਰੋਪ ਲਾਇਆ ਕਿ ਉਹ ਚੀਨੀ ਉਤਪਾਦਾਂ ਨੂੰ ਆਪਣੀ ਮੇਡ-ਇਨ-ਮੈਕਸੀਕੋ ਸਟਿੱਕਰ ਲਗਾ ਕੇ ਅਮਰੀਕਾ ਅਤੇ ਕੈਨੇਡਾ ਵਿਚ ਭੇਜ ਰਹੇ ਹਨ, ਜਿਸ ਨਾਲ ਦੋਨੋਂ ਦੇ ਰੋਜ਼ਗਾਰ ਪ੍ਰਭਾਵਿਤ ਹੋ ਰਹੇ ਹਨ।

This report was written by Ekjot Singh as part of the Local Journalism Initiative.


ਮਾਤਾ ਗੁਜਰੀ, ਸ਼ਾਹਿਬਜ਼ਾਦਿਆਂ ਅਤੇ ਚਮਕੌਰ ਦੇ ਹੋਰ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਨ-ਕੋਟ ਪ੍ਰਣਾਮ

ਦਸ਼ਮੇਸ਼ ਪਿਤਾ ਨੇ ਰਾਇ ਕੱਲ੍ਹਾ ਨੂੰ ਰਾਏਕੋਟ ਵਿਖੇ 1705 ਵਿੱਚ ਬਖਸ਼ਿਆ ਸੰਕਟ ਭਰੇ ਦਿਨਾਂ ਦੀ ਸੇਵਾ

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਦੀ ਛੋਹ ਪ੍ਰਾਪਤ

ਗੰਗਾ ਸਾਗਰ



ਵਲੋਂ : ਰਾਇ ਅਜੀਜਉਲਾ ਖਾਨ ਅਤੇ ਰਾਇ ਮੁਹੰਮਦ ਅਲੀ ਖਾਨ

# ਕੈਨੇਡਾ ਵੱਲੋਂ ਅਮਰੀਕਾ ਦੀ ਸਰਹੱਦ ਤੋਂ ਵੀਜ਼ਾ ਸਹੂਲਤ ਬੰਦ ਕਰਨ ਦਾ ਐਲਾਨ

ਔਟਵਾ, (ਏਕਜੋਤ ਸਿੰਘ): ਕੈਨੇਡਾ ਦੀ ਸਰਕਾਰ ਨੇ ਅਮਰੀਕਾ ਦੀ ਸਰਹੱਦੋਂ ਪਾਰ ਵੀਜ਼ਾ ਸਹੂਲਤ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਕਿਹਾ ਕਿ ਇਹ ਪ੍ਰਕਿਰਿਆ ਸਰਹੱਦ ਉੱਤੇ ਮਹੱਤਵਪੂਰਨ ਸਰੋਤਾਂ ਦੀ ਵਰਤੋਂ ਕਰਦੀ ਹੈ ਅਤੇ ਸਰਹੱਦੀ ਆਵਾਜਾਈ ਨੂੰ ਪ੍ਰਭਾਵਿਤ ਕਰਦੀ ਹੈ। ਇਹ ਨਵਾਂ ਨਿਯਮ ਬਹੁਤ ਸਾਰੇ ਵਿਜ਼ਿਟਰਾਂ ਅਤੇ ਵਰਕ ਪਰਮਿਟ ਹੋਲਡਰਾਂ ਲਈ ਚਿੰਤਾ ਦਾ ਕਾਰਨ ਬਣ ਸਕਦਾ ਹੈ।

ਫ਼ਲੈਗਪੋਲਿੰਗ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਦਾ ਇੱਕ ਅਹਿਮ ਹਿੱਸਾ ਹੈ। ਇਸ ਤਹਿਤ, ਵਿਜ਼ਿਟਰ ਜਾਂ ਵਰਕ ਪਰਮਿਟ ਲੈਣ ਦੇ ਇਚੱਛੁਕ ਵਿਅਕਤੀ ਕੈਨੇਡਾ-ਅਮਰੀਕਾ ਸਰਹੱਦ 'ਤੇ ਜਾ ਕੇ 24 ਘੰਟਿਆਂ ਦੇ ਅੰਦਰ ਮੁੜ ਕੈਨੇਡਾ ਦਾਖ਼ਲ ਹੁੰਦੇ ਹਨ। ਇਹ ਵਿਧੀ ਪੂਰੀ ਤਰ੍ਹਾਂ ਕਾਨੂੰਨੀ ਹੈ ਅਤੇ ਇਸ ਨਾਲ ਅਰਜ਼ੀ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਫ਼ਲੈਗਪੋਲਿੰਗ ਦੇ ਮੱਦਦ ਨਾਲ, ਅਰਜ਼ੀਕਰਤਾ ਨੂੰ ਉਸੇ ਦਿਨ ਵਰਕ ਪਰਮਿਟ ਜਾਰੀ ਕੀਤਾ ਜਾਂਦਾ ਹੈ, ਜੋ ਕਿ ਔਨਲਾਈਨ ਪ੍ਰਕਿਰਿਆ ਨਾਲੋਂ ਕਈ ਗੁਣਾ ਤੇਜ਼ ਹੈ।



ਫ਼ਲੈਗਪੋਲਿੰਗ ਦੀ ਬੰਦਸ਼ ਕਾਰਨ ਵਿਜ਼ਿਟਰ ਹੁਣ ਸਰਹੱਦ ਰਾਹੀਂ ਵਰਕ ਪਰਮਿਟ ਲੈਣ ਯੋਗ ਨਹੀਂ ਰਹਿਣਗੇ। ਜੇਕਰ ਸਰਕਾਰ ਕੋਈ ਨਵੀਂ ਪਾਲਿਸੀ ਨਹੀਂ ਲਿਆਉਂਦੀ, ਤਾਂ ਇਹ ਵਿਜ਼ਿਟਰਾਂ ਲਈ ਮੁਸ਼ਕਲਾਂ ਪੈਦਾ ਕਰ ਸਕਦੀ ਹੈ। ਫ਼ਲੈਗਪੋਲਿੰਗ ਨਾਲ ਜਿੱਥੇ ਸਮੇਂ ਦੀ ਬੱਚਤ ਹੁੰਦੀ ਸੀ, ਉਥੇ ਔਨਲਾਈਨ ਅਰਜ਼ੀਆਂ 'ਤੇ ਫ਼ਿਰ ਤੋਂ ਜ਼ੋਰ ਪੈਣ ਕਾਰਨ ਇਹ ਪ੍ਰਕਿਰਿਆ ਲੰਮੀ ਹੋ ਸਕਦੀ ਹੈ।

ਸਰਕਾਰ ਵੱਲੋਂ ਅਗਸਤ 2024 ਵਿੱਚ ਹੀ ਔਨਲਾਈਨ ਵਰਕ ਪਰਮਿਟ ਦੇ ਅਰਜ਼ੀਆਂ 'ਤੇ ਰੋਕ ਲਗਾਈ ਗਈ ਸੀ। ਹੁਣ ਫ਼ਲੈਗਪੋਲਿੰਗ ਬੰਦ ਕਰਨ ਨਾਲ, ਕਈ ਵਿਜ਼ਿਟਰਾਂ ਲਈ ਕੈਨੇਡਾ ਵਿੱਚ ਰਹਿਣ ਅਤੇ ਕੰਮ ਕਰਨ ਦੇ ਰਾਹ ਅਧੂਰੇ ਹੋ ਸਕਦੇ ਹਨ।

ਫ਼ਲੈਗਪੋਲਿੰਗ ਦੀ ਸ਼ੁਰੂਆਤ 2020 ਵਿੱਚ ਕੋਵਿਡ-19 ਮਹਾਮਾਰੀ ਦੌਰਾਨ ਹੋਈ ਸੀ, ਜਦੋਂ ਉਡਾਣਾਂ ਬੰਦ ਹੋਣ ਕਾਰਨ ਕਈ ਵਿਜ਼ਿਟਰਾਂ ਲਈ ਆਪਣੇ ਮੁਲਕਾਂ ਵਾਪਸੀ ਸੰਭਵ ਨਹੀਂ ਸੀ। ਇਸ ਵਿਧੀ ਨਾਲ, ਵਿਜ਼ਿਟਰਾਂ ਨੂੰ ਔਨਲਾਈਨ ਰਾਹੀਂ ਵੀ ਵਰਕ ਪਰਮਿਟ ਲੈਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਪਾਲਿਸੀ 28 ਫ਼ਰਵਰੀ 2025 ਤੱਕ ਚੱਲਣੀ ਸੀ, ਪਰ ਇਸਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ ਹੈ।

ਇਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ ਸਰਕਾਰ ਵੱਲੋਂ ਇਸ ਨੀਤੀ ਦੇ ਵਿਕਲਪ ਦੇ ਤੌਰ 'ਤੇ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਸਕਦੀਆਂ ਹਨ। ਹਾਲਾਂਕਿ, ਜਦ ਤੱਕ ਨਵਾਂ ਮਾਰਗ ਦਰਸ਼ਨ ਨਹੀਂ ਮਿਲਦਾ, ਵਿਜ਼ਿਟਰਾਂ ਅਤੇ ਵਰਕ ਪਰਮਿਟ ਹੋਲਡਰਾਂ ਲਈ ਸੰਭਾਵੀ ਰੁਕਾਵਟਾਂ ਜਾਰੀ ਰਹਿਣਗੀਆਂ। This report was written by Ekjot Singh as part of the Local Journalism Initiative.

# ਓਨਟਾਰੀਓ ਵਿੱਚ ਟਰੱਕ ਹਾਦਸੇ ਦੌਰਾਨ ਦੋ ਪੰਜਾਬੀਆਂ ਦੀ ਮੌਤ



ਓਨਟਾਰੀਓ, ਕੈਨੇਡਾ – ਉਨਟਾਰੀਓ ਦੇ ਹਾਈਵੇ 11 ਦੇ ਲਾਂਗਲੇਕ ਨੇੜੇ ਹੋਏ ਇੱਕ ਭਿਆਨਕ ਟਰੱਕ ਹਾਦਸੇ ਵਿੱਚ ਦੋ ਪੰਜਾਬੀਆਂ ਦੀ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਹ ਹਾਦਸਾ ਦੋ ਟਰੱਕਾਂ ਦੇ ਆਪਸ ਵਿੱਚ ਟਕਰਾਉਣ ਕਾਰਨ ਵਾਪਰਿਆ।

ਹਾਦਸੇ ਵਿੱਚ ਮਰਨ ਵਾਲਿਆਂ ਦੀ ਪਛਾਣ ਜਸਵਿੰਦਰ ਸਿੰਘ ਜੱਸੀ, ਵਾਸੀ ਪਟਿਆਲਾ ਅਤੇ ਰਾਹੁਲ ਬਜਾਜ, ਵਾਸੀ ਮੋਹਾਲੀ ਦੇ ਰੂਪ ਵਿੱਚ ਹੋਈ ਹੈ। ਜਸਵਿੰਦਰ ਸਿੰਘ ਜੱਸੀ ਮਸ਼ਹੂਰ ਭੰਗੜਾ ਕੋਚ ਵੀ ਰਹੇ ਹਨ ਅਤੇ ਕੈਨੇਡਾ ਵਿੱਚ ਕਈ ਸਾਂਝੇ ਪ੍ਰਾਜੈਕਟਾਂ ਵਿੱਚ ਸ਼ਾਮਲ ਸਨ। ਦੂਜੇ ਪਾਸੇ, ਰਾਹੁਲ ਬਜਾਜ ਆਪਣੇ ਪਰਿਵਾਰ ਨਾਲ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਦੇ ਨਜ਼ਦੀਕੀ ਵੀ ਇਸ ਮੰਦਭਾਗੀ ਘਟਨਾ ਤੋਂ ਸਦਮੇ ਵਿੱਚ ਹਨ।

ਇਸ ਹਾਦਸੇ ਦੌਰਾਨ ਦੋ ਹੋਰ ਸਹਿ-ਡਰਾਈਵਰ ਵੀ ਜ਼ਖ਼ਮੀ ਹੋਏ ਹਨ। ਹਾਲਾਂਕਿ, ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਅਤੇ ਉਸ ਦਾ ਇਲਾਜ ਅਸਪਤਾਲ ਵਿੱਚ ਚੱਲ ਰਿਹਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਸਥਾਨਕ ਪੁਲਿਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

ਇਹ ਹਾਦਸਾ ਨਾ ਸਿਰਫ਼ ਪੀੜਤ ਪਰਿਵਾਰਾਂ ਲਈ ਸਦਮੇ ਨਾਲ ਭਰਿਆ ਹੋਇਆ ਹੈ, ਸਗੋਂ ਪੰਜਾਬੀ ਭਾਈਚਾਰੇ ਨੂੰ ਵੀ ਗਹਿਰੇ ਦੁੱਖ ਵਿੱਚ ਛੱਡ ਗਿਆ ਹੈ।

# ਨਿਊ ਵੈਸਟਮਿਨਸਟਰ ਵਿੱਚ ਵਿਅਕਤੀ ਨੂੰ ਗੱਡੀ ਨੇ ਦਰੜਿਆ

ਸਰੀ, ਬੀ.ਸੀ. – ਨਿਊ ਵੇਸਟਮਿਨਸਟਰ ਵਿੱਚ ਮੱਪਬ੍ਰਾਈਡ ਬੁਲੇਵਾਰਡ 'ਤੇ ਇਕ ਪੈਦਲ ਜਾ ਰਹੇ ਵਿਅਕਤੀ ਨੂੰ ਗੱਡੀ ਦੀ ਟੱਕਰ ਮਾਰ ਦਿੱਤੀ, ਜਿਸ ਨਾਲ ਸੜਕ ਦੇ ਇੱਕ ਹਿੱਸੇ ਨੂੰ ਬੰਦ ਲੰਮਾ ਸਮਾਂ ਬੰਦ ਰਖਣਾ ਪਿਆ । ਇਹ ਹਾਦਸਾ ਬੁੱਧਵਾਰ ਸਵੇਰੇ 6:25 ਵਜੇ ਦੇ ਕਰੀਬ ਵਾਪਰਿਆ ਸੀ। ਪੁਲਿਸ ਦੇ ਅਨੁਸਾਰ, ਮੈਜਰ ਕਰਾਈਮ ਯੂਨਿਟ ਨੇ ਜਾਂਚ ਇਸ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਕਿਹਾ ਹੈ ਕਿ ਗੱਡੀ ਚਲਾਉਣ ਵਾਲਾ ਵਿਅਕਤੀ ਪੁਲਿਸ ਨਾਲ ਸਹਿਯੋਗ ਦੇ ਰਿਹਾ ਹੈ, ਪਰ ਇਸ ਵਕਤ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਟਕਰ ਦਾ ਕਾਰਨ ਕੀ ਸੀ। ਨਿਊ ਵੇਸਟਮਿਨਸਟਰ ਪੁਲਿਸ ਡੀਪਾਰਟਮੈਂਟ ਦੇ ਸੇਰਜੰਟ ਐਂਡਰੀਵ ਲੀਵਰ ਨੇ ਕਿਹਾ ਕਿ "ਸਵੇਰ ਦੇ ਸਮੇਂ ਵਿੱਚ ਰੌਸ਼ਨੀ ਅਤੇ ਹੋਰ ਪ੍ਰਦੂਸ਼ਣ ਨੂੰ ਧਿਆਨ ਵਿੱਚ ਰੱਖਦਿਆਂ, ਕਈ ਚੀਜ਼ਾਂ ਇਸ ਟਕਰ ਦਾ ਕਾਰਨ ਬਣ ਸਕਦੀਆਂ ਹਨ।" ਪੁਲਿਸ ਨੇ ਲੋਕਾਂ ਨੂੰ ਕਿਹਾ ਹੈ ਕਿ ਜੇ ਕਿਸੇ ਨੇ ਇਸ ਹਾਦਸੇ ਨੂੰ ਦੇਖਿਆ ਹੈ, ਤਾਂ ਉਹ ਨਿਊ ਵੇਸਟਮਿਨਸਟਰ ਪੁਲਿਸ ਡੀਪਾਰਟਮੈਂਟ ਨਾਲ 604-525-5411 'ਤੇ ਸੰਪਰਕ ਕਰ ਸਕਦੇ ਹਨ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ



ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861





Keep Smiling Denture Clinic
Keep Smiling Denture Clinic

Complete Denture · Implant Denture · Partial Denture
Care Home Mobile S… ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist

SEMCD CERTIFIED CLINICIAN LOWER SUCTION DENTURE

Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਹੁਣ ਉਹ ਕੈਨੇਡਾ ਨਹੀਂ ਰਿਹਾ...

> "ਦੂਜੇ ਦੇਸ਼ਾਂ ਤੋਂ ਆ ਕੇ ਇਸ ਦੇਸ਼ ਵਿੱਚ ਵਸੇ ਪਰਵਾਸੀ ਲੋਕ ਸ਼ਾਂਤਮਈ ਢੰਗ ਨਾਲ ਜ਼ਿੰਦਗੀ ਜਿਊਣ ਨੂੰ ਇਸ ਲਈ ਤਰਜੀਹ ਦਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਇਹ ਗੱਲ ਯਾਦ ਰਹਿੰਦੀ ਸੀ ਕਿ ਉਹ ਆਪਣਾ ਦੇਸ਼, ਪਰਿਵਾਰ ਅਤੇ ਘਰ ਵਾਰ ਛੱਡ ਕੇ ਇਸ ਮੁਲਕ ਵਿੱਚ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਆਏ ਹੋਏ ਹਨ। ਉਨ੍ਹਾਂ ਦੇ ਮਨਾਂ ਵਿੱਚ ਡਰ ਹੁੰਦਾ ਸੀ ਕਿ ਜੇਕਰ ਉਨ੍ਹਾਂ ਨੇ ਇਸ ਦੇਸ਼ ਦਾ ਕਾਨੂੰਨ ਤੋੜਿਆ ਤਾਂ ਸਰਕਾਰ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਨੂੰ ਇਸ ਮੁਲਕ ਵਿੱਚੋਂ ਕੱਢਿਆ ਜਾ ਸਕਦਾ ਹੈ। ਇਹੋ ਕਾਰਨ ਸੀ ਕਿ ਇਸ ਦੇਸ਼ ਵਿੱਚ ਲੋਕ ਬਿਨਾਂ ਕਿਸੇ ਡਰ ਤੋਂ ਬਹੁਤ ਹੀ ਆਰਾਮਦਾਇਕ ਅਤੇ ਅਮਨ ਦੀ ਜ਼ਿੰਦਗੀ ਬਸਰ ਕਰਦੇ ਸਨ, ਪਰ ਸੱਚ ਮੁੱਚ ਹੀ ਹੁਣ ਇਹ ਪਹਿਲਾਂ ਵਾਲਾ ਕੈਨੇਡਾ ਨਹੀਂ ਰਿਹਾ। ਹੁਣ ਇਥੇ ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਦਾ ਧੰਦਾ ਵਧਦਾ ਹੀ ਜਾ ਰਿਹਾ ਹੈ। ਉਚੇਰੀ ਸਿੱਖਿਆ ਪ੍ਰਾਪਤ ਕਰਨ ਆਏ ਮੁੰਡੇ-ਕੁੜੀਆਂ ਦਾ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਆਰਥਿਕ ਸ਼ੋਸ਼ਣ ਅਤੇ ਉਨ੍ਹਾਂ ਨਾਲ ਹੋਰ ਅਨਿਆਂ ਕਰਨ ਦੀਆਂ ਖ਼ਬਰਾਂ ਮੀਡੀਆ ਵਿੱਚ ਨਸ਼ਰ ਹੁੰਦੀਆਂ ਰਹਿੰਦੀਆਂ ਹਨ। ਵਿਦਿਆਰਥੀਆਂ ਵੱਲੋਂ ਹਰ ਰੋਜ਼ ਉਨ੍ਹਾਂ ਵਿਰੁੱਧ ਮੁਜ਼ਾਹਰੇ ਕੀਤੇ ਜਾਂਦੇ ਹਨ। ਇਸ ਮੁਲਕ ਦੇ ਬੈਂਕਾਂ ਤੋਂ, ਕਾਰਾਂ ਉੱਤੇ ਕੰਪਨੀਆਂ ਅਤੇ ਅਦਾਰਿਆਂ ਤੋਂ ਕਰਜ਼ ਲੈ ਕੇ ਬਹੁਤ ਸਾਰੇ ਪਰਵਾਸੀ ਲੋਕਾਂ ਦਾ ਆਪਣੇ ਮੁਲਕ ਨੂੰ ਭੱਜਣ ਬਾਰੇ ਕਾਫ਼ੀ ਸੁਣਨ ਨੂੰ ਮਿਲਦਾ ਰਹਿੰਦਾ ਹੈ।"

**ਲਿਖਤ : ਪ੍ਰਿੰਸੀਪਲ ਵਿਜੈ ਕੁਮਾਰ**




''ਹੁਣ ਪਹਿਲਾਂ ਵਾਲਾ ਕੈਨੇਡਾ ਨਹੀਂ ਰਿਹਾ, ਜਿਹੜਾ ਸਾਡੇ ਵੇਲੇ ਹੁੰਦਾ ਸੀ। ਹੁਣ ਤਾਂ ਦਿਲ ਕਰਦੈ ਕਿ ਇਸ ਨੂੰ ਛੱਡ ਕੇ ਆਪਣੇ ਦੇਸ਼ ਨੂੰ ਮੁੜ ਜਾਈਏ, ਪਰ ਹੁਣ ਤਾਂ ਹਾਲਾਤ ਨਾਲ ਸਮਝੌਤਾ ਕਰਕੇ ਇਸ ਮੁਲਕ ਵਿੱਚ ਜਿਊਣਾ ਪੈ ਰਿਹਾ ਹੈ। ਕਈ ਸਾਲਾਂ ਤੋਂ ਆਪਣਾ ਦੇਸ਼ ਛੱਡ ਕੇ ਇਸ ਮੁਲਕ ਵਿੱਚ ਵੱਸ ਗਏ ਹਾਂ। ਰੁਜ਼ਗਾਰ, ਵਪਾਰ ਅਤੇ ਬੱਚਿਆਂ ਦੀ ਇਸ ਦੇਸ਼ ਨੂੰ ਛੱਡ ਕੇ ਨਾ ਜਾਣ ਦੀ ਜ਼ਿੱਦ ਸਾਨੂੰ ਇੱਥੇ ਰਹਿਣ ਲਈ ਮਜਬੂਰ ਕਰ ਰਹੀ ਹੈ। ਹੁਣ ਇਸ ਮੁਲਕ ਦੇ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਾਲਾਤ ਨੂੰ ਵੇਖ ਕੇ ਇੱਥੇ ਰਹਿਣ ਨੂੰ ਜ਼ਰਾ ਦਿਲ ਨਹੀਂ ਕਰਦਾ।''

ਇਹ ਸ਼ਬਦ ਪਾਰਕਾਂ ਵਿੱਚ ਬੈਠੇ, ਘਰਾਂ ਵਿੱਚ ਵਸਦੇ ਅਤੇ ਜਨਤਕ ਥਾਵਾਂ 'ਤੇ ਵਿਚਰਦੇ ਉਨ੍ਹਾਂ ਲੋਕਾਂ ਦੇ ਹਨ, ਜਿਨ੍ਹਾਂ ਨੇ ਇਸ ਮੁਲਕ ਦਾ ਸੁਨਹਿਰੀ ਯੁੱਗ ਵੇਖਿਆ ਹੋਇਆ ਹੈ। ਜਦੋਂ ਇਸ ਦੇਸ਼ ਵਿੱਚ ਬੇਰੁਜ਼ਗਾਰੀ ਬਿਲਕੁਲ ਨਹੀਂ ਸੀ। ਲੋਕ ਕਾਨੂੰਨਾਂ ਦਾ ਪਾਲਣ ਕਰਦੇ ਸਨ ਅਤੇ ਉਨ੍ਹਾਂ ਤੋਂ ਡਰਦੇ ਸਨ। ਕਾਨੂੰਨਾਂ ਦਾ ਪਾਲਣ ਕਰਨ ਕਰਕੇ ਅਤੇ ਉਨ੍ਹਾਂ ਤੋਂ ਡਰਨ ਕਰਕੇ ਇੱਥੇ ਜੁਰਮ ਨਾ ਦੇ ਬਰਾਬਰ ਸਨ। ਚੋਰੀਆਂ, ਫਿਰੌਤੀਆਂ, ਡਾਕੇ ਡਕੈਤੀਆਂ, ਹੇਰਾਫੇਰੀਆਂ, ਧੋਖਾਧੜੀਆਂ, ਮਾਰ ਮਰਾਈ, ਨਸ਼ਿਆਂ ਦੀ ਵਰਤੋਂ, ਸਮਗਲਿੰਗ ਅਤੇ ਲੁੱਟਾਂ ਖੋਹਾਂ ਲਗਭਗ ਨਾ ਦੇ ਬਰਾਬਰ ਸਨ। ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਝਗੜਿਆਂ ਦੇ ਕੇਸ ਅਦਾਲਤਾਂ ਵਿੱਚ ਇੱਕਾ ਦੁੱਕਾ ਹੀ ਚੱਲਦੇ ਸਨ। ਧਰਮਾਂ ਦੇ ਨਾਂ 'ਤੇ ਝਗੜੇ ਅਤੇ ਮਾਰ ਮਰਾਈ ਨਹੀਂ ਹੁੰਦੇ ਸਨ। ਨੌਜਵਾਨ ਮੁੰਡੇ-ਕੁੜੀਆਂ ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗੀਤ ਲਗਾ ਕੇ ਤੇਜ਼ ਸਪੀਡ ਨਾਲ ਕਾਰਾਂ ਨਹੀਂ ਚਲਾਉਂਦੇ ਸਨ। ਨੌਜਵਾਨ ਮੁੰਡਿਆਂ-ਕੁੜੀਆਂ ਦੀਆਂ ਨਾ ਤਾਂ ਲੜਾਈਆਂ ਹੁੰਦੀਆਂ ਸਨ ਤੇ ਨਾ ਹੀ ਉਹ ਸ਼ਰਾਬ ਪੀ ਕੇ ਪਲਾਜ਼ਿਆਂ ਅੱਗੇ ਅਤੇ ਜਨਤਕ ਥਾਵਾਂ 'ਤੇ ਭੰਗੜੇ ਪਾਉਂਦੇ ਸਨ ਅਤੇ ਨਾ ਹੀ ਉਹ ਕਾਨੂੰਨ ਤੋੜ ਕੇ ਕੋਈ ਜੁਰਮ ਕਰਦੇ ਸਨ। ਲੋਕ ਸਾਫ਼ ਸਫ਼ਾਈ ਦਾ ਪੂਰਾ ਧਿਆਨ ਰੱਖਦੇ ਸਨ ਤੇ ਗੰਦਗੀ ਨਹੀਂ ਪਾਉਂਦੇ ਸਨ।

ਦੂਜੇ ਦੇਸ਼ਾਂ ਤੋਂ ਆ ਕੇ ਇਸ ਦੇਸ਼ ਵਿੱਚ ਵਸੇ ਪਰਵਾਸੀ ਲੋਕ ਸ਼ਾਂਤਮਈ ਢੰਗ ਨਾਲ ਜ਼ਿੰਦਗੀ ਜਿਊਣ ਨੂੰ ਇਸ ਲਈ ਤਰਜੀਹ ਦਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਇਹ ਗੱਲ ਯਾਦ ਰਹਿੰਦੀ ਸੀ ਕਿ ਉਹ ਆਪਣਾ ਦੇਸ਼, ਪਰਿਵਾਰ ਅਤੇ ਘਰ ਵਾਰ ਛੱਡ ਕੇ ਇਸ ਮੁਲਕ ਵਿੱਚ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਆਏ ਹੋਏ ਹਨ। ਉਨ੍ਹਾਂ ਦੇ ਮਨਾਂ ਵਿੱਚ ਡਰ ਹੁੰਦਾ ਸੀ ਕਿ ਜੇਕਰ ਉਨ੍ਹਾਂ ਨੇ ਇਸ ਦੇਸ਼ ਦਾ ਕਾਨੂੰਨ ਤੋੜਿਆ ਤਾਂ ਸਰਕਾਰ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਨੂੰ ਇਸ ਮੁਲਕ ਵਿੱਚੋਂ ਕੱਢਿਆ ਜਾ ਸਕਦਾ ਹੈ। ਇਹੋ ਕਾਰਨ ਸੀ ਕਿ ਇਸ ਦੇਸ਼ ਵਿੱਚ ਲੋਕ ਬਿਨਾਂ ਕਿਸੇ ਡਰ ਤੋਂ ਬਹੁਤ ਹੀ ਆਰਾਮਦਾਇਕ ਅਤੇ ਅਮਨ ਦੀ ਜ਼ਿੰਦਗੀ ਬਸਰ ਕਰਦੇ ਸਨ, ਪਰ ਸੱਚ ਮੁੱਚ ਹੀ ਹੁਣ ਇਹ ਪਹਿਲਾਂ ਵਾਲਾ ਕੈਨੇਡਾ ਨਹੀਂ ਰਿਹਾ।

ਇਸ ਦੇਸ਼ ਦੀ ਅਮਨ ਸ਼ਾਂਤੀ ਭੰਗ ਹੁੰਦੀ ਜਾ ਰਹੀ ਹੈ। ਲੋਕਾਂ ਦੀ ਜਾਨ ਮਾਲ ਨੂੰ ਖ਼ਤਰਾ ਪੈਦਾ ਹੁੰਦਾ ਜਾ ਰਿਹਾ ਹੈ। ਲੋਕ ਖੌਫ਼ ਦੇ ਸਾਏ ਵਿੱਚ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਰਹੇ ਹਨ। ਧਰਮਾਂ ਦੇ ਨਾਂ 'ਤੇ ਫਸਾਦ ਅਤੇ ਮਾਰ ਮਰਾਈ ਦਾ ਦੌਰ ਚੱਲ ਰਿਹਾ ਹੈ। ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਪੁਲੀਸ ਦਾ ਕੋਈ ਡਰ ਭੈਅ ਨਹੀਂ ਰਿਹਾ। ਵੱਡੇ ਕਾਰੋਬਾਰੀਆਂ, ਧਨਾਢਾਂ, ਕਾਰਖਾਨੇਦਾਰਾਂ ਅਤੇ ਹੋਰ ਲੋਕਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਕੇ ਉਨ੍ਹਾਂ ਤੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਕਾਰਾਂ ਦੀ ਚੋਰੀ ਸ਼ਰ੍ਹੇਆਮ ਹੋਣਾ ਆਮ ਜਿਹੀ ਗੱਲ ਹੋ ਚੁੱਕੀ ਹੈ। ਘਰਾਂ ਵਿੱਚ ਵੜ ਕੇ ਲੋਕਾਂ ਨੂੰ ਗੋਲੀਆਂ ਮਾਰਨ ਅਤੇ ਚੋਰੀਆਂ ਕਰਨ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਪਲਾਜ਼ਿਆਂ ਅਤੇ ਹੋਰ ਵਪਾਰਕ ਥਾਵਾਂ 'ਤੇ ਲੁੱਟਾਂ ਖੋਹਾਂ ਅਤੇ ਚੋਰੀਆਂ ਹੋਣਾ ਆਮ ਜਿਹੀ ਗੱਲ ਹੁੰਦੀ ਜਾ ਰਹੀ ਹੈ। ਬੀਮੇ ਦੀ ਯੋਜਨਾ ਅਧੀਨ ਹੇਰਾਫੇਰੀ, ਟੈਕਸ ਦੀ ਚੋਰੀ ਅਤੇ ਹੋਰ ਧੋਖਾਧੜੀਆਂ ਜ਼ਿਆਦਾਤਰ ਲੋਕਾਂ ਦਾ ਧੰਦਾ ਬਣਦਾ ਜਾ ਰਿਹਾ ਹੈ। ਮਕਾਨ ਮਾਲਕਾਂ ਅਤੇ ਕਿਰਾਏਦਾਰਾਂ, ਲੁਟੇਰਿਆਂ, ਫ਼ਿਰੌਤੀਆਂ, ਮਾਰ ਮਰਾਈ ਅਤੇ ਧੋਖਾਧੜੀਆਂ ਦੇ ਮੁਕੱਦਮੇ ਅਦਾਲਤਾਂ ਵਿੱਚ ਵਧਦੇ ਜਾ ਰਹੇ ਹਨ। ਕ੍ਰੈਡਿਟ ਕਾਰਡ ਚੋਰੀ ਕਰਨ ਵਾਲੇ ਅਤੇ ਜੇਬ ਕਤਰਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਲੋਕਾਂ ਦਾ ਸਾਫ਼ ਸਫ਼ਾਈ ਰੱਖਣ ਵੱਲ ਧਿਆਨ ਘਟਦਾ ਜਾ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਦਾ ਧੰਦਾ ਵਧਦਾ ਹੀ ਜਾ ਰਿਹਾ ਹੈ। ਉਚੇਰੀ ਸਿੱਖਿਆ ਪ੍ਰਾਪਤ ਕਰਨ ਆਏ ਮੁੰਡੇ-ਕੁੜੀਆਂ ਦਾ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਆਰਥਿਕ ਸ਼ੋਸ਼ਣ ਅਤੇ ਉਨ੍ਹਾਂ ਨਾਲ ਹੋਰ ਅਨਿਆਂ ਕਰਨ ਦੀਆਂ ਖ਼ਬਰਾਂ ਮੀਡੀਆ ਵਿੱਚ ਨਸ਼ਰ ਹੁੰਦੀਆਂ ਰਹਿੰਦੀਆਂ ਹਨ। ਵਿਦਿਆਰਥੀਆਂ ਵੱਲੋਂ ਹਰ ਰੋਜ਼ ਉਨ੍ਹਾਂ ਵਿਰੁੱਧ ਮੁਜ਼ਾਹਰੇ ਕੀਤੇ ਜਾਂਦੇ ਹਨ। ਇਸ ਮੁਲਕ ਦੇ ਬੈਂਕਾਂ ਤੋਂ, ਕਾਰਾਂ ਉੱਤੇ ਕੰਪਨੀਆਂ ਅਤੇ ਅਦਾਰਿਆਂ ਤੋਂ ਕਰਜ਼ ਲੈ ਕੇ ਬਹੁਤ ਸਾਰੇ ਪਰਵਾਸੀ ਲੋਕਾਂ ਦਾ ਆਪਣੇ ਮੁਲਕ ਨੂੰ ਭੱਜਣ ਬਾਰੇ ਕਾਫ਼ੀ ਸੁਣਨ ਨੂੰ ਮਿਲਦਾ ਰਹਿੰਦਾ ਹੈ।

ਕਈ ਹੋਟਲਾਂ ਦੇ ਮਾਲਕ, ਕਾਰਖਾਨੇਦਾਰ ਅਤੇ ਕਾਰੋਬਾਰੀ ਉਨ੍ਹਾਂ ਕੋਲ ਨੌਕਰੀ ਕਰ ਰਹੇ ਮੁੰਡੇ-ਕੁੜੀਆਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ। ਇੱਥੇ ਦਿਨ ਪ੍ਰਤੀ ਦਿਨ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ। ਵਿਗੜਦੇ ਜਾ ਰਹੇ ਹਾਲਾਤ, ਅਮਨ ਸ਼ਾਂਤੀ ਨੂੰ ਖ਼ਤਰਾ ਪੈਦਾ ਹੋਣ, ਬੇਰੁਜ਼ਗਾਰੀ ਵਧਣ, ਆਰਥਿਕ ਮੰਦਹਾਲੀ ਦੇ ਹਾਲਾਤ ਪੈਦਾ ਹੋਣ ਕਾਰਨ ਅਤੇ ਇੱਥੋਂ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਇੱਥੋਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਸਾਖ ਪੇਤਲੀ ਹੁੰਦੀ ਜਾ ਰਹੀ ਹੈ। ਕਾਰਖਾਨੇਦਾਰ, ਕਾਰੋਬਾਰੀ ਅਤੇ ਹੋਰ ਵਪਾਰੀ ਇਸ ਦੇਸ਼ ਨੂੰ ਛੱਡ ਕੇ ਹੋਰ ਮੁਲਕਾਂ ਵਿੱਚ ਜਾਣ ਲੱਗ ਪਏ ਹਨ। ਨਵੇਂ ਲੋਕ ਆਉਣ ਤੋਂ ਗੁਰੇਜ਼ ਕਰ ਰਹੇ ਹਨ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਅਤੇ ਮੁੰਡੇ-ਕੁੜੀਆਂ ਦਾ ਆਉਣਾ ਵੀ ਘਟਦਾ ਜਾ ਰਿਹਾ ਹੈ।


ਹੁਣ ਸਵਾਲ ਇਹ ਹੈ ਕਿ ਅੱਜ ਦੇ ਕੈਨੇਡਾ ਦੇ ਇਹੋ ਜਿਹੇ ਹਾਲਾਤ ਬਣਨ ਦੇ ਕਾਰਨ ਕੀ ਹਨ? ਸਭ ਤੋਂ ਪਹਿਲਾ ਕਾਰਨ ਇੱਥੋਂ ਦੇ ਕਮਜ਼ੋਰ ਕਾਨੂੰਨ ਹਨ। ਦੂਜਾ ਕਾਰਨ ਪੁਲੀਸ ਦੀ ਘਾਟ ਹੈ। ਤੀਜਾ ਕਾਰਨ ਇੱਥੋਂ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਅੰਨ੍ਹੇਵਾਹ ਦੂਜੇ ਮੁਲਕਾਂ ਤੋਂ ਲੋਕਾਂ ਨੂੰ ਆਪਣੇ ਮੁਲਕ ਵਿੱਚ ਬੁਲਾਉਣਾ ਹੈ। ਚੌਥਾ ਕਾਰਨ ਇੱਥੋਂ ਦੀਆਂ ਸਰਕਾਰਾਂ ਦੀਆਂ ਆਰਥਿਕ ਅਤੇ ਸਿਆਸੀ ਨੀਤੀਆਂ ਹਨ। ਕੈਨੇਡਾ ਦੀਆਂ ਸਰਕਾਰਾਂ ਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਮੁਲਕ ਦੀ ਆਰਥਿਕਤਾ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਲੋਕਾਂ ਉੱਤੇ ਹੀ ਨਿਰਭਰ ਕਰਦੀ ਹੈ। ਜੇਕਰ ਉਨ੍ਹਾਂ ਨੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਕਾਨੂੰਨਾਂ ਨੂੰ ਸਖ਼ਤ ਨਾ ਕੀਤਾ, ਦੋਸ਼ੀਆਂ ਨੂੰ ਆਪਣੇ ਮੁਲਕ ਵਿੱਚੋਂ ਬਾਹਰ ਕੱਢਣ ਅਤੇ ਸਖ਼ਤ ਸਜ਼ਾਵਾਂ ਦੀ ਵਿਵਸਥਾ ਨਾ ਕੀਤੀ, ਆਪਣੀਆਂ ਆਰਥਿਕ ਅਤੇ ਸਿਆਸੀ ਨੀਤੀਆਂ ਨੂੰ ਨਾ ਬਦਲਿਆ ਤਾਂ ਭਵਿੱਖ ਵਿੱਚ ਇਸ ਦੇਸ਼ ਦੇ ਹਾਲਾਤ ਹੋਰ ਬਦਤਰ ਹੋਣਗੇ ਅਤੇ ਪਰਵਾਸੀ ਇਸ ਮੁਲਕ ਵਿੱਚ ਆਉਣਾ ਪਸੰਦ ਨਹੀਂ ਕਰਨਗੇ।

ਈਮੇਲ: vijaykumarbehki@gmail.com

# ਅਮਰੀਕਾ 'ਚ ਡੇਲਾਈਟ ਸੇਵਿੰਗ ਟਾਈਮ ਨੂੰ ਖਤਮ ਕਰਨ ਲਈ ਟਰੰਪ ਦਾ ਪ੍ਰਸਤਾਵ

ਵਾਸ਼ਿੰਗਟਨ: ਅਮਰੀਕਾ ਵਿੱਚ ਹਰ ਸਾਲ ਦੋ ਵਾਰ ਸਮੇਂ ਦੀ ਤਬਦੀਲੀ ਕਰਨ ਦੀ ਪ੍ਰਥਾ ਪ੍ਰਚਲਿਤ ਹੈ, ਜਿਸ ਅਨੁਸਾਰ ਮਾਰਚ ਤੋਂ ਨਵੰਬਰ ਤੱਕ ਘੜੀਆਂ ਇੱਕ ਘੰਟਾ ਅੱਗੇ ਅਤੇ ਨਵੰਬਰ ਤੋਂ ਮਾਰਚ ਤੱਕ ਇੱਕ ਘੰਟਾ ਪਿੱਛੇ ਕੀਤੀਆਂ ਜਾਂਦੀਆਂ ਹਨ। ਇਸ ਪ੍ਰਥਾ ਨੂੰ ਡੇਲਾਈਟ ਸੇਵਿੰਗ ਟਾਈਮ (ਡੀਐਸਟੀ) ਕਿਹਾ ਜਾਂਦਾ ਹੈ। ਇਹ ਅਭਿਆਸ ਪਹਿਲੀ ਵਿਸ਼ਵ ਯੁੱਧ ਦੌਰਾਨ ਬਿਜਲੀ ਬਚਤ ਕਰਨ ਲਈ ਸ਼ੁਰੂ ਹੋਇਆ ਸੀ ਅਤੇ ਬਾਅਦ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਮੁੜ ਬਹਾਲ ਕੀਤਾ ਗਿਆ। ਹਾਲਾਂਕਿ, ਹੁਣ ਇਸ ਪ੍ਰਥਾ ਨੂੰ ਲੈ ਕੇ ਅਮਰੀਕਾ ਵਿੱਚ ਵੱਡੀ ਚਰਚਾ ਜਾਰੀ ਹੈ।

ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਡੇਲਾਈਟ ਸੇਵਿੰਗ ਟਾਈਮ ਨੂੰ ਖਤਮ ਕਰਨ ਲਈ ਆਪਣੇ ਯਤਨਾਂ ਨੂੰ ਪ੍ਰਾਥਮਿਕਤਾ ਦੇਣਗੇ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ "ਟਰੂਥ ਸੋਸ਼ਲ" 'ਤੇ ਇੱਕ ਪੋਸਟ ਵਿੱਚ ਕਿਹਾ, "ਅਮਰੀਕਾ ਲਈ ਇਹ ਅਭਿਆਸ ਅਸੁਵਿਧਾਜਨਕ ਹੈ ਅਤੇ ਇਸ ਨੂੰ ਖਤਮ ਕਰਨਾ ਆਵਸ਼ਕ ਹੈ। ਰਿਪਬਲਿਕਨ ਪਾਰਟੀ ਇਸ ਦੇ ਲਈ ਆਪਣੀਆਂ ਪੂਰੀਆਂ ਕੋਸ਼ਿਸ਼ਾਂ ਕਰੇਗੀ।" ਉਨ੍ਹਾਂ ਕਿਹਾ ਕਿ ਘੜੀ ਦੀਆਂ ਤਬਦੀਲੀਆਂ ਨੂੰ ਸਮਾਪਤ ਕਰਨਾ ਰਿਪਬਲਿਕਨ ਪਾਰਟੀ ਦਾ ਮੁੱਖ ਲਕਸ਼ ਹੋਵੇਗਾ। ਡੇਲਾਈਟ ਸੇਵਿੰਗ ਟਾਈਮ ਪਹਿਲੀ ਵਾਰ ਪਹਿਲੀ ਵਿਸ਼ਵ ਯੁੱਧ ਦੌਰਾਨ ਅਮਰੀਕਾ ਵਿੱਚ ਲਾਗੂ ਕੀਤੀ ਗਈ ਸੀ। ਇਸ ਦਾ ਉਦੇਸ਼ ਬਿਜਲੀ ਬਚਤ ਕਰਨਾ ਅਤੇ ਵਾਰ ਟਾਈਮ ਦੌਰਾਨ ਜ਼ਰੂਰੀ ਸਰਗਰਮੀਆਂ ਲਈ ਵੱਧ ਰੋਸ਼ਨੀ ਪ੍ਰਾਪਤ ਕਰਨੀ ਸੀ। ਹਾਲਾਂਕਿ, ਇਸ ਨੂੰ ਕੁਝ ਸਮੇਂ ਬਾਅਦ ਰੱਦ ਕਰ ਦਿੱਤਾ ਗਿਆ, ਪਰ ਦੂਜੇ ਵਿਸ਼ਵ ਯੁੱਧ ਦੌਰਾਨ ਇਸ ਨੂੰ ਫਿਰ ਬਹਾਲ ਕੀਤਾ ਗਿਆ। ਮੌਜੂਦਾ ਸਮੇਂ ਵਿੱਚ ਅਮਰੀਕਾ ਵਿੱਚ ਡੇਲਾਈਟ ਸੇਵਿੰਗ ਟਾਈਮ ਮਾਰਚ ਤੋਂ ਨਵੰਬਰ ਤੱਕ ਲਾਗੂ ਰਹਿੰਦੀ ਹੈ, ਜਿਸ ਦੌਰਾਨ ਘੜੀਆਂ ਇੱਕ ਘੰਟਾ ਅੱਗੇ ਕਰ ਦਿੱਤੀਆਂ ਜਾਂਦੀਆਂ ਹਨ। ਨਵੰਬਰ ਤੋਂ ਮਾਰਚ ਤੱਕ ਸਟੈਂਡਰਡ ਟਾਈਮ ਦਾ ਪਾਲਣ ਹੁੰਦਾ ਹੈ। ਟਰੰਪ ਦੇ ਅਨੁਸਾਰ,



ਡੇਲਾਈਟ ਸੇਵਿੰਗ ਟਾਈਮ ਦੀ ਲਗਾਤਾਰ ਤਬਦੀਲੀ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਅਸੁਵਿਧਾਵਾਂ ਪੈਦਾ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਅਭਿਆਸ ਲੋਕਾਂ ਦੇ ਦਿਨਚਰਿਆਂ, ਕਾਰੋਬਾਰ, ਅਤੇ ਸਿਹਤ ਉੱਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਟਰੰਪ ਮੰਨਦੇ ਹਨ ਕਿ ਇਹ ਸਿਧਾ-ਸਾਫ਼ ਰੀਤੀਆਂ ਦੀ ਉਲੰਘਣਾ ਕਰਦਾ ਹੈ ਅਤੇ ਇਿਹਨਾਂ ਤਬਦੀਲੀਆਂ ਨੂੰ ਹਮੇਸ਼ਾ ਲਈ ਖਤਮ ਕਰਨਾ ਜ਼ਰੂਰੀ ਹੈ। ਉਨ੍ਹਾਂ ਦੇ ਅਨੁਸਾਰ, ਡੇਲਾਈਟ ਸੇਵਿੰਗ ਟਾਈਮ ਦੇ ਬਿਨਾ ਲੋਕ ਵਧੇਰੇ ਸੁਗਮ ਅਤੇ ਸਥਿਰ ਜੀਵਨ ਬਿਤਾ ਸਕਣਗੇ। ਅਮਰੀਕਾ ਵਿੱਚ ਡੇਲਾਈਟ ਸੇਵਿੰਗ ਟਾਈਮ ਬਾਰੇ ਵੱਖ-ਵੱਖ ਵਿਚਾਰ ਹਨ। ਕੁਝ ਲੋਕ ਮੰਨਦੇ ਹਨ ਕਿ ਇਹ ਅਭਿਆਸ ਬਿਜਲੀ ਦੀ ਖਪਤ ਘਟਾਉਣ ਵਿੱਚ ਮਦਦਗਾਰ ਹੈ ਅਤੇ ਲੋਕਾਂ ਨੂੰ ਵੱਧ ਸਮੇਂ ਬਾਹਰ ਦੀ ਸਰਗਰਮੀਆਂ ਲਈ ਉਤਸ਼ਾਹਿਤ ਕਰਦਾ ਹੈ। ਦੂਜੇ ਪਾਸੇ, ਕਈ ਰਿਪੋਰਟਾਂ ਅਨੁਸਾਰ, ਘੜੀਆਂ ਦੀ ਤਬਦੀਲੀ ਨੇ ਲੋਕਾਂ ਦੀ ਸਿਹਤ 'ਤੇ ਗੰਭੀਰ ਪ੍ਰਭਾਵ ਪਾਇਆ ਹੈ, ਜਿਸ ਕਰਕੇ ਦਿਲ ਦੇ ਰੋਗ ਅਤੇ ਨੀਂਦ ਦੇ ਮਸਲੇ ਵਧੇ ਹਨ। ਬਹੁਤ ਸਾਰੇ ਕਾਰੋਬਾਰਾਂ ਲਈ ਵੀ ਇਹ ਤਬਦੀਲੀ ਚੁਣੌਤੀ ਪੇਸ਼ ਕਰਦੀ ਹੈ।

ਜੇਕਰ ਟਰੰਪ ਦਾ ਇਹ ਪ੍ਰਸਤਾਵ ਲਾਗੂ ਹੁੰਦਾ ਹੈ, ਤਾਂ ਅਮਰੀਕਾ ਇੱਕ ਸਦੀ ਤੋਂ ਵੱਧ ਸਮੇਂ ਤੋਂ ਚੱਲ ਰਹੇ ਇਸ ਅਭਿਆਸ ਨੂੰ ਅਲਵਿਦਾ ਕਹੇਗਾ। ਇਹ ਤਬਦੀਲੀ ਅਮਰੀਕਾ ਦੇ ਲੋਕਾਂ ਦੀ ਦਿਨਚਰੀ ਵਿੱਚ ਵੱਡਾ ਬਦਲਾਅ ਲਿਆ ਸਕਦੀ ਹੈ। ਟਰੰਪ ਦੀ ਰਿਪਬਲਿਕਨ ਪਾਰਟੀ ਨੇ ਇਸ ਮਸਲੇ 'ਤੇ ਲੋਕਾਂ ਦੀ ਰਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਨੂੰਨੀ ਕਾਰਵਾਈ ਦੀ ਸ਼ੁਰੂਆਤ ਕਰਨ ਦੀ ਯੋਜਨਾ ਬਣਾਈ ਹੈ। ਹਾਲਾਂਕਿ, ਡੇਲਾਈਟ ਸੇਵਿੰਗ ਟਾਈਮ ਦੇ ਹਮੇਸ਼ਾ ਲਈ ਸਮਾਪਤੀ ਬਾਰੇ ਅਮਰੀਕਾ ਵਿੱਚ ਚਰਚਾ ਜਾਰੀ ਰਹੇਗੀ। ਇਹ ਦੇਖਣਾ ਰੁਚਿਕਰ ਹੋਵੇਗਾ ਕਿ ਰਿਪਬਲਿਕਨ ਪਾਰਟੀ ਇਸ ਮਾਮਲੇ 'ਤੇ ਕਿੰਨੀ ਅਗਰਸਰ ਰਹੇਗੀ ਅਤੇ ਕੀ ਇਹ ਤਬਦੀਲੀ ਅਮਰੀਕਾ ਦੇ ਲੋਕਾਂ ਲਈ ਵਾਕਈ ਸੁਗਮ ਸਾਬਿਤ ਹੋਵੇਗੀ।

# ਬਾਇਡਨ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਨਿਯਮਾਂ ਵਿੱਚ ਥੋੜੀ ਢਿੱਲ

ਵਾਸ਼ਿੰਗਟਨ - ਰਾਸ਼ਟਰਪਤੀ ਜੋ ਬਾਇਡਨ ਦੀ ਅਗਵਾਈ ਹੇਠਲੇ ਅਮਰੀਕੀ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਦੇ ਨਿਯਮਾਂ ਵਿੱਚ ਮਹੱਤਵਪੂਰਨ ਢਿੱਲ ਦਿੱਤੀ ਹੈ, ਜਿਸ ਨਾਲ ਅਮਰੀਕੀ ਕੰਪਨੀਆਂ ਲਈ ਵਿਸ਼ੇਸ਼ ਹੁਨਰ ਵਾਲੇ ਵਿਦੇਸ਼ੀ ਮਾਹਿਰਾਂ ਦੀ ਭਰਤੀ ਕਰਨਾ ਹੋਰ ਵੀ ਆਸਾਨ ਹੋ ਜਾਵੇਗਾ। ਇਸ ਨਵੇਂ ਫ਼ੈਸਲੇ ਦਾ ਮੰਤਵ ਉੱਚ ਅਹੁਦਿਆਂ ਅਤੇ ਖੋਜ ਸੰਗਠਨਾਂ ਲਈ ਨਿਯਮਾਂ ਨੂੰ ਆਧੁਨਿਕ ਬਨਾਉਣ ਨਾਲ ਨਿਯੁਕਤੀਆਂ ਵਿੱਚ ਲਚਕੀਲਾਪਣ ਲਿਆਂਦੇ ਹੋਏ ਅਮਰੀਕੀ ਸਰਕਾਰ ਦੀ ਆਲਮੀ ਪ੍ਰਤੀਸਪਰਧਾ ਨੂੰ ਮਜ਼ਬੂਤ ਕਰਨਾ ਹੈ।

ਨਵੇਂ ਨਿਯਮਾਂ ਦੇ ਤਹਿਤ, ਵਿਦੇਸ਼ੀ ਵਿਦਿਆਰਥੀ, ਜੋ ਅਮਰੀਕਾ ਵਿੱਚ ਐੱਫ-1 ਸਟੂਡੈਂਟ ਵੀਜ਼ੇ 'ਤੇ ਹਨ, ਹੁਣ ਆਪਣਾ ਵੀਜ਼ਾ ਬਿਨਾਂ ਵੱਧ ਪ੍ਰਤੀਬੰਧਾਂ ਦੇ ਐੱਚ-1ਬੀ ਵਿਸ਼ੇਸ਼ ਮਾਹਰ ਵੀਜ਼ੇ ਵਿੱਚ ਤਬਦੀਲ ਕਰ ਸਕਣਗੇ। ਇਹ ਤਬਦੀਲੀ ਖਾਸ ਕਰਕੇ ਭਾਰਤੀ ਤਕਨਾਲੋਜੀ ਮਾਹਿਰਾਂ ਲਈ ਇੱਕ ਵੱਡੀ ਰਾਹਤ ਹੈ, ਕਿਉਂਕਿ ਹਜ਼ਾਰਾਂ ਵਿਦਿਆਰਥੀ ਹਰ ਸਾਲ ਉੱਚ ਤਕਨੀਕੀ ਅਤੇ ਵਿਗਿਆਨਕ ਖੇਤਰਾਂ ਵਿੱਚ ਅਮਰੀਕੀ ਸਿੱਖਿਆ ਪ੍ਰਾਪਤ ਕਰਨ ਲਈ ਜਾ ਰਹੇ ਹਨ।

ਹੁਨਰਮੰਦ ਵਰਕਰਾਂ ਨੂੰ ਨਿਯੁਕਤ ਕਰਨ ਦੇ ਸੰਕਲਪ ਨੂੰ ਅੱਗੇ ਵਧਾਉਂਦਿਆਂ, ਹੋਮਲੈਂਡ ਸੁਰੱਖਿਆ ਵਿਭਾਗ (ਡੀਐੱਚਐੱਸ) ਨੇ ਇਨ ਨਵੇਂ ਨਿਯਮਾਂ ਦੀ ਘੋਸ਼ਣਾ ਕੀਤੀ। ਇਸ ਵਿੱਚ ਸਿਰਫ਼ ਮਾਲਕਾਂ ਨੂੰ ਹੀ ਨਹੀਂ, ਸਗੋਂ ਕਰਮਚਾਰੀਆਂ ਨੂੰ ਵੀ ਸਹੂਲਤਾਂ ਦਿਵਾਈਆਂ ਗਈਆਂ ਹਨ। ਸਰਕਾਰੀ ਬਿਆਨ ਅਨੁਸਾਰ, "ਇਸ ਢਾਂਚੇ ਨਾਲ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਮਾਹਿਰਾਂ ਦੀ ਭਰਤੀ ਲਈ ਵਿਸ਼ਵ ਬਾਜ਼ਾਰ ਵਿੱਚ ਮੁਕਾਬਲੇਬਾਜ਼ ਬਣਾਇਆ ਜਾ ਰਿਹਾ ਹੈ।"

ਨਿਯਮਾਂ ਦੀ ਇਹ ਤਬਦੀਲੀ ਖਾਸ ਤੌਰ 'ਤੇ ਤਕਨਾਲੋਜੀ, ਸਾਈਨਸ, ਅਤੇ ਇੰਜੀਨੀਅਰਿੰਗ ਵਿੱਚ ਭਾਰਤੀ ਮਾਹਿਰਾਂ ਲਈ ਇੱਕ ਵੱਡੀ ਮੌਕੇ ਦੀ ਭਾਵਨਾ ਦੇ ਕੇ ਆਈ ਹੈ। ਭਾਰਤ ਦੇ ਆਕਾਂਛੀ ਜਵਾਨ, ਜੋ ਪੜ੍ਹਾਈ ਤੋਂ ਬਾਅਦ ਵਿਦੇਸ਼ੀ ਮਾਰਕੀਟ ਵਿੱਚ ਆਪਣਾ ਭਵਿੱਖ ਖੋਜਦੇ ਹਨ, ਇਸ ਤਬਦੀਲੀ ਨੂੰ ਇੱਕ ਨਵੀਂ ਦਿਸ਼ਾ ਵਜੋਂ ਦੇਖ ਰਹੇ ਹਨ।

ਇਸ ਬਦਲਾਅ ਨਾਲ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਮਾਹਿਰਾਂ ਨੂੰ ਸਿੱਧੇ ਤੌਰ 'ਤੇ ਭਰਤੀ ਕਰਨ ਵਿੱਚ ਸਹੂਲਤ ਮਿਲੇਗੀ। ਖਾਸ ਕਰਕੇ, ਅਮਰੀਕੀ ਖੋਜ ਸੰਗਠਨ ਅਤੇ ਗੈਰ-ਮੁਨਾਫ਼ਾ ਸੰਗਠਨ ਇਸ ਨਵੀਂ ਨੀਤੀ ਦਾ ਲਾਭ ਲੈਣਗੇ।

ਬਾਇਡਨ ਪ੍ਰਸ਼ਾਸਨ ਦੀ ਇਹ ਨੀਤੀ ਅਮਰੀਕੀ ਆਰਥਿਕਤਾ ਵਿੱਚ ਵਿਦੇਸ਼ੀ ਮਾਹਿਰਾਂ ਦੇ ਯੋਗਦਾਨ ਨੂੰ ਸਵੀਕਾਰ ਕਰਦੀ ਹੈ ਅਤੇ ਅਮਰੀਕੀ ਬਾਜ਼ਾਰ ਦੀ ਚੋਟੀ ਦੀ ਪੋਜ਼ੀਸ਼ਨ ਬਣਾਈ ਰੱਖਣ ਲਈ ਦੂਰਗਾਮੀ ਸਥਾਪਤ ਕਰਨ ਦੀ ਕੋਸ਼ਿਸ਼ ਹੈ। ਇਹ ਨਿਯਮ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਮਾਹਿਰਾਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦਾ ਹੈ।

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB SINCE 1997

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8



# ਹਵਾ ਪ੍ਰਦੂਸ਼ਣ ਦਾ ਮਸਲਾ ਅਤੇ ਸਰਕਾਰਾਂ

ਲਿਖਤ : ਅੰਗਰੇਜ ਸਿੰਘ ਭਦੌੜ
ਸੰਪਰਕ: 95017-54051

> *ਪਰਾਲੀ ਸਾੜਨ ਨਾਲ ਸਾਰੇ ਦੇਸ਼ ਵਿੱਚ ਸਿਰਫ 17.8 ਕਿਲੋ ਟਨ ਸਲਫਰ ਡਾਈਆਕਸਾਈਡ ਸਾਲਾਨਾ ਪੈਦਾ ਹੁੰਦੀ ਹੈ; ਥਰਮਲ ਪਲਾਂਟ ਇਸ ਤੋਂ 240 ਗੁਣਾ ਵੱਧ ਸਲਫਰ ਡਾਈਆਕਸਾਈਡ ਛੱਡਦੇ ਹਨ। ਸਲਫਰ ਡਾਈਆਕਸਾਈਡ ਕਾਰਨ ਹਵਾ ਵਿੱਚ ਪੀਐੱਮ 2.5 ( ਧੁੰਦ ਤੇ ਸੁਆਹ ਦੇ ਮੇਲ ਤੋਂ ਬਣਿਆ ਪਦਾਰਥ) ਦੀ ਮਾਤਰਾ ਬਹੁਤ ਵਧ ਜਾਂਦੀ ਹੈ। ਇਸ ਨਾਲ ਸਾਹ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ, ਤੇਜ਼ਾਬੀ ਵਰਖਾ ਹੁੰਦੀ ਹੈ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ। ਇਸ ਗੈਸ ਨੂੰ ਕੰਟਰੋਲ ਕਰਨ ਦੀ ਵਿਧੀ ਨੂੰ ਫਲਿਊ ਗੈਸ ਡੀਸਲਫਰੀਜੇਸ਼ਨ ਤਕਨੀਕ ਕਿਹਾ ਜਾਂਦਾ ਹੈ। ਇਸ ਤਕਨੀਕ ਨਾਲ ਸਲਫਰ ਡਾਈਆਕਸਾਈਡ ਨੂੰ 64% ਘਟਾਇਆ ਜਾ ਸਕਦਾ ਹੈ ਪਰ ਇੰਨੇ ਖਤਰਿਆਂ ਦੇ ਬਾਵਜੂਦ, ਕੇਂਦਰ ਦੀ ਰੈਗੂਲੇਟਰੀ ਅਥਾਰਟੀ ਅਤੇ ਰਾਜ ਪ੍ਰਬੰਧ ਦੇ ਹੋਰ ਅੰਗਾਂ ਵੱਲੋਂ ਥਰਮਲ ਪਲਾਂਟਾਂ ਨੂੰ ਸਲਫਰ ਗੈਸ ਕੰਟਰੋਲ ਕਰਨ ਲਈ ਲਗਾਏ ਜਾਣ ਵਾਲੇ ਯੰਤਰ ਲਾਉਣ ਤੋਂ ਲਗਾਤਾਰ ਛੋਟ ਦਿੱਤੀ ਜਾ ਰਹੀ ਹੈ।*

ਕਈ ਸਾਲਾਂ ਤੋਂ ਨਵੰਬਰ ਮਹੀਨੇ ਦੌਰਾਨ ਧੁੰਦ ਅਤੇ ਧੂੰਏਂ ਦਾ ਮਿਸ਼ਰਨ ਵਾਤਾਵਰਨ ਲਈ ਗੰਭੀਰ ਸੰਕਟ ਪੈਦਾ ਕਰ ਰਿਹਾ ਹੈ। ਇਸ ਬਾਰੇ ਸਰਕਾਰ, ਅਦਾਲਤਾਂ ਤੇ ਮੀਡੀਆ, ਲੱਗਭਗ ਸਾਰੇ ਹੀ ਇਸ ਦਾ ਦੋਸ਼ ਕਿਸਾਨਾਂ ਸਿਰ ਮੜ੍ਹ ਰਹੇ ਹਨ। ਉਹ ਕਹਿੰਦੇ ਹਨ ਕਿ ਇਹ ਸੰਕਟ ਕਿਸਾਨਾਂ ਵੱਲੋਂ ਪਰਾਲੀ ਸਾੜਨ ਕਾਰਨ ਹੈ। ਪੰਜਾਬ ਸਰਕਾਰ ਤਾਂ ਟੀਵੀ 'ਤੇ ਕਾਫੀ ਲੰਮੇ ਸਮੇਂ ਦਾ ਇਸ਼ਤਿਹਾਰ ਵੀ ਦੇ ਰਹੀ ਜਿਸ ਵਿੱਚ ਕਿਹਾ ਜਾ ਰਿਹਾ ਹੈ- 'ਜੇ ਸਾੜੋਂਗੇ ਪਰਾਲੀ, ਆਵੇਗੀ ਰਾਤ ਕਾਲੀ'। ਦੂਜੇ ਪਾਸੇ ਕਿਸਾਨ ਦੁਹਾਈ ਦੇ ਰਹੇ ਹਨ ਕਿ ਕਣਕ ਦੀ ਬਿਜਾਈ ਲੇਟ ਹੋ ਰਹੀ ਹੈ, ਪਰਾਲੀ ਦਾ ਕੋਈ ਹੱਲ ਕਰੋ। ਕੀ ਇਹ ਸਾਰਾ ਕੁਝ ਪਰਾਲੀ ਸਾੜਨ ਕਰ ਕੇ ਹੈ? ਪ੍ਰਦੂਸ਼ਣ ਦੇ ਭਾਵੇਂ ਹੋਰ ਵੀ ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਵਿੱਚੋਂ ਵੱਡਾ ਕਾਰਨ ਵਾਹਨਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਅਤੇ ਇਹਨਾਂ ਵੱਲੋਂ ਛੱਡਿਆ ਜਾ ਰਿਹਾ ਧੂੰਆਂ ਹੈ। ਇਸ ਤੋਂ ਇਲਾਵਾ ਡੀਜ਼ਲ ਜੈਨਰੇਟਰ, ਕਾਰਖਾਨਿਆਂ ਦਾ ਧੂੰਆਂ ਅਤੇ ਉਸਾਰੀ ਕਾਰਜਾਂ ਨਾਲ ਵੀ ਪ੍ਰਦੂਸ਼ਣ ਵਧ ਰਿਹ ਹੈ। ਇਸ ਤੋਂ ਇਲਾਵਾ ਇੱਕ ਹੋਰ ਕਾਰਨ ਹੈ ਜਿਸ ਬਾਰੇ ਕੋਈ ਚਰਚਾ ਕਿਸੇ ਪਾਸੇ ਸੁਣਾਈ ਨਹੀਂ ਦੇ ਰਹੀ; ਇਹ ਕਾਰਨ ਹੈ ਥਰਮਲ ਪਾਵਰ ਪਲਾਂਟਾਂ ਵੱਲੋਂ ਛੱਡਿਆ ਜਾਂਦਾ ਧੂੰਆਂ।

ਸੈਂਟਰ ਫਾਰ ਰਿਸਰਚ ਔਨ ਅਨਰਜੀ ਐਂਡ ਕਲੀਨ ਏਅਰ (ਊਰਜਾ ਅਤੇ ਸਾਫ ਹਵਾ ਲਈ ਖੋਜ ਕੇਂਦਰ) ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਥਰਮਲ ਪਲਾਂਟ ਪਰਾਲੀ ਨਾਲੋਂ 240 ਗੁਣਾ ਵੱਧ ਸਲਫਰ ਡਾਈਆਕਸਾਈਡ ਹਵਾ ਵਿੱਚ ਛੱਡਦੇ ਹਨ। ਮਾਹਿਰਾਂ ਅਨੁਸਾਰ ਸਲਫਰ ਡਾਈਆਕਸਾਈਡ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਕ ਹੈ।

ਥਰਮਲ ਪਲਾਂਟਾਂ ਵਿੱਚ ਕੋਲਾ ਬਲਣ ਨਾਲ ਸਲਫੇਟ ਪੈਦਾ ਹੁੰਦਾ ਹੈ ਜੋ ਹਵਾ ਵਿਚ ਪੀਐੱਮ 2.5 ਦੀ ਮਾਤਰਾ ਬਹੁਤ ਵਧਾ ਦਿੰਦਾ ਹੈ। ਭਾਰਤ ਚੀਨ ਨਾਲੋਂ ਲਗਭਗ ਢਾਈ ਗੁਣਾ ਵੱਧ ਸਲਫਰ ਡਾਈਆਕਸਾਈਡ ਪੈਦਾ ਕਰਦਾ ਹੈ ਅਤੇ ਰੂਸ ਤੋਂ ਦੁੱਗਣੀ। ਸਲਫਰ ਡਾਈਆਕਸਾਈਡ ਨਾਲ ਸਿਹਤ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਹ ਗੈਸ ਦਿਲ ਦਾ ਦੌਰਾ, ਫੇਫੜਿਆਂ ਦਾ ਕੈਂਸਰ ਅਤੇ ਸਮੇਂ ਤੋਂ ਪਹਿਲਾਂ ਮੌਤਾਂ ਦਾ ਕਾਰਨ ਬਣਦੀ ਹੈ। ਇਹ ਨਾਈਟ੍ਰੋਜਨ ਆਕਸਾਈਡ ਨਾਲ ਕਿਰਿਆ ਕਰ ਕੇ ਪੀਐੱਮ 2.5 ਅਤੇ ਪੀਐੱਮ1 (ਧੂੜ, ਬਲਣ ਵਾਲੇ ਕਣ ਤੇ ਬੈਕਟੀਰੀਆ) ਪੈਦਾ ਕਰਦੀ ਹੈ ਜਿਸ ਨਾਲ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

2022 ਵਿੱਚ ਭਾਰਤ ਸੰਸਾਰ ਵਿੱਚ ਸਭ ਤੋਂ ਵੱਧ ਸਲਫਰ ਡਾਈਆਕਸਾਈਡ ਪੈਦਾ ਕਰਨ ਵਾਲਾ ਦੇਸ਼ ਸੀ ਜੋ ਦੁਨੀਆ ਦੀ ਕੁੱਲ ਗੈਸ ਦਾ 20% ਪੈਦਾ ਕਰ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਭਾਰਤ ਨੇ ਕੋਲੇ ਵਾਲੇ ਪਾਵਰ ਪਲਾਂਟਾਂ ਉੱਤੇ ਨਿਰਭਰਤਾ ਰੱਖੀ ਹੋਈ ਹੈ। ਜੇ ਫਲਿਊ ਗੈਸ ਡੀਸਲਫਰੀਜੇਸ਼ਨ ਸਿਸਟਮ ਲਾਇਆ ਜਾਵੇ ਤਾਂ ਜਿਹੜੇ ਥਰਮਲ ਪਲਾਂਟ 4327 ਕਿਲੋ ਟਨ ਸਲਫਰ ਡਾਈਆਕਸਾਈਡ ਸਾਲਾਨਾ ਪੈਦਾ ਕਰਦੇ ਹਨ, ਉਹ ਘਟ ਕੇ 1547 ਕਿਲੋ ਟਨ ਸਾਲਾਨਾ ਰਹਿ ਜਾਵੇਗੀ।

ਰਿਪੋਰਟ ਅਨੁਸਾਰ, ਪਰਾਲੀ ਸਾੜਨ ਨਾਲ ਸਾਰੇ ਦੇਸ਼ ਵਿੱਚ ਸਿਰਫ 17.8 ਕਿਲੋ ਟਨ ਸਲਫਰ ਡਾਈਆਕਸਾਈਡ ਸਾਲਾਨਾ ਪੈਦਾ ਹੁੰਦੀ ਹੈ; ਥਰਮਲ ਪਲਾਂਟ ਇਸ ਤੋਂ 240 ਗੁਣਾ ਵੱਧ ਸਲਫਰ ਡਾਈਆਕਸਾਈਡ ਛੱਡਦੇ ਹਨ। ਸਲਫਰ ਡਾਈਆਕਸਾਈਡ ਕਾਰਨ ਹਵਾ ਵਿੱਚ ਪੀਐੱਮ 2.5 ( ਧੁੰਦ ਤੇ ਸੁਆਹ ਦੇ ਮੇਲ ਤੋਂ ਬਣਿਆ ਪਦਾਰਥ) ਦੀ ਮਾਤਰਾ ਬਹੁਤ ਵਧ ਜਾਂਦੀ ਹੈ। ਇਸ ਨਾਲ ਸਾਹ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ, ਤੇਜ਼ਾਬੀ ਵਰਖਾ ਹੁੰਦੀ ਹੈ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ। ਇਸ ਗੈਸ ਨੂੰ ਕੰਟਰੋਲ ਕਰਨ ਦੀ ਵਿਧੀ ਨੂੰ ਫਲਿਊ ਗੈਸ ਡੀਸਲਫਰੀਜੇਸ਼ਨ ਤਕਨੀਕ ਕਿਹਾ ਜਾਂਦਾ ਹੈ। ਇਸ ਤਕਨੀਕ ਨਾਲ ਸਲਫਰ ਡਾਈਆਕਸਾਈਡ ਨੂੰ 64% ਘਟਾਇਆ ਜਾ ਸਕਦਾ ਹੈ ਪਰ ਇੰਨੇ ਖਤਰਿਆਂ ਦੇ ਬਾਵਜੂਦ, ਕੇਂਦਰ ਦੀ ਰੈਗੂਲੇਟਰੀ ਅਥਾਰਟੀ ਅਤੇ ਰਾਜ ਪ੍ਰਬੰਧ ਦੇ ਹੋਰ ਅੰਗਾਂ ਵੱਲੋਂ ਥਰਮਲ ਪਲਾਂਟਾਂ ਨੂੰ ਸਲਫਰ ਗੈਸ ਕੰਟਰੋਲ ਕਰਨ ਲਈ ਲਗਾਏ ਜਾਣ ਵਾਲੇ ਯੰਤਰ ਲਾਉਣ ਤੋਂ ਲਗਾਤਾਰ ਛੋਟ ਦਿੱਤੀ ਜਾ ਰਹੀ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਰਾਲੀ ਸਾੜਨ ਵਾਲਿਆਂ ਨੂੰ ਭਾਰੀ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਪਰ ਕੋਲੇ 'ਤੇ ਚੱਲਣ ਵਾਲੇ ਥਰਮਲ ਪਲਾਂਟ ਹਦਾਇਤਾਂ ਦੀ ਪਾਲਣਾ ਨਹੀਂ ਕਰਦੇ ਸਗੋਂ ਉਹਨਾਂ ਨੂੰ ਸਾਲ ਦਰ ਸਾਲ ਇਹ ਸਿਸਟਮ ਲਾਉਣ ਤੋਂ ਛੋਟ ਦਿੱਤੀ ਜਾ ਰਹੀ ਹੈ। ਇੱਕ ਅਧਿਐਨ ਅਨੁਸਾਰ, ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਸਿਰਫ 12 ਥਰਮਲ ਪਲਾਂਟਾਂ 'ਤੇ ਇਹ ਸਿਸਟਮ ਲਾਉਣ ਨਾਲ ਸਲਫਰ ਡਾਇਆਕਸਾਈਡ ਨੂੰ 67% ਤੱਕ ਘਟਾਇਆ ਜਾ ਸਕਦਾ ਹੈ। ਸੈਂਟਰ ਫਾਰ ਰਿਸਰਚ ਔਨ ਆਨਰਜੀ ਐਂਡ ਕਲੀਨ ਏਅਰ ਅਨੁਸਾਰ, ਕੁੱਲ 11 ਥਰਮਲ ਪਲਾਂਟ ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਵਿੱਚ ਆਉਂਦੇ ਹਨ ਜਿਨ੍ਹਾਂ ਵਿੱਚ ਦਾਦਰੀ, ਹਰਦੁਆਗੰਜ, ਯਮੁਨਾ ਨਗਰ, ਪਾਣੀਪਤ ਤੋਂ ਇਲਾਵਾ ਪੰਜਾਬ ਦੇ ਰਾਜਪੁਰਾ, ਰੋਪੜ, ਤਲਵੰਡੀ ਸਾਬੋ ਅਤੇ ਲਹਿਰਾ ਮੁਹੱਬਤ ਥਰਮਲ ਪਲਾਂਟ ਸ਼ਾਮਲ ਹਨ। ਪਹਿਲਾਂ ਗੋਇੰਦਵਾਲ ਸਾਹਿਬ ਵਾਲਾ ਥਰਮਲ ਪਲਾਂਟ ਵੀ 300 ਕਿਲੋਮੀਟਰ ਦੇ ਘੇਰੇ ਵਿੱਚ ਸ਼ਾਮਲ ਕੀਤਾ ਗਿਆ ਸੀ ਪਰ ਬਾਅਦ ਵਿੱਚ ਇਹ ਕੱਢ ਦਿੱਤਾ ਗਿਆ। ਇਸ ਦੀ ਵੱਖਰੀ ਤੇ ਦਿਲਚਸਪ ਕਹਾਣੀ ਹੈ।

ਖ਼ੈਰ! ਜੂਨ 2022 ਤੋਂ ਮਈ 2023 ਦੌਰਾਨ ਇਹਨਾਂ ਥਰਮਲ ਪਲਾਂਟਾਂ ਨੇ 281 ਕਿਲੋ ਟਨ ਗੈਸ ਪੈਦਾ ਕੀਤੀ। ਸੈਂਟਰ ਫਾਰ ਰਿਸਰਚ ਔਨ ਆਨਰਜੀ ਐਂਡ ਕਲੀਨ ਏਅਰ ਦਾ ਅਧਿਐਨ ਦਸਦਾ ਹੈ ਕਿ ਦਿੱਲੀ ਵਿਚਲੇ ਪ੍ਰਦੂਸ਼ਣ ਵਿੱਚ ਇਹਨਾਂ ਥਰਮਲ ਪਲਾਂਟਾਂ ਰਾਹੀਂ ਪੈਦਾ ਕੀਤੇ ਜਾਂਦੇ ਪ੍ਰਦੂਸ਼ਣ ਦਾ ਹਿੱਸਾ ਪਰਾਲੀ ਨਾਲੋਂ 16 ਗੁਣਾ ਵੱਧ ਹੁੰਦਾ ਹੈ। ਧੁੰਦ ਅਤੇ ਧੂੰਏਂ ਦੇ ਇਸ ਕਹਿਰ ਦੌਰਾਨ ਪਾਏ ਜਾ ਰਹੇ ਚੀਕ-ਚਿਹਾੜੇ ਦੇ ਬਾਵਜੂਦ ਥਰਮਲ ਪਲਾਂਟਾਂ ਦੇ ਬਹੁਤ ਵੱਡੇ ਹਿੱਸੇ ਵਿੱਚ ਇਹ ਸਿਸਟਮ ਅਜੇ ਵੀ ਨਹੀਂ ਲਗਾਇਆ ਗਿਆ। ਸਾਲ 2000 ਦੌਰਾਨ ਸਲਫਰ ਡਾਈਆਕਸਾਈਡ ਕੰਟਰੋਲ ਕਰਨ ਵਾਲਾ ਸਿਸਟਮ ਥਰਮਲ ਪਲਾਂਟਾਂ ਵਿੱਚ ਲਾਉਣ ਲਈ ਬੜਾ ਦਬਾਅ ਪਿਆ ਜਿਸ ਨੂੰ 2015 ਤੱਕ ਲਗਾਉਣਾ ਜ਼ਰੂਰੀ ਕੀਤਾ ਗਿਆ। 2015 ਵਿੱਚ ਵਾਤਾਵਰਨ, ਜੰਗਲਾਤ ਅਤੇ ਮੌਸਮੀ ਤਬਦੀਲੀਆਂ ਨਾਲ ਸਬੰਧਿਤ ਮੰਤਰਾਲੇ ਨੇ ਕਿਹਾ ਕਿ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਨੂੰ ਇਹ 2017 ਤੱਕ ਲਾਉਣੇ ਜ਼ਰੂਰੀ ਹਨ। 2017 ਵਿੱਚ ਕੇਂਦਰੀ ਬਿਜਲੀ ਮੰਤਰਾਲੇ ਨੇ ਸੁਪਰੀਮ ਕੋਰਟ ਤੋਂ ਸੱਤ ਸਾਲਾਂ ਦੀ ਹੋਰ ਮੋਹਲਤ ਮੰਗੀ। ਸੁਪਰੀਮ ਕੋਰਟ ਨੇ 2022 ਤੱਕ ਪੰਜ ਸਾਲਾਂ ਦੀ ਹੋਰ ਮੋਹਲਤ ਦੇ ਦਿੱਤੀ ਪਰ ਦਿੱਲੀ ਅਤੇ ਆਲੇ-ਦੁਆਲੇ ਦੇ ਕੌਮੀ ਰਾਜਧਾਨੀ ਖੇਤਰ ਵਿੱਚ 2019 ਤੱਕ ਲਾਉਣੇ ਜ਼ਰੂਰੀ ਕਰ ਦਿੱਤੇ। ਫਰਵਰੀ 2020 ਵਿੱਚ ਕੇਂਦਰੀ ਬਿਜਲੀ ਅਥਾਰਟੀ ਨੇ ਕਿਹਾ ਕਿ ਇਹ ਸਿਸਟਮ ਸਿਰਫ ਉੱਥੇ ਹੀ ਲਾਏ ਜਾਣਗੇ ਜਿੱਥੇ ਸਲਫਰ ਦੀ ਮਾਤਰਾ 40 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਤੋਂ ਵੱਧ ਹੈ। 16 ਅਪਰੈਲ 2021 ਨੂੰ ਕੇਂਦਰ ਸਰਕਾਰ ਨੇ ਟਾਸਕ ਫੋਰਸ ਬਣਾਈ ਜਿਸ ਨੇ ਕੋਲੇ 'ਤੇ ਚੱਲਣ ਵਾਲੇ 596 ਥਰਮਲ ਪਲਾਂਟਾਂ ਨੂੰ ਤਿੰਨ ਕੈਟਾਗਰੀਆਂ ਏ, ਬੀ ਤੇ ਸੀ ਵਿੱਚ ਵੰਡ ਦਿੱਤਾ ਅਤੇ ਉਹਨਾਂ ਨੂੰ ਇਹ ਸਿਸਟਮ ਲਾਉਣ ਲਈ ਵੱਖੋ-ਵੱਖਰੀ ਮੋਹਲਤ ਦੇ ਦਿੱਤੀ। ਕੈਟਾਗਰੀ ਏ ਤਹਿਤ ਦਿੱਲੀ ਰਾਜਧਾਨੀ ਖੇਤਰ ਦੇ 10 ਕਿਲੋਮੀਟਰ ਘੇਰੇ ਵਿੱਚ ਆਉਣ ਵਾਲੇ ਥਰਮਲ ਪਲਾਂਟ ਆਉਂਦੇ ਹਨ ਜਿੱਥੇ ਆਬਾਦੀ 10 ਲੱਖ ਤੋਂ ਵੱਧ ਹੈ। ਇਹਨਾਂ ਪਲਾਂਟਾਂ ਨੂੰ ਕਿਹਾ ਗਿਆ ਕਿ ਉਹ 31 ਦਸੰਬਰ 2022 ਤੱਕ ਇਹ ਸਿਸਟਮ ਲਾਉਣ। ਕੈਟਾਗਰੀ ਬੀ ਨੂੰ 31 ਦਸੰਬਰ 2023 ਤੱਕ ਅਤੇ ਸੀ ਕੈਟਾਗਰੀ ਨੂੰ 31 ਦਸੰਬਰ 2024 ਤੱਕ ਇਹ ਸਿਸਟਮ ਬਣਾਉਣ ਲਈ ਕਿਹਾ ਗਿਆ।

ਇਸ ਟਾਸਕ ਫੋਰਸ ਨੇ ਏ ਅਤੇ ਬੀ ਕੈਟਾਗਰੀ ਵਿੱਚ ਸਿਰਫ 22% ਪਾਵਰ ਪਲਾਂਟ ਰੱਖੇ, ਲਗਭਗ 78% ਨੂੰ ਕੈਟਾਗਰੀ ਸੀ ਵਿੱਚ ਰੱਖ ਲਿਆ। 2022 ਵਿੱਚ ਇਹ ਅੰਤਿਮ ਤਾਰੀਖ ਵੀ ਬਦਲ ਦਿੱਤੀ। ਇਸ ਬਦਲੀ ਹੋਈ ਅੰਤਿਮ ਤਾਰੀਖ ਅਨੁਸਾਰ ਗਰੁੱਪ ਏ ਨੂੰ ਇਹ ਸਿਸਟਮ ਲਾਉਣ ਦੀ ਅੰਤਿਮ ਤਾਰੀਖ 31 ਦਸੰਬਰ 2024 ਤੱਕ ਵਧਾ ਦਿੱਤੀ, ਕੈਟਾਗਰੀ ਬੀ ਵਾਸਤੇ 31 ਦਸੰਬਰ 2025 ਤੇ ਸੀ ਵਾਸਤੇ 31 ਦਸੰਬਰ 2026 ਕਰ ਦਿੱਤੀ। ਕਾਰਨ ਦੱਸਿਆ- ਸਿਸਟਮ ਮਹਿੰਗਾ ਹੈ, ਇਸ ਨਾਲ ਬਿਜਲੀ ਦੀ ਕੀਮਤ ਵਧ ਜਾਵੇਗੀ, ਖਪਤਕਾਰਾਂ 'ਤੇ ਵਾਧੂ ਭਾਰ ਪਵੇਗਾ।

ਸੀਐੱਸਈ ਦੇ ਪ੍ਰੋਗਰਾਮ ਮੈਨੇਜਰ ਸ਼ੋਭਿਤ ਸ੍ਰੀਵਾਸਤਵਾ ਕਹਿੰਦੇ ਹਨ, "ਦੇਸ਼ ਦੇ ਨੀਤੀ ਘਾੜਿਆਂ ਨੂੰ ਅਚਾਨਕ ਕਿਵੇਂ ਪਤਾ ਲੱਗ ਗਿਆ ਕਿ ਫਲਿਊ ਗੈਸ ਕੰਟਰੋਲ ਕਰਨ ਵਾਲਾ ਸਿਸਟਮ ਲਾਉਣਾ ਜ਼ਰੂਰੀ ਨਹੀਂ? ਅਗਸਤ 2024 ਤੱਕ 40% ਥਰਮਲ ਪਲਾਂਟ ਹਾਲੇ ਟੈਂਡਰ ਵਗੈਰਾ ਹੀ ਕਰ ਰਹੇ ਹਨ। ਅਜਿਹੇ ਫੈਸਲੇ ਲੋਕਾਂ ਦੀ ਸਿਹਤ 'ਤੇ ਭਾਰੀ ਪੈਂਦੇ ਹਨ।"

ਇੱਕ ਪਾਸੇ ਕਿਸਾਨਾਂ ਨੂੰ ਜੁਰਮਾਨੇ ਕੀਤੇ ਜਾ ਰਹੇ ਹਨ, ਕੇਸ ਦਰਜ ਕੀਤੇ ਜਾ ਰਹੇ ਹਨ, ਰਿਕਾਰਡ ਵਿੱਚ ਲਾਲ ਐਂਟਰੀਆਂ ਕੀਤੀਆਂ ਜਾ ਰਹੀਆਂ ਹਨ, ਐੱਮਐੱਸਪੀ ਤੋਂ ਵਾਂਝੇ ਕੀਤਾ ਜਾ ਰਿਹਾ ਹੈ; ਦੂਜੇ ਪਾਸੇ 240 ਗੁਣਾ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਅਤੇ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਬਣੇ ਥਰਮਲ ਪਲਾਂਟਾਂ ਵਿੱਚ ਇਹ ਸਿਸਟਮ ਲਾਉਣ ਦੀ ਮਿਆਦ ਸਾਲ ਦਰ ਸਾਲ ਸਿਰਫ ਇਸੇ ਕਰ ਕੇ ਵਧਾਈ ਜਾ ਰਹੀ ਹੈ ਕਿ ਖਰਚਾ ਵੱਧ ਹੁੰਦਾ ਹੈ।

ਇਉਂ ਮੌਜੂਦਾ ਸਿਸਟਮ ਦੇ ਸਾਰੇ ਅੰਗ, ਸਰਕਾਰ ਤੇ ਅਦਾਲਤਾਂ ਵਗੈਰਾ ਹਵਾ ਪ੍ਰਦੂਸ਼ਣ ਦਾ ਜ਼ਿੰਮੇਵਾਰ ਸਿਰਫ ਪਰਾਲੀ ਨੂੰ ਹੀ ਗਰਦਾਨ ਕੇ ਕਿਸਾਨਾਂ ਦੇ ਖਿਲਾਫ ਹਨ। ਇਸ ਤੋਂ ਇੱਕ ਗੱਲ ਤਾਂ ਸਪਸ਼ਟ ਹੋ ਗਈ ਕਿ ਸਾਰਾ ਪ੍ਰਬੰਧ ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਵਿਧਾਨ ਪਾਲਿਕਾ ਆਪਣੇ ਹੀ ਅਦਾਰਿਆਂ ਦੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਕੀਤੀਆਂ ਸਿਫਾਰਸ਼ਾਂ ਨੂੰ ਦਰਕਿਨਾਰ ਕਰ ਰਿਹਾ ਹੈ।

ਅਸਲ ਵਿਚ, ਰਾਜ ਪ੍ਰਬੰਧ 'ਤੇ ਕਾਬਜ਼ ਜਮਾਤ ਇੱਕ ਤੀਰ ਨਾਲ ਚਾਰ ਨਿਸ਼ਾਨੇ ਫੁੰਡਣਾ ਚਾਹੁੰਦੀ ਹੈ ਜਿਨ੍ਹਾਂ ਵਿੱਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਬਦਨਾਮ ਤੇ ਤੰਗ ਪਰੇਸ਼ਾਨ ਕਰ ਕੇ ਉਹਨਾਂ ਤੋਂ ਦਿੱਲੀ ਦੇ ਇਤਿਹਾਸਿਕ ਕਿਸਾਨ ਘੋਲ ਦਾ ਬਦਲਾ ਲੈਣਾ, ਮੰਡੀ ਸਿਸਟਮ ਨੂੰ ਫੇਲ੍ਹ ਕਰਨਾ, ਕਿਸਾਨਾਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਕੇ ਖੇਤੀ ਖੇਤਰ ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਨ ਲਈ ਰਾਹ ਪੱਧਰਾ ਕਰਨਾ ਅਤੇ ਕਿਸਾਨ ਘੋਲ ਦੇ ਦਬਾਅ ਤਹਿਤ ਰੱਦ ਕੀਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਅਸਿੱਧੇ ਢੰਗ ਨਾਲ ਲਾਗੂ ਕਰਨਾ ਹੈ। ਦੇਸ਼ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਇਸ ਸਥਿਤੀ ਨੂੰ ਸਮਝਣ ਤੇ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ਿਆਂ ਖਾਤਰ ਆਮ ਲੋਕਾਂ ਨੂੰ ਖੁਦਕਸ਼ੀਆਂ ਵੱਲ ਧੱਕਣ ਦੀਆਂ ਚਾਲਾਂ ਨੂੰ ਵੰਗਾਰਨ ਲਈ ਜੱਥੇਬੰਦਕ ਸੰਘਰਸ਼ਾਂ ਦੇ ਰਾਹ ਪੈਣ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ – 45



**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਇਹ ਸਾਰਾ ਪ੍ਰਬੰਧ ਕਰਕੇ ਤੁਰਨ ਲੱਗੇ ਹਾਰਡਿੰਗ ਨੇ ਕੌਂਸਲ ਨੂੰ ਇਉਂ ਕਿਹਾ: ''ਸਫ਼ਲਤਾ ਤੇ ਅਸਫਲਤਾ ਤੁਹਾਡੇ ਆਪਣੇ ਹੱਥ ਵਿਚ ਹੈ। ਮੈਂ ਤੁਹਾਡੀ ਸਹਾਇਤਾ ਕਰਨ ਤੋਂ ਕਦੇ ਮੂੰਹ ਨਹੀਂ ਮੋੜਾਂਗਾ। ਪਰ ਜੇ ਤੁਸਾਂ ਇਹ ਵੇਲਾ ਹੱਥੋਂ ਗੁਆ ਲਿਆ, ਤਾਂ ਅੰਗਰੇਜ਼ਾਂ ਵੱਲੋਂ ਕੋਈ ਮਦਦ ਵੀ ਤੁਹਾਡੀ ਰਿਆਸਤ ਨੂੰ ਬਚਾ ਨਹੀਂ ਸਕੇਗੀ।'''

ਹਾਰਡਿੰਗ ਤੇ ਗਫੋ ਪੰਜਾਬ ਨੂੰ ਛੱਡ ਕੇ ਚਲੇ ਗਏ। ਪਿੱਛੋਂ ਸਿੱਖ ਹਕੂਮਤ ਕਿਸ ਢੰਗ ਦੀ ਰਹਿ ਗਈ ਸੀ ਮੈਕਗ੍ਰੇਗਰ ਲਿਖਦਾ ਹੈ : ''ਲਾਹੌਰ ਦੀ ਸਿੱਖ ਹਕੂਮਤ ਅਸਲ ਅਰਥਾਂ ਵਿਚ ਮੁੱਕ ਚੁੱਕੀ ਹੈ। ਵਿਖਾਵੇ ਮਾਤਰ ਉਸ ਵਿਚ ਇਕ ਬਾਦਸ਼ਾਹ, ਇਕ ਵਜ਼ੀਰ (ਪ੍ਰਧਾਨ ਮੰਤਰੀ) ਤੇ ਇਕ ਫ਼ੌਜ ਹੈ, ਮਗਰ ਸਾਰੇ ਦੇ ਸਾਰੇ ਅੰਗਰੇਜ਼ੀ ਤਾਕਤ ਦੇ ਆਸਰੇ ਥੱਲੇ ਹਨ। ਬਾਦਸ਼ਾਹ ਜਾਂ ਮਹਾਰਾਜਾ ਦਲੀਪ ਸਿੰਘ ਇਕ ਕਠਪੁਤਲੀ ਹੈ, ਜਿਸ ਦੀ ਅਸਲ ਅਰਥਾਂ ਵਿਚ ਕੋਈ ਤਾਕਤ ਨਹੀਂ ਹੈ, ਤੇ ਜੋ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਹੈ। ਸਹੀ ਅਰਥਾਂ ਵਿਚ ਅੰਗੇਰਜ਼ ਇਸ ਵੇਲੇ ਪੰਜਾਬ ਦੇ ਹਾਕਮ ਹਨ।

## ਲਾਲ ਸਿੰਘ ਨੂੰ ਦੇਸ ਨਿਕਾਲਾ

ਸਿੱਖਾਂ ਨਾਲ ਐਨੀ ਗ਼ੱਦਾਰੀ ਕਰਕੇ ਲਾਲ ਸਿੰਘ ਐਹੋ ਜੇਹੀ–ਨਾਮ ਧਰੀਕ –ਹਕੂਮਤ ਦਾ ਵਜ਼ੀਰ ਬਣਿਆਂ, ਪਰ ਇਹ ਖ਼ੁਸ਼ੀ ਵੀ ਉਹਨੂੰ ਬਹੁਤਾ ਚਿਰ ਭੋਗਣੀ ਨਸੀਬ ਨਾ ਹੋਈ। ਲਾਹੌਰ ਦਰਬਾਰ ਵੱਲੋਂ ਸ਼ੇਖ਼ ਇਮਾਮੁੱਦੀਨ ਕਸ਼ਮੀਰ ਦਾ ਗਵਰਨਰ ਸੀ। ਉਸਨੇ

ਪਿੱਛੇ ਲਿਖਿਆ ਜਾ ਚੁਕਾ ਹੈ, ਕਿ ਪੰਜਾਬ ਨੂੰ ਕੰਪਨੀ ਦੇ ਰਾਜ ਵਿਚ ਮਿਲਾ ਲੈਣਾ ਅੰਗਰੇਜ਼ਾਂ ਦੀ ਸ਼ਕਤੀ ਤੋਂ ਬਾਹਰ ਸੀ। ਹਾਂ, ਉਹਨਾਂ ਨੇ ਆਪਣੀ ਮੁਰਾਦ ਪੂਰੀ ਕਰਨ ਬਦਲੇ ਪੈਰ ਧਰਨ ਜੋਗਾ ਥਾਂ ਬਣਾ ਲਿਆ ਸੀ। ਪੰਜਾਬੋਂ ਤੇ ਕਬਜ਼ਾ ਕਰਨ ਦਾ ਫੁਰਨਾ ਅੰਗਰੇਜ਼ ਦੇ ਦਿਲ ਚੋਂ ਕਿਸੇ ਵੇਲੇ ਵੀ ਨਹੀਂ ਨਿਕਲਦਾ ਸੀ। ਮੈਕਗ੍ਰੇਗਰ ਲਿਖਦਾ ਹੈ : ''ਅੰਤ ਇਕ ਦਿਨ– ਛੇਤੀ ਜਾਂ ਚਿਰ ਪਾ ਕੇ ਸਾਨੂੰ ਅਵੱਸ਼ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਪਵੇਗਾ। ਭਾਵੇਂ ਕਿੰਨਾ ਖ਼ਰਚ ਤੇ ਮਿਹਨਤ ਕਰਨੀ ਪਵੇ, ਆਖ਼ਰ ਇਹ ਇਲਾਕੇ ਸਰਕਾਰ ਅੰਗਰੇਜ਼ੀ ਦੇ ਅਧੀਨ ਚੰਗੇ ਉਪਜਾਊ ਹੋਣਗੇ।'''

## ਹਾਰਡਿੰਗ ਦੀ ਦਿਲੀ ਖ਼ਾਹਸ਼

ਲਾਰਡ ਹਾਰਡਿੰਗ ਦੀ ਇਹ ਪਰਬਲ ਇੱਛਿਆ ਸੀ, ਕਿ ਉਹ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਿਆ ਵੇਖੇ ਪਰ ਗਵਰਨਰ ਜੈਨਰਲ ਹੁੰਦਿਆਂ ਹੋਇਆਂ ਉਹਦੀ ਇਹ ਆਸ ਪੂਰੀ ਨਾ ਹੋਈ। ਇਸ ਗੱਲ ਦਾ ਸਬੂਤ ਉਹਦੇ ਆਪਣੇ ਸ਼ਬਦਾਂ ਤੋਂ ਮਿਲਦਾ ਹੈ, ਜੋ ਉਹਨੇ ੧੯ ਦਸੰਬਰ, ੧੮੪੬ ਈ. ਨੂੰ ਫ਼ਰੈਡਰਿਕ ਕਰੀ ਨੂੰ ਲਿਖੇ ਸਨ, ''ਜ਼ਾਤੀ ਤੌਰ 'ਤੇ ਮੈਨੂੰ ਇਹ ਅਫ਼ਸੋਸ ਹੀ ਰਹੇਗਾ, ਕਿ ਅੰਗਰੇਜ਼ੀ ਝੰਡਾ ਸਿੰਧ ਦੇ ਕੰਢਿਆਂ 'ਤੇ ਗੱਡਣਾ ਮੇਰੀ ਕਿਸਮਤ ਵਿਚ ਨਹੀਂ ਸੀ।'' ਮਾਰਚ, ੧੮੪੬ ਈ। ਦੀ ਸੁਲ੍ਹਾ ਵਿਚ ਜੋ ਕੁਛ ਉਹ ਕਰ ਸਕਦਾ ਸੀ, ਕੀਤਾ ਤੇ ਅੱਗੇ ਵਾਸਤੇ ਉਹ ਪੰਜਾਬ ਨੂੰ ਵਧੇਰੇ ਪੱਕੇ ਹੱਥਾਂ ਨਾਲ ਕਾਬੂ ਕਰਨਾ ਚਾਹੁੰਦਾ ਸੀ। ਦੂਜੇ ਪਾਸੇ ਸਿੱਖਾਂ ਦੇ ਕੁਛ ਸਰਦਾਰ ਤਾਂ ਅੰਗਰੇਜ਼ਾਂ ਦੇ ਬਿਲਕੁਲ ਪਿੱਠੂ ਸਨ।(ਜਿਵੇਂ ਤੇਜ ਸਿੰਘ) ਤੇ ਕੁਛ ਉਹਨਾਂ ਦੀਆਂ ਡੂੰਘੀਆਂ ਚਾਲਾਂ ਨੂੰ ਸਮਝਣ ਦੀ ਲੋੜ ਨਹੀਂ ਸਨ ਸਮਝਦੇ। ਜਿਹੜੇ ਕੁਛ ਦੇਸ਼ ਨਾਲ ਪਿਆਰ ਰਖਦੇ ਸਨ ਤੇ ਅੰਗਰੇਜ਼ਾਂ ਦੀ ਨੀਤੀ ਨੂੰ ਵੀ ਸਮਝਦੇ ਸਨ, ਉਹਨਾਂ ਵਿਚ ਦੀਵਾਨ ਦੀਨਾ ਨਾਥ ਤੇ ਮਹਾਰਾਣੀ ਜਿੰਦ ਕੌਰਾਂ ਮੂਹਰੀ ਸਨ ਤੇ ਇਹ ਦੋਵੇਂ ਅੰਗੇਰਜ਼ਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕਦੇ ਸਨ। ੧੮੪੬ ਈ। ਦਾ ਸਾਲ ਮੁਕਣ 'ਤੇ ਆ ਗਿਆ ਸੀ ਤੇ ਪਹਿਲੀ ਸੁਲ੍ਹਾ ਅਨੁਸਾਰ ਲਾਹੌਰ ਵਿਚਲੀ ਅੰਗਰੇਜ਼ੀ ਫ਼ੌਜ ਨੇ

## ਭਰੋਵਾਲ ਦੀ ਸੁਲ੍ਹਾ ਕਿੰਨ੍ਹਾ ਹਾਲਾਤ ਥੱਲੋ ਹੋਈ

ਚਲੀ ਜਾਣਾ ਸੀ। ਲਾਰਡ ਹਾਰਡਿੰਗ ਕਿਸੇ ਨਵੀਂ ਸੁਲ੍ਹਾ ਰਾਹੀਂ ਪੰਜਾਬ ਉੱਤੇ ਅੱਗੇ ਨਾਲੋਂ ਵੀ ਕਰੜਾ ਫ਼ੌਜੀ ਕਬਜ਼ਾ ਰੱਖਣਾ ਚਾਹੁੰਦਾ ਸੀ, ਪਰ ਇਹ ਵੀ ਚਾਹੁੰਦਾ ਸੀ ਕਿ ਨਵੀਂ ਸੁਲ੍ਹਾ ਵਾਸਤੇ ਅਪੀਲ ਵੀ ਸਿੱਖ ਸਰਦਾਰਾਂ ਕੋਲੋਂ ਹੀ ਕਰਾਈ ਜਾਵੇ। ਉਸਦਾ ਆਪਣਾ ਸਕੱਤਰ ਫ਼ਰੈਡਰਿਕ ਕਰੀ ਲਾਹੌਰ ਰਹਿੰਦਾ ਸੀ। ਉਸਨੂੰ ਗੁਪਤ ਚਿੱਠੀਆਂ ਵਿਚ ਹਾਰਡਿੰਗ ਆਪਣੇ ਦਿਲੀ ਭਾਵ ਲਿਖਦਾ ਰਹਿੰਦਾ ਸੀ। ਏਧਰ 'ਕਰੀ' ਤੇ ਹੈਨਰੀ ਲਾਰੰਸ, ਸਿੱਖ ਸਰਦਾਰਾਂ ਨੂੰ ਏਸ ਨਵੇਂ ਜਾਲ ਵਿਚ ਫਸਾਉਣ ਦਾ ਜਤਨ ਕਰ ਰਹੇ ਸਨ। ਮਹਾਰਾਣੀ ਜਿੰਦ ਕੌਰ ਤੇ ਦੀਨਾ ਨਾਥ ਵੀ ਚੁੱਪ ਕਰਕੇ ਨਹੀਂ ਬੈਠੇ ਹੋਏ ਸਨ। ਉਹ ਪੰਜਾਬ ਦੇ ਨਵੇਂ ਪਰਬੰਧ ਵਾਸਤੇ ਛੋਟੇ ਵੱਡੇ ਸਰਦਾਰਾਂ ਨੂੰ ਕੱਠਾ ਕਰ ਰਹੇ ਸਨ ਤਾਂਕਿ ਨਵੇਂ ਪਰਬੰਧ ਵਿਚੋਂ ਅੰਗਰੇਜ਼ਾਂ ਦਾ ਹੱਥ ਬਿਲਕੁਲ ਕੱਢ ਦਿੱਤਾ ਜਾਵੇ। ਏਸ ਧੜੇ ਨੇ ਨਵੀਂ ਸੁਲ੍ਹਾ ਦੀਆਂ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। 'ਕਰੀ' ਇਹ ਸਾਰੇ ਸਮਾਚਾਰ ਹਾਰਡਿੰਗ ਨੂੰ ਲਿਖਦਾ ਰਹਿੰਦਾ। ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਿੱਖ ਇਤਿਹਾਸ ਬਾਰੇ ਵਿਚ ਹਾਰਡਿੰਗ ਦੀਆਂ ਕੁਛ ਚਿੱਠੀਆਂ ਦਾ ਵੇਰਵਾ ਦੇਂਦਾ ਹੈ : ਹਾਰਡਿੰਗ ਭਰੋਵਾਲ ਤੋਂ ਕਰੀ ਨੂੰ 10 ਦਸਬੰਰ, 1846 ਈ। ''ਮੈਨੂੰ ਇਸ ਗੱਲ ਬਾਬਤ ਕੋਈ ਵੀ ਸ਼ੱਕ ਨਹੀਂ, ਤੂੰ ਹੀ ਇਕ ਸਭ ਤੋਂ ਜ਼ਿਆਦਾ ਲਾਇਕ ਹੈਂ, ਕਿ ਪੰਜਾਬ ਦੀਆਂ ਮੌਜੂਦਾ ਮੁਸ਼ਕਲਾਂ ਵਿਚ

ਓਥੋਂ ਦੇ ਅੰਗਰੇਜ਼ੀ ਪ੍ਰਬੰਧ ਨੂੰ ਕਾਮਯਾਬ ਬਣਾ ਸਕੇ। ਤੇ ਇਸ ਹਾਲਤ ਵਿਚ ਮੈਂ ਤੈਨੂੰ ਲੈਫ਼ਟੀਨੈਂਟ ਗਵਰਨਰ ਦੇ ਬਰਾਬਰ ਦੇ ਦਰਜੇ 'ਤੇ ਰਖਣਾ ਚਾਹੁੰਦਾ ਹਾਂ। ।.. .. . . . .ਦਰਬਾਰ ਦੇ ਸਰਦਾਰਾਂ ਦੀ ਨਾਂਹ ਬਿਲਕੁਲ ਕੁਦਰਤੀ ਹੈ।

– ਚਲਦਾ




# ਡੋਨਾਲਡ ਟਰੰਪ ਦੀ ਰਾਜਨੀਤੀ ਆਖ਼ਰ ਹੈ ਕੀ?

**ਲਿਖਤ : ਦਰਬਾਰਾ ਸਿੰਘ ਕਾਹਲੋਂ**



ਇਸ ਵਾਰ ਅਮਰੀਕੀ ਵੋਟਰਾਂ ਨੇ ਡੋਨਾਲਡ ਟਰੰਪ ਵਰਗੇ ਅਤਿ ਵਿਵਾਦਤ, ਸਿਰਫਿਰੀਆਂ ਮਨਮਾਨੀਆਂ ਕਰਨ ਲਈ ਬਦਨਾਮ, ਝੂਠ ਬੋਲਣ ਦੀ ਮੁਹਾਰਤ ਰੱਖਣ ਵਾਲੇ, ਰਾਸ਼ਟਰੀ ਦਸਤਾਵੇਜ਼ ਚੁਰਾਉਣ, ਬੁਰਸ਼ਾਗਰਦ ਅਤੇ ਟੈਕਸ ਚੋਰੀ, ਪੋਰਨ ਸਬੰਧੀ ਮੂੰਹ ਬੰਦ ਕਰਨ ਲਈ ਧਨ ਦੇਣ, 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ 'ਤੇ ਹਮਲੇ ਲਈ ਆਪਣੇ ਹਮਾਇਤੀਆਂ ਨੂੰ ਉਕਸਾਉਣ ਤੋਂ ਇਲਾਵਾ ਹੋਰ ਕਈ ਕੇਸਾਂ ਵਿਚ ਦਾਗ਼ੀ ਨੂੰ ਮੁੜ 47ਵੇਂ ਰਾਸ਼ਟਰਪਤੀ ਵਜੋਂ ਚੁਣ ਲਿਆ।

ਪਿਛਲੇ 45ਵੇਂ ਰਾਸ਼ਟਰਪਤੀ ਵਜੋਂ ਕੌੜੇ ਅਤੇ ਨਿਰਣਿਆਂ ਸਬੰਧੀ ਰੋਕਾਂ ਭਰੇ ਤਜਰਬੇ ਤੋਂ ਸਬਕ ਸਿੱਖਦੇ ਹੋਏ ਇਸ ਵਾਰ ਉਹ ਹੋਰ ਸ਼ਿੱਦਤ ਨਾਲ ਘਰੇਗੀ, ਕੌਮਾਂਤਰੀ ਅਤੇ ਆਪਣੀ ਕੈਬਨਿਟ ਅਤੇ ਸਲਾਹਕਾਰਾਂ ਸਬੰਧੀ ਮਨਮਾਨੀ ਕਰਨ ਲਈ ਬਜ਼ਿੱਦ ਹੈ। ਅਮਰੀਕੀ ਰਾਜਨੀਤੀ ਦੇ ਮਾਹਿਰ ਮੰਨ ਰਹੇ ਹਨ ਕਿ ਉਹ ਇਸ ਵਾਰ ਉਸ ਹਰ ਵਿਅਕਤੀ ਜਾਂ ਸੰਸਥਾ ਨੂੰ ਚੀਰ ਕੇ ਰੱਖ ਦੇਵੇਗਾ ਜੋ ਉਸ ਦੀਆਂ ਨੀਤੀਆਂ ਜਾਂ ਉਸ ਵੱਲੋਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਦੇ ਰਾਹ ਵਿਚ ਰੋੜਾ ਬਣੇਗੀ। ਪਿਛਲੀ ਵਾਰ ਦਾ ਕੌੜਾ ਤਜਰਬਾ ਦੱਸਦਾ ਹੈ ਕਿ ਕਿਵੇਂ ਉਸ ਨੂੰ ਕੁਝ ਮਹੱਤਵਪੂਰਨ ਨਿਯੁਕਤੀਆਂ ਲਈ 2 ਸਾਲ ਤੱਕ ਦੀ ਉਡੀਕ ਕਰਨੀ ਪਈ।

ਡੋਨਾਲਡ ਟਰੰਪ ਅਗਲੇ ਸਾਲ 20 ਜਨਵਰੀ ਨੂੰ ਆਪਣਾ 47ਵੇਂ ਰਾਸ਼ਟਰਪਤੀ ਵਜੋਂ ਪਦ ਸੰਭਾਲੇਗਾ। ਆਪਣੇ 4 ਸਾਲਾ ਸ਼ਾਸਨ ਦੀ ਵਧੀਆ ਅਤੇ ਗਤੀਸ਼ੀਲ ਸ਼ੁਰੂਆਤ ਲਈ ਉਹ ਉਸ ਤੋਂ ਪਹਿਲਾਂ ਆਪਣੇ ਕੈਬਨਿਟ ਸਹਿਯੋਗੀਆਂ, ਸਲਾਹਕਾਰਾਂ ਅਤੇ ਸੰਵਿਧਾਨਕ ਪਦਾਂ 'ਤੇ ਆਪਣੇ ਮਨਮਰਜ਼ੀ ਦੇ ਵਿਅਕਤੀਆਂ ਦੀਆਂ ਨਿਯੁਕਤੀਆਂ ਕਰ ਲੈਣਾ ਚਾਹੁੰਦਾ ਹੈ। ਇਸ ਮੰਤਵ ਲਈ ਉਹ ਨਿੱਤ ਨਿਯੁਕਤੀਆਂ ਸਬੰਧੀ ਨਾਮਜ਼ਦਗੀਆਂ ਐਲਾਨ ਰਿਹਾ ਹੈ। ਪਿਛਲੀ ਵਾਰ ਇਸ ਕਾਰਜ ਵਿਚ ਉਸ ਦੀ ਲੜਕੀ ਇਵਾਂਕਾ ਟਰੰਪ ਅਤੇ ਉਸ ਦਾ ਪਤੀ ਜਾਰਡ ਕੁਸ਼ਨਰ ਮਦਦ ਕਰਦੇ ਵਿਖਾਈ ਦਿੱਤੇ ਸਨ। ਪਰ ਇਸ ਵਾਰ ਇਸ ਮੰਤਵ ਲਈ ਉਸ ਦਾ ਵੱਡਾ ਪੁੱਤਰ ਡਾਨ ਜੂਨੀਅਰ ਟਰੰਪ ਮਦਦ ਕਰ ਰਿਹਾ ਹੈ।

ਅਮਰੀਕਾ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਕਰਕੇ 10 ਲੱਖ ਨਿਯੁਕਤੀਆਂ ਉੱਪਰਲੇ ਪੱਧਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਪ੍ਰਭਾਵਿਤ ਹੁੰਦੀਆਂ ਹਨ। ਲਗਪਗ 50 ਹਜ਼ਾਰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 4000 ਕਾਰਜਕਾਰੀ ਬਰਾਂਚ ਨਾਲ ਸਬੰਧਤ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਮਹੱਤਵਪੂਰਨ 1200 ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਮਨਜ਼ੂਰੀ ਸੈਨੇਟ ਤੋਂ ਲੈਣੀ ਜ਼ਰੂਰੀ ਹੁੰਦੀ ਹੈ। ਅਮਰੀਕੀ ਸੰਵਿਧਾਨ ਦੇ ਆਰਟੀਕਲ 2, ਸੈਕਸ਼ਨ 2, ਕਲਾਜ਼ 2 ਅਨੁਸਾਰ ਅਮਰੀਕੀ ਰਾਸ਼ਟਰਪਤੀ ਰਾਜਦੂਤਾਂ, ਪਬਲਿਕ ਮੰਤਰੀਆਂ, ਸੁਪਰੀਮ ਕੋਰਟ ਦੇ ਜੱਜਾਂ, ਸਲਾਹਕਾਰਾਂ ਅਤੇ ਹੋਰ ਅਧਿਕਾਰੀਆਂ ਦੀਆਂ ਨਿਯੁਕਤੀਆਂ ਸੈਨੇਟ ਦੀ ਸਲਾਹ ਅਤੇ ਮਨਜ਼ੂਰੀ ਨਾਲ ਕਰੇਗਾ। ਇਨ੍ਹਾਂ ਨਿਯੁਕਤੀਆਂ ਦੀ ਮਨਜ਼ੂਰੀ ਸੈਨੇਟ ਬਹੁਮਤ ਨਾਲ ਦਿੰਦੀ ਹੈ। ਪਰ ਕਈ ਵਾਰ ਇਨ੍ਹਾਂ ਨੂੰ ਸੈਨੇਟ ਦੀ ਮਾਹਿਰ ਕਮੇਟੀ ਕੋਲ ਛਾਣਬੀਣ ਲਈ ਭੇਜ ਦਿੱਤਾ ਜਾਂਦਾ ਹੈ। ਕਈ ਨਿਯੁਕਤੀਆਂ ਬਾਰੀਕੀ ਨਾਲ ਛਾਣਬੀਣ ਲਈ ਐੱਫਬੀਆਈ ਕੋਲ ਭੇਜਣੀਆਂ ਪੈਂਦੀਆਂ ਹਨ। ਸੋ ਐਸੀਆਂ ਨਿਯੁਕਤੀਆਂ ਦੀ ਮਨਜ਼ੂਰੀ ਲਈ ਦੋ ਸਾਲ ਤੱਕ ਲੱਗ ਜਾਂਦੇ ਹਨ। ਟਰੰਪ ਦੇ 45ਵੇਂ ਰਾਸ਼ਟਰਪਤੀ ਕਾਰਜਕਾਲ ਦਾ ਤਜਰਬਾ ਦਰਸਾਉਂਦਾ ਹੈ ਕਿ ਉਸ ਦੇ ਪਹਿਲੇ ਸਾਲ ਵਿਚ ਸਿਰਫ਼ 320 ਨਿਯੁਕਤੀਆਂ ਸੈਨੇਟ ਵੱਲੋਂ ਮਨਜ਼ੂਰ ਕੀਤੀਆਂ ਗਈਆਂ ਸਨ। ਇਸ ਵਾਰ ਸੈਨੇਟ ਵਿਚ ਰਿਪਬਲਿਕਨ ਬਹੁਮਤ 'ਚ ਹੋਣ ਕਰ ਕੇ ਉਹ ਚਾਹੁੰਦਾ ਹੈ ਕਿ ਨਿਯੁਕਤੀਆਂ ਵਿਚ ਰੋਕ ਨਾ ਪਾਈ ਜਾਏ ਅਤੇ ਨਾ ਹੀ ਉਹ ਐੱਫਬੀਆਈ ਨੂੰ ਭੇਜੀਆਂ ਜਾਣ। ਫਿਰ ਵੀ ਉਹ ਇਸ ਵਾਰ ਕੋਈ ਜੋਖ਼ਮ ਨਹੀਂ ਉਠਾਉਣਾ ਚਾਹੁੰਦਾ। ਇਸ ਲਈ ਉਹ ਸੰਵਿਧਾਨਕ 'ਵਿਸ਼ਰਾਮ ਨਿਯੁਕਤੀਆਂ' ਸਬੰਧੀ ਕਲਾਜ਼ ਦੀ ਵਰਤੋਂ ਕਰਨਾ ਚਾਹੁੰਦਾ ਹੈ।

ਇਨ੍ਹਾਂ ਨਿਯੁਕਤੀਆਂ ਤੋਂ ਭਾਵ ਹੈ ਕਿ ਜਦੋਂ ਸੈਨੇਟ ਦਾ ਸਦਨ ਸੈਸ਼ਨ ਵਿਚ ਨਾ ਹੋਵੇ। ਪਰ ਵਿਸ਼ਰਾਮ ਘੱਟੋ-ਘੱਟ 10 ਦਿਨ ਦਾ ਹੋਣਾ ਚਾਹੀਦਾ ਹੈ। ਇਸ ਦੌਰਾਨ ਰਾਸ਼ਟਰਪਤੀ ਲੋੜੀਂਦੇ ਪਦਾਂ 'ਤੇ ਨਿਯੁਕਤੀਆਂ ਕਰ ਸਕਦਾ ਹੈ ਸੈਨੇਟ ਦੀ ਮਨਜ਼ੂਰੀ ਬਗੈਰ। ਸੈਨੇਟ ਦੀ ਮਨਜ਼ੂਰੀ ਬਗੈਰ ਨਿਯੁਕਤ ਕੀਤੇ ਅਧਿਕਾਰੀ ਓਨਾ ਚਿਰ ਤਨਖ਼ਾਹ-ਭੱਤਿਆਂ ਤੋਂ ਮਹਿਰੂਮ ਰਹਿਣਗੇ ਜਿੰਨਾ ਚਿਰ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਮਿਲਦੀ। ਸੰਨ 2026 ਤੱਕ ਅਜਿਹੀ ਪ੍ਰਕਿਰਿਆ ਰਾਹੀਂ ਵਿਅਕਤੀ ਆਪਣੇ ਅਹੁਦਿਆਂ 'ਤੇ ਬਣੇ ਰਹਿ ਸਕਣਗੇ। ਸੰਨ 2014 ਵਿਚ ਅਮਰੀਕੀ ਸੁਪਰੀਮ ਕੋਰਟ ਨੇ ਇਕ ਨਿਰਣੇ ਰਾਹੀਂ ਅਜਿਹੀਆਂ ਨਿਯੁਕਤੀਆਂ 'ਤੇ ਮੋਹਰ ਲਗਾ ਦਿੱਤੀ ਸੀ। ਰਾਸ਼ਟਰਪਤੀ ਆਪਣਾ ਕੰਮ ਭਲੀਭਾਂਤ ਚਲਾਉਣ ਲਈ ਅਜਿਹੀਆਂ ਨਿਯੁਕਤੀਆਂ ਕਰ ਸਕਦਾ ਹੈ ਜਦੋਂ ਸੈਨੇਟ ਸੈਸ਼ਨ ਵਿਚ ਨਾ ਹੋਵੇ।

ਟਰੰਪ ਤਾਂ ਹੋਰ ਅੱਗੇ ਛਾਲ ਮਾਰਨ ਲਈ ਵੀ ਬਜ਼ਿੱਦ ਹੈ।ਉਹ ਸੈਨੇਟ ਦੇ ਵਿਸ਼ਰਾਮ ਕਾਲ ਦੀ ਉਡੀਕ ਵੀ ਨਹੀਂ ਕਰਨਾ ਚਾਹੁੰਦਾ। ਉਹ ਬਲਕਿ ਸੈਨੇਟ ਨੂੰ ਅਜਿਹੀਆਂ ਨਿਯੁਕਤੀਆਂ ਲਈ ਸੈਸ਼ਨ ਮੁਲਤਵੀ ਕਰਨ ਲਈ ਵੀ ਕਹੇਗਾ। ਹਕੀਕਤ ਵਿਚ ਅਮਰੀਕੀ ਰਾਜਨੀਤੀ ਦਾ ਧੁਰਾ ਧਨ ਹੈ ਜਿਸ ਦੁਆਲੇ ਉਹ ਉਵੇਂ ਹੀ ਲਿਪਟੀ ਨਜ਼ਰ ਆਵੇਗੀ ਜਿਵੇਂ ਇਕ ਵੇਲ੍ਹ ਕਿਸੇ ਦਰਖ਼ਤ ਦੇ ਤਣੇ ਦੁਆਲੇ। ਲਗਪਗ 25 ਸਾਲ ਪਹਿਲਾਂ ਜਾਰਜ ਡਬਲਯੂ. ਬੁਸ਼ ਨੇ ਕਿਹਾ ਸੀ ਕਿ ਲੋਕ ਇਨ੍ਹਾਂ ਧਨੀ ਵਿਅਕਤੀਆਂ ਨੂੰ ਕੁਲੀਨ ਕਹਿੰਦੇ ਹਨ ਪਰ ਇਹ ਮੇਰੀ ਰਾਜਨੀਤੀ ਦਾ ਆਧਾਰ ਹਨ। ਇਹ ਲੋਕ ਰਿਪਬਲਿਕਨਾਂ ਅਤੇ ਡੈਮੋਕ੍ਰੈਟਾਂ ਨਾਲ ਹੁੰਦੇ ਹਨ।

ਇਹ ਉਨਾਂ ਲੋਕਾਂ ਦਾ ਖ਼ੂਨ ਚੂਸ ਕੇ ਧਨਾਢ ਬਣੇ ਹੋਏ ਹੁੰਦੇ ਹਨ ਜਿਨ੍ਹਾਂ ਨੂੰ ਵੋਟ ਪਾਉਣ ਲਈ ਸ਼ਿਸ਼ਕਾਰਦੇ ਹਨ। ਟਰੰਪ ਵੀ ਇਕ ਅਜਿਹਾ ਵਿਅਕਤੀ ਹੈ ਜੋ ਖ਼ੁਦ ਧਨਾਢ ਹੈ ਅਤੇ ਧਨਾਢਾਂ ਦਾ ਪਾਲਕ ਹੈ। ਆਪਣੇ ਪਹਿਲੇ ਕਾਰਜਕਾਲ 2017-21 ਵਿਚ ਉਸ ਨੇ ਅਮਰੀਕੀ ਇਤਿਹਾਸ ਵਿਚ ਪਹਿਲੀ ਵਾਰ ਧਾਨਾਢਾਂ ਨੂੰ 1.5 ਟ੍ਰਿਲੀਅਨ ਡਾਲਰ ਦੀ ਟੈਕਸ ਰਾਹਤ ਦਿੱਤੀ ਟੈਕਸ ਕਟੌਤੀ ਕਰ ਕੇ। ਹੈਰਾਨੀ ਇਸ ਗੱਲ ਦੀ ਸੀ ਕਿ ਖਰਬਪਤੀ ਧਨਾਢ ਉਸ ਦੇ ਕਾਰਜਕਾਲ ਵਿਚ ਆਮ ਕਾਮੇ ਨਾਲੋਂ ਘੱਟ ਦਰ 'ਤੇ ਟੈਕਸ ਅਦਾ ਕਰਦਾ ਸੀ। ਐਲਨ ਮਸਕ ਜੋ 100 ਕੰਪਨੀਆਂ ਦਾ ਮਾਲਕ ਹੈ, ਨੇ ਸੰਨ 2004 ਵਿਚ ਜਾਰਜ ਬੁਸ਼ ਦੀ ਮਦਦ ਕਰਨ ਵਾਲੀਆਂ 42 ਕੰਪਨੀਆਂ ਦੇ ਮੁਖੀਆਂ ਬਰਾਬਰ ਟਰੰਪ ਦੀ ਰਿਪਬਲਿਕਨ ਪਾਰਟੀ ਨੂੰ ਦਾਨ ਦਿੱਤਾ। ਹਕੀਕਤਨ ਸਭ ਦੇਸ਼ਾਂ ਵਿਚ ਧਨਾਢ ਰਾਜਨੀਤੀ ਵਿਚ ਭਵਿੱਖੀ ਲਾਹੇ ਲਈ ਨਿਵੇਸ਼ ਕਰਦੇ ਹਨ।

ਇਸ ਸਮੇਂ ਟਰੰਪ ਧੜਾ-ਧੜ ਆਪਣੇ ਸ਼ਾਸਨ ਲਈ ਨਿਯੁਕਤੀਆਂ ਕਰ ਰਿਹਾ ਹੈ। ਇਸ ਲਈ ਉਹ ਵਿਵਾਦਤ ਅਤੇ ਅਪਰਾਧਕ ਸ਼ਖ਼ਸੀਅਤਾਂ ਵੀ ਨਿਯੁਕਤ ਕਰ ਰਿਹਾ ਹੈ। ਐਲਨ ਮਸਕ ਅਤੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਸਰਕਾਰੀ ਕੁਸ਼ਲਤਾ ਵਿਭਾਗ ਵਿਚ ਨਿਯੁਕਤ ਕੀਤਾ ਹੈ। ਇਹ ਹਰ ਸਾਲ ਬਜਟ ਵਿਚ 2 ਟ੍ਰਿਲੀਅਨ ਖ਼ਰਚਾ ਘਟਾਉਣ ਦੀ ਗੱਪ ਛੱਡ ਰਹੇ ਹਨ। ਸਭ ਅਮਰੀਕੀ ਰਾਸ਼ਟਰਪਤੀਆਂ ਨੇ ਜਿੱਥੇ ਦੇਸ਼ ਸਿਰ 20 ਟ੍ਰਿਲੀਅਨ ਡਾਲਰ ਦਾ ਕਰਜ਼ਾ ਚੜ੍ਹਾਇਆ, ਇਕੱਲੇ ਟਰੰਪ ਨੇ ਉੱਥੇ 2017-21 ਵਿਚ 8 ਟ੍ਰਿਲੀਅਨ ਦਾ ਕਰਜ਼ਾ ਚੜ੍ਹਾਇਆ ਸੀ।

ਪੀਟ ਹੈਗਸਥ ਰੱਖਿਆ ਸਕੱਤਰ, ਰਾਬਰਟ ਐੱਫ. ਕੈਨੇਡੀ ਜੂਨੀਅਰ ਸਿਹਤ, ਡਗ ਬਰਗਮ ਅੰਦਰੂਨੀ ਸਕੱਤਰ, ਮਾਰਕੋ ਰੂਬੀਓ ਗ੍ਰਹਿ ਸਕੱਤਰ, ਕੈਂਟਰ ਫਿਟਜ਼ਗੇਰਾਲਡ ਕੰਪਨੀ ਦਾ ਚੇਅਰਮੈਨ ਹਾਵਰਡ ਲੁਟਨਿਕ ਵਣਜ ਸਕੱਤਰ, ਪਹਿਲਵਾਨ ਲਿਡਾ ਮੈਕਮੋਹਨ ਸਿੱਖਿਆ ਸਕੱਤਰ, ਕ੍ਰਿਸਟੀ ਨੋਇਮ ਹੋਮਲੈਂਡ ਸੁਰੱਖਿਆ ਸਕੱਤਰ, ਉੱਘਾ ਕੌਮਾਂਤਰੀ ਨਿਵੇਸ਼ਕ ਸਟਾਕ ਬੇਸੈਂਟ ਖ਼ਜ਼ਾਨਾ ਸਕੱਤਰ, ਕਾਂਗਰਸ ਮੈਂਬਰ ਲੋਰੀ ਚਾਵੇਜ਼ ਕਿਰਤ ਸਕੱਤਰ, ਸਕਾਟ ਟਰਨਰ ਆਵਾਸ ਅਤੇ ਸ਼ਹਿਰੀ ਵਿਕਾਸ ਸਕੱਤਰ, ਬਰੁੱਕ ਰਿਸ ਖੇਤੀ ਸਕੱਤਰ, ਡੀਪ ਸਟੇਟ ਕਾਰਨਾਮਿਆਂ ਲਈ ਬਦਨਾਮ ਤੁਲਸੀ ਗੋਬਰਡ ਸਾਂਸਦ ਡਾਇਰੈਕਟਰ ਰਾਸ਼ਟਰੀ ਗੁਪਤਚਰ ਵਿਭਾਗ, ਡਾ. ਜੈਨੇਟ ਸਰਜਨ ਜਨਰਲ, ਮਾਰਟੀ ਮਾਕਰੀ ਐੱਫਡੀਏ ਕਮਿਸ਼ਨਰ ਆਦਿ ਸਮੇਤ ਨਿਯੁਕਤੀਆਂ ਧੜਾਧੜ ਹੋ ਰਹੀਆਂ ਹਨ। ਅਟਾਰਨੀ ਜਨਰਲ ਵਜੋਂ ਨਿਯੁਕਤ ਮੱਟ ਗੈਟਜ਼ ਦੀ ਥਾਂ 59 ਸਾਲਾ ਕਾਨੂੰਨੀ ਮਾਹਿਰ ਪਾਮ ਬਾਂਡੀ ਨਿਯੁਕਤ ਕੀਤੀ ਕਿਉਂਕਿ ਮੱਟ ਗੈਟਜ਼ ਨਾਬਾਲਗ ਲੜਕੀ ਦੇ ਸ਼ੋਸ਼ਣ ਅਤੇ ਡਰੱਗ ਲੈਣ ਦੇ ਦੋਸ਼ਾਂ ਕਰ ਕੇ ਲਾਂਭੇ ਹੋ ਗਿਆ।

ਟਰੰਪ ਅਮਰੀਕਾ ਵਿੱਚੋਂ 13 ਮਿਲੀਅਨ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਆਪਣੀ ਦੂਸਰੀ ਪਾਰੀ ਦੇ ਪਹਿਲੇ ਦਿਨ ਤੋਂ ਦੇਸ਼ ਵਿੱਚੋਂ ਬਾਹਰ ਸੁੱਟਣ ਦਾ ਪ੍ਰੋਗਰਾਮ ਸ਼ੁਰੂ ਕਰੇਗਾ। ਪਿਛਲੇ ਕਾਰਜਕਾਲ ਵਿਚ ਉਸ ਨੇ 1.5 ਮਿਲੀਅਨ ਗ਼ੈਰ ਕਾਨੂੰਨੀ ਪਰਵਾਸੀ ਬਾਹਰ ਕੱਢੇ ਸਨ। ਇਸ ਮੰਤਵ ਲਈ ਅਲੀਨ ਐਨੀਮੀ ਐਕਟ 1798 ਅਤੇ ਰਾਸ਼ਟਰਪਤੀ ਆਈਜ਼ਨਹਾਵਰ ਦਾ 1954 ਮਾਡਲ ਅਮਲ ਵਿਚ ਲਿਆਵੇਗਾ। ਇਸ ਕਾਰਜ 'ਤੇ 315 ਬਿਲੀਅਨ ਡਾਲਰ ਖ਼ਰਚ ਆਉਣਗੇ।

ਪਿਛਲੇ 75 ਸਾਲਾਂ ਤੋਂ ਅਮਰੀਕਾ ਨਸਲਘਾਤ ਨੀਤੀ 'ਤੇ ਚੱਲ ਰਿਹਾ ਹੈ। ਟਰੰਪ ਪ੍ਰਸ਼ਾਸਨ ਵੀ ਇਸ ਵਿਚ ਕੋਈ ਤਬਦੀਲੀ ਨਹੀਂ ਕਰਨ ਵਾਲਾ। ਅਮਰੀਕਾ ਵਿਸ਼ਵ ਦੇ ਬਦਨਾਮ ਨਸਲਘਾਤੀ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਹਮਾਇਤ ਜਾਰੀ ਰੱਖੇਗਾ। ਅਮਰੀਕਾ ਦੀ ਅਮੀਰੀ ਦੇ ਮੱਥੇ 'ਤੇ ਬੇਘਰੇ ਟੱਪਰੀਵਾਸ, ਗਲੀਆਂ ਵਿਚ ਰੁਲਣ ਵਾਲੇ ਲੱਖਾਂ ਲੋਕਾਂ ਦਾ ਬਦਨੁਮਾ ਦਾਗ਼ ਕਾਇਮ ਹੈ।

ਇਸ ਬਾਰੇ ਟਰੰਪ ਪ੍ਰਸ਼ਾਸਨ ਚੁੱਪ ਹੈ। ਦਸ ਵੱਡੇ ਸ਼ਹਿਰਾਂ ਜਿਵੇਂ ਸਾਨ ਫ੍ਰਾਂਸਿਸਕੋ ਵਿਚ 7082, ਸੈਕਰਾਮੈਂਟੋ 'ਚ 9281, ਫੋਨਿਕਸ 'ਚ 9642, ਓਕਲੈਂਡ 'ਚ 9759, ਸੇਨਜੋਸ਼ੇ 'ਚ 9903, ਡੈਨੇਵਰ 'ਚ 10054, ਸੇਨ ਡਾਇਗੋ 'ਚ 10264, ਸੀਆਟਲ 'ਚ 14444, ਲਾਸ ਏਂਜਲਸ 'ਚ 71312 ਅਤੇ ਨਿਊਯਾਰਕ ਵਿਚ 88000 ਬੇਘਰੇ ਲੋਕ ਰੁਲ ਰਹੇ ਹਨ।

ਰੂਸ-ਯੂਕਰੇਨ ਜੰਗ ਦੇ ਖ਼ਾਤਮੇ ਲਈ ਟਰੰਪ ਖ਼ੁਫ਼ੀਆ ਵਿਭਾਗ ਪ੍ਰਮੁੱਖ ਰਿਚਰਡ ਗ੍ਰੈਨੇਲ ਨੂੰ ਚੁਣ ਰਹੇ ਹਨ। ਇਹ ਅਤਿ-ਜ਼ਰੂਰੀ ਹੈ ਤੀਸਰੀ ਵਿਸ਼ਵ ਜੰਗ ਦੇ ਭਾਂਬੜ ਰੋਕਣ ਲਈ। ਅਮਰੀਕਾ ਦੀ ਵਿਸ਼ਵ ਵਿਚ ਘਟਦੀ ਸਾਖ਼ ਨੂੰ ਮੁੜ ਨੰਬਰ ਇਕ ਸਥਾਪਤ ਕਰਨ ਲਈ ਟਰੰਪ ਵਚਨਬੱਧ ਲੱਗਦਾ ਹੈ। ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਉਹ ਸਭ ਅਮਰੀਕੀਆਂ ਨੂੰ ਨਾਲ ਲੈ ਕੇ ਚੱਲੇਗਾ। ਪਥਾੜੇਬਾਜ਼ੀ ਤੋਂ ਗੁਰੇਜ਼ ਕਰੇਗਾ।

---

# ਕਦੋਂ ਤੱਕ?

**ਲਿਖਤ : ਐਡਵੋਕੇਟ ਹਰਦੀਪ ਸਿੰਘ ਭੱਟੀ**

**ਸੰਪਰਕ:** 78379-63067

"ਭੈਣੋ ਤੇ ਭਰਾਵੋ, ਸਮੂਹ ਕਿਸਾਨ ਭਰਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਜੇਕਰ ਕੋਈ ਕਿਸਾਨ ਪਰਾਲੀ ਨੂੰ ਅੱਗ ਲਾਉਂਦਾ ਹੈ ਤਾਂ ਉਸ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਤੇ ਉਸ ਦਾ ਚਲਾਣ ਕੱਟਿਆ ਜਾਵੇਗਾ ਅਤੇ ਫਰਦ'ਤੇ ਵੀ ਰੈੱਡ ਐਂਟਰੀ ਕੀਤੀ ਜਾਵੇਗੀ ਅਤੇ ਸੈਕਸ਼ਨ 39 ਅਤੇ 37 ਆਫ ਏਅਰ (ਪ੍ਰੀਵੈਂਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ 1981 ਅਧੀਨ ਪਰਚਾ ਦਰਜ ਕਰਦੇ ਹੋਏ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਸੂਚਨਾ ਕਿਸਾਨ ਭਰਾਵਾਂ ਨੂੰ ਜਾਣਕਾਰੀ ਹਿਤ ਹੈ ਕਿ ਪਰਾਲੀ ਨੂੰ ਅੱਗ ਨਾ ਲਗਾ ਕੇ ਸਰਕਾਰ ਨੂੰ ਸਹਿਯੋਗ ਦਿਉ।" ਸਰਪੰਚ ਲਾਭ ਸਿੰਘ ਪੰਚਾਇਤ 'ਕੱਠੀ ਕਰ ਕੇ ਸਾਰਿਆਂ ਨੂੰ ਝੋਨੇ ਦੇ ਨਾੜ ਨੂੰ ਅੱਗ ਲਗਾਉਣ ਤੋਂ ਮਨ੍ਹਾਂ ਕਰ ਰਿਹਾ ਸੀ ਤੇ ਸਰਕਾਰਾਂ ਵੱਲੋਂ ਜਾਰੀ ਹੋਰ ਬਦਲ ਅਪਣਾਉਣ ਨੂੰ ਸਮਝਾ ਰਿਹਾ ਸੀ। ਉਹ ਅੱਗੇ ਬੋਲਿਆ, "ਨਾੜ ਨੂੰ ਲੱਗੀ ਅੱਗ ਕਾਰਨ ਵਾਪਰਦੇ ਹਾਦਸਿਆਂ ਵਿੱਚ ਕਿੰਨੇ ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਹਵਾ ਪ੍ਰਦੂਸ਼ਣ ਨਾਲ ਬੱਚਿਆਂ, ਬਜ਼ੁਰਗਾਂ ਤੇ ਸਾਹ ਦੀ ਬਿਮਾਰੀ ਵਾਲਿਆਂ ਨੂੰ ਕਿੰਨੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਵੀ ਇਹ ਆਤਮਘਾਤੀ ਖੇਡ ਕਿਉਂ ਚੱਲ ਰਹੀ ਹੈ। ਭਾਰਤ ਵਿੱਚ ਹਰ ਸਾਲ ਹਵਾ ਪ੍ਰਦੂਸ਼ਣ ਕਾਰਨ 20 ਲੱਖ ਮੌਤਾਂ ਹੁੰਦੀਆਂ ਹਨ।" ਪੜ੍ਹਿਆ ਲਿਖਿਆ ਸਰਪੰਚ ਲਾਭ ਸਿੰਘ ਆਪਣੇ ਪਿੰਡ ਦੇ ਲੋਕਾਂ ਨੂੰ ਬੜੇ ਤਰਕ ਨਾਲ ਸਮਝਾ ਰਿਹਾ ਸੀ।

ਸਾਬਕਾ ਸਰਪੰਚ ਸੇਵਾ ਸਿੰਘ ਲਾਭ ਸਿੰਘ ਤੋਂ ਖਾਰ ਖਾਂਦਾ ਸੀ ਤੇ ਉਹ ਹਮੇਸ਼ਾ ਲਾਭ ਸਿੰਘ ਦੀ ਗੱਲ ਤੋਂ ਉਲਟਾ ਕੰਮ ਕਰਦਾ। ਸੇਵਾ ਸਿੰਘ ਨੇ ਅੱਜ ਦੀ ਅੱਜ ਹੀ ਝੋਨੇ ਦੀ ਕਟਾਈ ਦਾ ਕੰਮ ਮੁਕਾਇਆ ਸੀ। ਉਹਨੇ ਕਟਾਈ ਤੋਂ ਬਾਅਦ ਨਾੜ ਨੂੰ ਅੱਗ ਲਗਾ ਦਿੱਤੀ। ਉਸ ਦਾ ਖੇਤ ਸੜਕ ਕਿਨਾਰੇ ਸੀ। ਸੜਕ ਉੱਤੇ ਸੇਕ ਤੇ ਧੂੰਆਂ ਧੂੰਆਂ ਹੋ ਗਿਆ। ਲੋਕਾਂ ਦਾ ਲੰਘਣਾ ਮੁਹਾਲ ਹੋ ਗਿਆ। ਕਈ ਪੰਛੀ ਧੂੰਏਂ ਤੇ ਅੱਗ ਦੇ ਸੇਕ ਨਾਲ ਤੜਫ਼ਣ ਲੱਗੇ। ਇੰਨੇ ਨੂੰ ਇੱਕ ਕਾਰ ਆਈ। ਕੁਝ ਦਿਸਦਾ ਨਾ ਹੋਣ ਕਰਕੇ ਸੜਕ ਕਿਨਾਰੇ ਲੱਗੇ ਦਰੱਖ਼ਤ ਨਾਲ ਜ਼ੋਰ ਦੀ ਟਕਰਾਈ। ਜ਼ੋਰਦਾਰ ਧਮਾਕਾ ਹੋਇਆ। ਪਿੰਡ ਦੇ ਲੋਕ ਧਮਾਕੇ ਵਾਲੀ ਥਾਂ ਵੱਲ ਭੱਜੇ। ਲੋਕਾਂ ਨੇ ਦੇਖਿਆ ਕਿ ਕਾਰ ਸਵਾਰ ਡਰਾਈਵਰ ਸੀਟ 'ਤੇ ਬੈਠੇ ਆਦਮੀ ਦੀ ਮੌਤ ਹੋ ਚੁੱਕੀ ਸੀ ਤੇ ਨਾਲ ਬੈਠੀ ਔਰਤ ਦੇ ਸਿਰ 'ਤੇ ਗੰਭੀਰ ਸੱਟ ਲੱਗਣ ਕਰਨ ਉਹ ਬੇਹੋਸ਼ ਸੀ। ਚਿਹਰੇ ਬੇਪਛਾਣ ਹੋਏ ਪਏ ਸਨ। ਕਿਸੇ ਨੇ ਕਾਰ ਦੇਖੀ ਤਾਂ ਪਤਾ ਲੱਗਾ ਕਿ ਇਹ ਕਾਰ ਸੇਵਾ ਸਿੰਘ ਦੇ ਜਵਾਈ ਹਰਪ੍ਰੀਤ ਦੀ ਹੈ। ਸੇਵਾ ਸਿੰਘ ਦੇ ਘਰੇ ਖ਼ਬਰ ਭੇਜੀ। ਸੇਵਾ ਸਿੰਘ ਦਾ ਪਰਿਵਾਰ ਭੱਜਿਆ ਆਇਆ। ਉਹਦੀ ਘਰਵਾਲੀ ਧੀ-ਜਵਾਈ ਦੀ ਹਾਲਤ ਦੇਖ ਗਸ਼ ਖਾ ਕੇ ਡਿੱਗ ਪਈ। ਉਸ ਦੀ ਧੀ ਨੂੰ ਲੋਕਾਂ ਨੇ ਹਸਪਤਾਲ ਦਾਖਲ ਕਰਾਇਆ। ਸੇਵਾ ਸਿੰਘ ਵੀ ਹਾਦਸਾ ਦੇਖ ਕੇ ਸੁੰਨ ਹੀ ਹੋ ਗਿਆ। ਉਸ ਦੀ ਹਾਲਤ ਕਈ ਦਿਨ ਪਾਗਲਾਂ ਵਰਗੀ ਰਹੀ। ਉਹ ਆਪਣਾ ਦੋਸ਼ ਮੰਨ ਰਿਹਾ ਸੀ। ਉਸ ਦੀ ਬੇਮਤਲਬ ਦੀ ਖ਼ਾਰ ਨੇ ਉਸੇ ਦੀ ਧੀ ਦੀ ਦੁਨੀਆ ਉਜਾੜ ਦਿੱਤੀ।

ਹੁਣ ਸੇਵਾ ਸਿੰਘ ਵੀ ਲਾਭ ਸਿੰਘ ਨਾਲ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਆਪਣੇ ਧੀ ਜਵਾਈ ਨਾਲ ਹੋਏ ਹਾਦਸੇ ਬਾਰੇ ਦੱਸ ਕੇ ਲੋਕਾਂ ਨੂੰ ਨਾੜ ਨੂੰ ਅੱਗ ਨਾ ਲਗਾਉਣ ਦੀ ਬੇਨਤੀ ਕਰ ਸਰਕਾਰਾਂ ਵੱਲੋਂ ਜਾਰੀ ਹੋਰ ਬਦਲ ਅਪਣਾਉਣ ਦੀ ਬੇਨਤੀ ਕਰ ਕੇ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਅ ਰਿਹਾ ਸੀ।

# ‘ਪਵਣੁ ਗੁਰੂ’ ਦੀ ਸੇਵ ਕਮਾਈਏ

ਲਿਖਤ : ਲਖਵਿੰਦਰ ਸਿੰਘ ਰਈਆ
ਸੰਪਰਕ: 61430204832



ਕਰੀਬ ਪੰਜ-ਛੇ ਸੌ ਸਾਲ ਪਹਿਲਾਂ ਅੱਜ ਨਾਲੋਂ ਰੁੱਖਾਂ ਦੀ ਕਈ ਗੁਣਾਂ ਬਹੁਤਾਤ ਹੋਵੇਗੀ, ਨਿਰਮਲ ਨੀਰ ਤੇ ਸ਼ੁੱਧ ਵਾਤਾਵਰਨ ਦਾ ਵੀ ਪੂਰਾ ਬੋਲਬਾਲਾ ਹੋਵੇਗਾ। ਫਿਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਆਧਾਰ ਮੁੱਖ ਤੱਤਾਂ ਹਵਾ, ਪਾਣੀ, ਮਿੱਟੀ (ਧਰਤੀ) ਦਾ ਸਤਿਕਾਰ ਕਰਦਿਆਂ ਅਤੇ ਇਨ੍ਹਾਂ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਉਚਾਰਿਆ ਸੀ;

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥

ਪਰ ਕੁਦਰਤ ਦੇ ਸਿਰਮੌਰ ਜੀਵ ਅਜੋਕੇ ਮਨੁੱਖ ਨੇ ਅਖੌਤੀ ਵਿਕਾਸ ਦੇ ਨਾਂ ’ਤੇ ਇਨ੍ਹਾਂ ਤਿੰਨਾਂ ਤੱਤਾਂ ਦਾ ਹੀ ਸਤਿਆਨਾਸ ਕਰਕੇ ਰੱਖ ਦਿੱਤਾ ਹੈ। ਨਤੀਜੇ ਵਜੋਂ ਸਾਨੂੰ ਸਭਨਾਂ ਨੂੰ ਵੱਖ ਵੱਖ ਮੁਸੀਬਤਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਵਾਤਾਵਰਨ ਦਾ ਬਹੁਤ ਹੀ ਮਹੱਤਵਪੂਰਨ ਅੰਗ ‘ਪਵਣੁ ਗੁਰੂ’ (ਹਵਾ) ਵੱਖ ਵੱਖ ਗੈਸਾਂ ਦਾ ਸਮੂਹ ਹੈ ਜੋ ਇੱਕ ਅਦਿੱਖ ਪਰ ਮਹਿਸੂਸ ਹੋਣ ਵਾਲਾ ਪਾਰਦਰਸ਼ੀ ਰੰਗ ਹੀਣ ਕੁਦਰਤ ਦਾ ਵਿਸ਼ੇਸ਼ ਅੰਸ਼ ਹੈ। ਇਸ ਸਮੂਹ ਵਿੱਚ ਨਾਈਟ੍ਰੋਜਨ 78%, ਆਕਸੀਜਨ 21%, ਆਰਗਨ 0.90, ਕਾਰਬਨਡਾਇਆਕਸਾਈਡ 0.04 % ਅਤੇ ਨਿਆਨ, ਹੀਲੀਅਮ, ਮੀਥੇਨ, ਕ੍ਰਿਪਟਾਨ, ਹਾਈਡ੍ਰੋਜਨ, ਨਾਈਟਰਸ ਆਕਸਾਈਡ ਤੇ ਜੀਨਾਨ ਗੈਸਾਂ ਆਇਤਨ ਦੀ ਕੁਦਰਤੀ ਪ੍ਰਤੀਸ਼ਤ ਅਨੁਸਾਰ ਮੌਜੂਦ ਹਨ। ਇਨ੍ਹਾਂ ਗੈਸਾਂ ਦਾ ਕੁਦਰਤੀ ਸੰਤੁਲਿਤ ਆਇਤਨ ਧਰਤੀ ਤੇ ਇਸ ਦੇ ਆਲੇ ਦੁਆਲੇ ਵਿੱਚ ਕਾਫ਼ੀ ਵੱਡਾ ਤੇ ਪ੍ਰਭਾਵਸ਼ਾਲੀ ਯੋਗਦਾਨ ਪਾ ਰਿਹਾ ਹੈ। ਗੈਸਾਂ ਦੀ ਇਹ ਆਇਤਨ ਜਨ ਜੀਵਨ ਲਈ ਲੋੜੀਂਦੇ ਤੱਤਾਂ ਦੀ ਇਕਸਾਰਤਾ/ ਸੰਤੁਲਨ ਨੂੰ ਬਣਾਈ ਰੱਖਣ ਲਈ ਵਾਯੂਮੰਡਲੀ ਹਰਕਤ/ਚਲਨ ਦਾ ਇੱਕ ਮਹੱਤਵਪੂਰਨ ਧੁਰਾ ਹੈ। ਧਰਤੀ ਤੋਂ ਕਰੀਬ 90 ਕਿਲੋਮੀਟਰ ਦੂਰੀ ਤੋਂ ਬਾਅਦ ਹੀ ਇਸ ਇਕਸਾਰਤਾ ਵਿੱਚ ਕੁਝ ਬਦਲਾਅ ਹੋਣਾ ਸ਼ੁਰੂ ਹੁੰਦਾ ਹੈ।

ਬੇਸ਼ੱਕ ਹਵਾ ਵਿਚਲੀਆਂ ਸਭ ਗੈਸਾਂ ਦਾ ਇਹ ਮਿਸ਼ਰਣ ਸਭ ਪ੍ਰਕਾਰ ਦੇ ਜਨ ਜੀਵਨ ਲਈ ਕਿਸੇ ਨਾ ਕਿਸੇ ਰੂਪ ਵਿੱਚ ਬਹੁਤ ਹੀ ਮਹੱਤਵਪੂਰਨ ਹੈ, ਪਰ ਸਾਹ ਪ੍ਰਣਾਲੀ ਉੱਪਰ ਨਿਰਭਰ ਮਨੁੱਖ ਸਮੇਤ ਕਰੀਬ ਹਰ ਜੀਵ ਜੰਤੂ ਦਾ ਜੀਵਨ ਚੱਲਦਾ ਰੱਖਣ ਲਈ ਸਾਹਾਂ ਵਿਚਲੀ ਸੰਜੀਵਨੀ ਗੈਸ ਆਕਸੀਜਨ ਹੀ ਹੁੰਦੀ ਹੈ। ਮਾਂ ਦੇ ਗਰਭ ਤੋਂ ਲੈ ਕੇ ਜਿਊਂਦੇ ਜਾਗਦੇ ਜੀਵਨ ਦੀ ਮੁੱਖ ਨਿਸ਼ਾਨੀ ਚੱਲਦੇ ਸਾਹ ਹੀ ਹੁੰਦੇ ਹਨ। ਨਿਢਾਲ/ਬੇਸੁਰਤ ਸਰੀਰ ਵਿੱਚ ਵੀ ਚੱਲਦੇ ਸਾਹ ਹੀ ਜੀਵਨ ਦੀ ਜਗਦੀ ਜੋਤ ਦੇ ਸਬੂਤ ਹੁੰਦੇ ਹਨ। ਨਿਰੰਤਰ ਚੱਲਦੇ ਸਾਹ ਦਾ ਪ੍ਰਵਾਹ ਬੰਦ ਹੋਣ ’ਤੇ ਹੀ ਜੀਵਨ ਦਾ ਅੰਤ ਹੁੰਦਾ ਹੈ। ਪਰ ਵੱਡੀ ਮਾਤਰਾ ਵਿੱਚ ਪੈਦਾ ਹੋ ਰਿਹਾ ਧੂੰਆਂ ਸ਼ੁੱਧ ਸਾਹ ਦਾ ਸਭ ਤੋਂ ਵੱਡਾ ਦੁਸ਼ਮਣ ਹੈ।

ਗੈਸਾਂ ਦੇ ਕੁਦਰਤੀ ਸੰਤੁਲਨ ਦੇ ਵਿਗਾੜ ਦਾ ਵੱਡਾ ਕਾਰਕ ਬੇਹਤਾਸ਼ਾ ਉੱਠਦੇ ਧੂੰਏਂ ਦੇ ਵੱਡੇ ਵੱਡੇ ਗੁਬਾਰ ਹੀ ਹਨ। ਕਾਰਖਾਨਿਆਂ/ਭੱਠਿਆਂ ਦੀਆਂ ਚਿਮਨੀਆਂ, ਬੇਹਤਾਸ਼ਾ ਚੱਲਦੇ ਵਾਹਨਾਂ ਵਿੱਚ ਸੜਦੇ ਪੈਟਰੋਲੀਅਮ ਪਦਾਰਥਾਂ, ਬੀੜੀਆਂ/ਸਿਗਰਟਾਂ/ ਚਿਲਮਾਂ ਅਤੇ ਤਿੱਥਾਂ ਤਿਉਹਾਰਾਂ ’ਤੇ ਚੱਲਦੀ ਆਤਿਸ਼ਬਾਜ਼ੀ, ਫੂਕੇ ਜਾਂਦੇ ਪੁਤਲੇ ਤੇ ਮੌਸਮੀ (ਸਾਲ ਬਾਅਦ) ਸੜਦੇ ਨਾੜ ਪਰਾਲੀ ਆਦਿ ਧੂੰਆਂ ਪੈਦਾ ਕਰਨ ਦੇ ਵੱਡੇ ਕਾਰਕ ਹਨ। ਹੱਦੋਂ ਵੱਧ ਪੈਦਾ ਹੁੰਦਾ ਧੂੰਆਂ/ਸੁਆਹ/ ਮਿੱਟੀ ਦੇ ਧੂੜ ਕਣ ਆਪਣਾ ਵਿਕਰਾਲ ਰੰਗ ਰੂਪ ਵਿਖਾ ਰਹੇ ਹਨ। ਜਿਸ ਨਾਲ ਵੱਡੀ ਪੱਧਰ ’ਤੇ ਜੋ ਹਵਾ ਪਲੀਤ ਹੋ ਰਹੀ ਹੈ, ਉਹ ਕਿਸੇ ਤੋਂ ਵੀ ਲੁਕੀ ਛਿਪੀ ਨਹੀਂ ਹੈ।

ਇਸ ਤੋਂ ਇਲਾਵਾ ਏਸੀ ਦੀ ਬਣਾਉਟੀ ਠੰਢਕ ਦਾ ਸੁੱਖ ਮਾਣਨ ਦਾ ਵਧ ਰਿਹਾ ਰੁਝਾਨ ਸਰੀਰ ਨੂੰ ਵੀ ਬਿਮਾਰ ਕਰਦਾ ਹੈ ਅਤੇ ਇਸ ਵੱਲੋਂ ਹਵਾ ਵਿਚਲੀ ਨਮੀ ਚੂਸਣ, ਵੱਡੀ ਮਾਤਰਾ ਵਿੱਚ ਤਪਸ਼ ਤੇ ਕਾਰਬਨ ਡਾਇਆਕਸਾਈਡ ਛੱਡਣ ਦੀ ਪ੍ਰਕਿਰਿਆ ਜਲਵਾਯੂ ਨੂੰ ਹੋਰ ਤਪਾਉਂਦੀ ਵੀ ਹੈ ਤੇ ਗੰਧਲਾ ਵੀ ਕਰਦੀ ਹੈ। ਧੂੰਏਂ ਮਿੱਟੀ, ਸੁਆਹ ਤੇ ਧੂੜ ਮਿੱਟੀ ਕਣਾਂ ਤੇ ਕਾਰਬਨ ਡਾਇਆਕਸਾਈਡ ਦਾ ਹੱਦੋਂ ਵੱਧ ਵਾਯੂਮੰਡਲ ਵਿੱਚ ਰਲੇਵਾਂ ਹਵਾ ਵਿਚਲੇ ਕੁਦਰਤੀ ਗੈਸੀ ਮਿਸ਼ਰਣ ਦੇ ਕੁਦਰਤੀ ਸੰਤੁਲਨ ਵਿੱਚ ਵੱਡੀ ਗੜਬੜ ਪੈਦਾ ਕਰਕੇ ਸਾਡੇ ਵੱਲੋਂ ਲਏ ਜਾਣ ਵਾਲੇ ਸਾਹਾਂ ਨੂੰ ਅੱਤ ਦਰਜੇ ਤੱਕ ਜ਼ਹਿਰੀਲਾ ਬਣਾ ਰਿਹਾ ਹੈ। ਫਿਰ ਹਰ ਸਾਹ ਨਾਲ ਵੱਡੀ ਮਾਤਰਾ ਵਿੱਚ ਅੰਦਰ ਜਾਂਦੀ ਇਹ ਗੈਸੀ ਜ਼ਹਿਰ ਸਾਡੇ ਸਰੀਰਾਂ ਵਿੱਚ ਜਾ ਕੇ ਵੱਡੇ ਵੱਡੇ ਰੋਗਾਂ ਦਾ ਮੁੱਢ ਬੰਨ੍ਹ ਰਹੀ ਹੈ। ਇਸ ਨਾਲ ਕਈ ਨਾਮੁਰਾਦ ਬਿਮਾਰੀਆਂ ਗ਼ਲ ਪੈ ਰਹੀਆਂ ਹਨ।

ਸਿਹਤ ਵਿਗਿਆਨੀਆਂ ਅਨੁਸਾਰ ਧੂੰਏਂ ਭਰੇ ਵਾਤਾਵਰਨ ਵਿੱਚ ਜ਼ਿਆਦਾ ਸਮੇਂ ਤੱਕ ਸਾਹ ਲੈਣ ਨਾਲ ਪੂਰੀ ਦੀ ਪੂਰੀ ਸਾਹ ਪ੍ਰਣਾਲੀ ਨੁਕਸਾਨੀ ਜਾਂਦੀ ਹੈ। ਫੇਫੜਿਆਂ ’ਤੇ ਬਹੁਤ ਜ਼ਿਆਦਾ ਮਾੜਾ ਅਸਰ ਪੈਂਦਾ ਹੈ। ਫੇਫੜਿਆਂ ਦਾ ਕੈਂਸਰ, ਨੱਕ ਦੇ ਸਾਈਨਸਾਂ ਦਾ ਕੈਂਸਰ, ਦਿਲ ਦੀ ਬਿਮਾਰੀ, ਸਟਰੋਕ, ਖੰਘ, ਦਮੇ, ਬ੍ਰੋਨਕਾਈਟਸ, ਸੀਓਪੀਡੀ, ਅੱਖਾਂ ਵਿੱਚ ਜਲਨ, ਚਮੜੀ ਆਦਿ ਰੋਗਾਂ ਵਿੱਚ ਖ਼ਤਰਨਾਕ ਹੱਦ ਤੱਕ ਵਾਧਾ ਹੁੰਦਾ ਹੈ।

ਸਾਹ ਪ੍ਰਣਾਲੀ ਦਾ ਵਿਗਾੜ ਸਿਰਫ਼ ਸਾਡੇ ਸਰੀਰ ਨੂੰ ਹੀ ਨਹੀਂ ਲੈ ਬਹਿੰਦਾ ਸਗੋਂ ਆਉਣ ਵਾਲੀ ਪੀੜ੍ਹੀ ’ਤੇ ਵੀ ਬਹੁਤ ਭੈੜਾ ਅਸਰ ਛੱਡਦਾ ਹੈ। ਪ੍ਰਦੂਸ਼ਿਤ ਚੌਗਿਰਦੇ ਕਾਰਨ ਮਨੁੱਖੀ ਨਸਲ ਅਤੇ ਡੀਐੱਨਏ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਵਧਦੀ ਹੈ।

ਹਵਾ ਦੀ ਮਾੜੀ ਗੁਣਵੱਤਾ ਨੂੰ ਲੈ ਕੇ ਸਾਡੇ ਮੁਲਕ ਦੀ ਸਥਿਤੀ ਕਾਫ਼ੀ ਮਾੜੀ ਤੇ ਚਿੰਤਾਜਨਕ ਬਣੀ ਚੁੱਕੀ ਹੈ। ਪ੍ਰਦੂਸ਼ਿਤ ਹਵਾ ਦੇ ਮਾਮਲੇ ਵਿੱਚ ਭਾਰਤ ਦੁਨੀਆ ਦਾ ਤੀਸਰਾ ਮੁਲਕ ਬਣ ਚੁੱਕਾ ਹੈ। ਸਟੇਟ ਆਫ ਗਲੋਬਲ ਏਅਰ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ ਕਰੀਬ 13 ਲੱਖ ਲੋਕ ਪ੍ਰਦੂਸ਼ਿਤ ਹਵਾ ਕਾਰਨ ਭਿਆਨਕ ਤੋਂ ਭਿਆਨਕ ਬਿਮਾਰੀਆਂ ਦੀ ਭੇਟ ਚੜ੍ਹ ਰਹੇ ਹਨ। ਇਸ ਤੋਂ ਵੀ ਅੱਗੇ ਜਨਰਲ ਨੇਚਰ ਕਮਿਊਨੀਕੇਸ਼ਨ ਦੀ ਰਿਪੋਰਟ ਮੁਤਾਬਕ ਸਾਹ ਰਾਹੀਂ ਖਿੱਚੀ ਗਈ ਧੂੰਏਂ ਦੀ ਕਾ.ਲਖ/ਕਾਰਬਨ ਦੇ ਕਣ ਗਰਭ ਵਿੱਚ ਪ.ਲ ਰਹੇ ਭਰੂਣ ਦੀ ਕੁਦਰਤੀ ਸੁਰੱਖਿਆ ਦੇ ਕਵਚ ਤੋੜ ਕੇ ਭਰੂਣ ਨੂੰ ਨੁਕਸਾਨ ਪਹੁੰਚਾਉਣ ਦੇ ਸਮਰੱਥ ਹਨ ਜਿਸ ਨਾਲ ਗਰਭਪਾਤ ਹੋਣਾ, ਸਮੇਂ ਤੋਂ ਪਹਿਲਾਂ ਹੀ ਬੱਚਿਆਂ ਦਾ ਪੈਦਾ ਹੋਣਾ ਤੇ ਨਵਜਾਤ ਦਾ ਅੰਡਰਵੇਟ ਰਹਿਣਾ ਆਦਿ ਅਲਾਮਤਾਂ ਦੇ ਵੱਡੇ ਕਾਰਨ ਬਣ ਰਹੇ ਹਨ।

ਬੇਤਹਾਸ਼ਾ ਧੂੰਆਂ ਫੈਲਾਉਣ ਵਾਲੇ ਸਾਧਨਾਂ ਦੇ ਨੇੜੇ ਤੇੜੇ ਵੱਸਣ, ਕੰਮਕਾਜ ਕਰਨ ਵਾਲਿਆਂ ਦੀ ਤ੍ਰਾਸਦੀ ਹੀ ਹੈ ਕਿ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਜ਼ਹਿਰੀਲੇ ਧੂੰਏਂ ਦੀ ਚਾਦਰ (ਸਮੌਗੀ ਵਾਰਤਾਵਰਨ) ਦੇ ਸੰਤਾਪ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਫਿਰ ਵੀ ਬਹੁਤੇ ਲੋਕ ਵਾਤਵਰਨ ਪ੍ਰਤੀ ਅੱਖਾਂ ਮੀਟੀ ਬੈਠੇ ਹਨ, ਪਰ ਫਿਰ ਵੀ ‘ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥ ਅਨੁਸਾਰ ਅਜਿਹੇ ਭਿਆਨਕ ਦੌਰ ਦੇ ਹਰ ਖੇਤਰ ਦੇ ਗ਼ਲਤ ਵਰਤਾਰਿਆਂ ਰੂਪੀ ਅੱਗ ਵਿੱਚ ਵੀ ਕੁਝ ਮਾਣਮੱਤੇ ਲੋਕ ਅਜਿਹੇ ਹਨ ਜੋ ਇਸ ਸਚਾਰੂ ਸੋਚ ਦੇ ਮਾਲਕ ਹਨ ਕਿ ਕਿਰਤ ਵੀ ਕਰਨੀ ਹੈ, ਪਰ ਕੁਦਰਤ ਨਾਲ ਵੀ ਹਮਸਫ਼ਰ ਬਣ ਕੇ ਵਿਚਰਨਾ ਹੈ। ਵੱਖ-ਵੱਖ ਖੇਤਰਾਂ ਵਿੱਚ ਵਸਦੇ ਧਰਤੀ ਮਾਂ ਦੇ ਅਜਿਹੇ ‘ਸਾਊ ਸਪੂਤ’ ਕੁਦਰਤ ਦੇ ਹੋ ਰਹੇ ਘਾਣ ਨੂੰ ਘਟਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਜਿੱਥੇ ਉਹ ਕੁਦਰਤ ਪੱਖੀ ਪਰਉਪਕਾਰੀ ਕਦਮ ਉਠਾਉਂਦੇ ਹੋਏ ਧੂੰਆਂ ਫੈਲਾਉਣ ਵਾਲੇ ਸੰਦਾਂ/ਸਾਧਨਾਂ ਦੀ ਗੈਰ ਜ਼ਰੂਰੀ ਵਰਤੋਂ ਤਾਂ ਉੱਕਾ ਹੀ ਨਹੀਂ ਕਰਦੇ।

ਕੁਝ ਸਮਝਦਾਰ ਕਾਰਖਾਨੇਦਾਰ, ਭੱਠਿਆਂ ਦੇ ਪ੍ਰਬੰਧਕ ਧੂੰਏ ਦੀ ਲਗਾਮ ਕੱਸਣ ਦੇ ਸਚਾਰੂ ਪ੍ਰਬੰਧ ਕਰਨ ਲਈ ਹਮੇਸ਼ਾ ਯਤਨਸ਼ੀਲ ਹਨ। ਉੱਥੇ ਧਰਤੀ ਪੁੱਤਰ ਕਈ ਕਿਸਾਨ ਵੀ ਨਾੜ/ਪਰਾਲੀ ਨੂੰ ਸਾੜਨ ਬਗੈਰ ਹੀ ਨਿਪਟਾਰਾ ਕਰਦੇ ਆ ਰਹੇ ਹਨ। ਵਾਤਾਵਰਨ ਪੱਖੀ ਅਜਿਹੇ ਉੱਦਮੀਆਂ ਦੀ ਹਰ ਪੱਖੋਂ ਬਾਂਹ ਫੜਨ ਲਈ ਸਰਕਾਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਂਜ ਵੀ ਯਾਦ ਰੱਖਣਯੋਗ ਤੱਥ ਹੈ ਕਿ ਖੁਰਾਕ ਰੋਟੀ ਪਾਣੀ ਤੋਂ ਬਗੈਰ ਪੰਜ-ਸੱਤ ਦਿਨ ਤਾਂ ਨਿਕਲ ਸਕਦੇ ਹਨ, ਪਰ ਸ਼ੁੱਧ ਸਾਹਾਂ ਤੋਂ ਬਗੈਰ ਦੋ-ਚਾਰ ਮਿੰਟ ਵੀ ਨਹੀਂ ਨਿਕਲ ਸਕਦੇ। ਕੁਦਰਤ ਦੀ ਰਹਿਮਤ ਸ਼ੁੱਧ ਸਾਹ ਜੀਵਨ ਲਈ ਅੰਮ੍ਰਿਤ ਸਮਾਨ ਵਰਦਾਨ ਹੈ।

ਇਸ ਵਰਦਾਨ ਦੀ ਸਾਂਭ ਸੰਭਾਲ ਕਰਨਾ ਸਾਡਾ ਸਭ ਯਾਨੀ ਆਮ ਲੋਕਾਂ, ਕਿਸਾਨਾਂ, ਕਿਸਾਨ ਜਥੇਬੰਦੀਆਂ, ਖੇਤੀ ਵਿਗਿਆਨੀਆਂ, ਇੰਜਨੀਅਰਾਂ, ਬਾਲਣ ਵਜੋਂ ਕੋਲਾ ਵਰਤਣ ਵਾਲੇ ਕਾਰਖਾਨੇਦਾਰਾਂ, ਗੱਤਾ ਫੈਕਟਰੀਆਂ ਤੇ ਸਰਕਾਰਾਂ ਆਦਿ ਦਾ ਨੈਤਿਕ ਫਰਜ਼ ਵੀ ਬਣਦਾ ਹੈ। ਕੁਦਰਤ ਪ੍ਰੇਮੀ ਹੋਣ ਦਾ ਸਬੂਤ ਦਿੰਦਿਆਂ ਆਓ ਆਪਸੀ ਸਹਿਯੋਗ ਕਰਕੇ ਹਰ ਤਰ੍ਹਾਂ ਦੇ ਧੂੰਆਂ ਫੈਲਾਉਣ ਵਾਲੇ ਕਾਰਕਾਂ ਦੇ ਪ੍ਰਕੋਪ ਨੂੰ ਘਟਾਉਣ ਦੇ ਸੁਹਿਰਦ ਯਤਨ ਕਰੀਏ ਅਤੇ ਕੁਦਰਤ ਦੀ ਨਿਆਮਤ ਭਰੀ ਰਹਿਮਤ (ਸਾਹਾਂ ਦੀ ਸ਼ੁੱਧਤਾ) ਨੂੰ ਬਰਕਰਾਰ ਰੱਖੀਏ। ਇਸ ਦੇ ਨਾਲ ਨਾਲ ਜੀਵਨ ਦਾਤੇ, ਸ਼ੁੱਧ ਸਾਹਾਂ ਦੇ ਲੰਗਰ, ਅਨੇਕਾਂ ਸੁੱਖਾਂ ਦੇ ਸਾਧਨ ਰੁੱਖ ਵੱਧ ਤੋਂ ਵੱਧ ਲਾਈਏ ਵੀ ਤੇ ਪਾਲੀਏ ਵੀ ਜਿਨ੍ਹਾਂ ’ਤੇ ਪੰਛੀ ਵੀ ਆਪਣੇ ਰੈਣ ਬਸੇਰੇ/ਆਲ੍ਹਣੇ ਬਣਾ ਕੇ ਕੁਦਰਤ ਦੀ ਸੁਹਜ ਵਿੱਚ ਹੋਰ ਵਾਧਾ ਕਰ ਸਕਣ। ਸੋ ‘ਬਲਿਹਾਰੀ ਕੁਦਰਤ ਵਸਿਆ॥’’ ਨੂੰ ਸਿੱਜਦਾ ਕਰਦਿਆਂ ‘ਪਵਣੁ ਗੁਰੂ’ ਦੀ ਅਦੁੱਤੀ ਸੇਵ ਕਮਾਈਏ ਤੇ ਸ਼ੁੱਧ ਸਾਹਾਂ ਰਾਹੀਂ ਤੰਦਰੁਸਤੀ ਦਾ ਮੇਵਾ ਖਾਈਏ। ਸ਼ੁੱਧ ਵਾਤਾਵਰਨ ਵਿੱਚ ਆਪ ਵੀ ਤੰਦਰੁਸਤੀ ਭਰਿਆ ਜੀਵਨ ਜੀਵੀਏ ਤੇ ਹੋਰਨਾਂ ਨੂੰ ਵੀ ਜਿਊਣ ਦਈਏ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

# ਨਿੱਕੀਆਂ ਜਿੰਦਾਂ ਵੱਡੇ ਸਾਕੇ



ਲੇਖਕ : -ਕਰਨੈਲ ਸਿੰਘ ਐੱਮਏ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈਸਵੀ ਤੇ ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ. ਨੂੰ ਹੋਇਆ ਸੀ। ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, ਸੰਮਤ 1753 ਬਿਕਰਮੀ ਨੂੰ ਮਾਤਾ ਜਤੋ ਜੀ ਦੀ ਕੁੱਖੋਂ ਆਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ।

ਬਾਬਾ ਜ਼ੋਰਾਵਰ ਸਿੰਘ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫਤਿਹ ਸਿੰਘ ਦੀ ਲਗਪਗ 7 ਸਾਲ ਸੀ। ਲਾਸਾਨੀ ਕੁਰਬਾਨੀ ਦੇ ਕਾਰਨ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਨਮਾਨਿਆ ਜਾਂਦਾ ਹੈ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਅਤੇ ਇਸ ਨਾਲ ਸਬੰਧਤ ਘਟਨਾਵਾਂ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਇੱਕੀ ਦਸੰਬਰ 1704 ਈ. (ਸੰਮਤ 1761 ਬਿਕਰਮੀ) ਨੂੰ ਗੁਰੂ ਜੀ ਫ਼ੌਜਾਂ ਅਤੇ ਲਾਡਲੇ ਸਾਹਿਬਜ਼ਾਦਿਆਂ ਸਮੇਤ ਥੋੜ੍ਹੀ ਹੀ ਦੂਰ ਗਏ ਸਨ ਕਿ ਮੁਗ਼ਲ ਸੈਨਾ ਨੇ ਪਿੱਛਿਓਂ ਆ ਕੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਅੱਗੇ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਸਰਸਾ ਨੂੰ ਪਾਰ ਕਰਦੇ ਸਮੇਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਕਈ ਸਿੰਘ ਵੀ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪੁੱਜੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਨ੍ਹਾਂ ਦੇ ਪਿੰਡ ਖੇੜੀ ਨੇੜੇ ਮੋਰਿੰਡਾ ਕੋਲ ਜਾ ਪਹੁੰਚੇ। ਗੰਗੂ ਰਸੋਈਆ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇਕ ਕਮਰਾ ਦਿੱਤਾ। ਗੰਗੂ ਆਖ਼ਰ ਇਕ ਨੌਕਰ ਸੀ, ਉਹ ਗੁਰੂ ਦਾ ਸਿੱਖ ਨਹੀਂ ਸੀ। ਉਸ ਦੇ ਘਰਦਿਆਂ ਨੇ ਪ੍ਰੇਰਿਆ ਹੋਣੈ ਕਿ ਸਰਕਾਰ ਦੇ ਐਲਾਨੇ ਬਾਗ਼ੀ ਦੇ ਪਰਿਵਾਰ ਨੂੰ ਘਰ ਵਿਚ ਪਨਾਹ ਦੇ ਕੇ ਉਹ ਆਪਣੇ ਪਿੰਡ ਲਈ ਮੁਸੀਬਤ ਸਹੇੜ ਰਿਹਾ ਹੈ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਉਸ ਨੇ ਆਪਣੇ ਮਾਲਕ ਨਾਲ ਬੇਵਫ਼ਾਈ ਕੀਤੀ। ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ ਉਹ ਰਾਤ ਨੂੰ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੀ ਬਦਨੀਅਤ ਨੂੰ ਪਹਿਲਾਂ ਹੀ ਭਾਂਪ ਗਏ ਸਨ।

ਅਗਲੀ ਸਵੇਰ 9 ਪੋਹ (23 ਦਸੰਬਰ) ਨੂੰ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਇਹ ਸੂਚਨਾ ਦੇਣੀ ਕਿ ਗੁਰੂ ਜੀ ਦੇ ਸਤਿਕਾਰਯੋਗ ਮਾਤਾ ਜੀ ਅਤੇ ਉਨ੍ਹਾਂ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿਚ ਲਿਆਂਦੇ ਹੋਏ ਹਨ। ਮਾਤਾ ਜੀ ਦਾ ਮਾਲ-ਧਨ ਚੋਰਾਂ ਵਾਂਗ ਰਾਤ ਨੂੰ ਚੁਰਾ ਲੈਣ ਤੋਂ ਪਿੱਛੋਂ ਗੰਗੂ ਸਵੇਰੇ ਸੱਚਾ ਬਣਨ ਲਈ ਸਰਕਾਰ ਦੀਆਂ ਨਜ਼ਰਾਂ 'ਚ ਮੁਖ਼ਬਰ ਬਣ ਕੇ ਇਨਾਮ ਦਾ ਹੱਕਦਾਰ ਬਣ ਰਿਹਾ ਸੀ। ਮੋਰਿੰਡੇ ਦਾ ਕੋਤਵਾਲ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ 10 ਪੋਹ (ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖ਼ੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਰੀਤੀ ਚਲੀ ਆ ਰਹੀ ਹੈ :

ਸੀਸੁ ਦੀਆ ਪਰ ਸਿਰਰੁ ਨ ਦੀਆ ॥14॥

(ਦਸਮ ਗ੍ਰੰਥ ਸਾਹਿਬ ਜੀ, ਅੰਗ 54)

ਉਹ ਕਿਵੇਂ ਝੂਠ, ਡਰਾਵੇ ਅਤੇ ਫੋਕੇ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਸਨ। ਕੋਈ ਵੱਸ ਨਾ ਚੱਲਦਾ ਵੇਖ ਸੂਬੇਦਾਰ ਨੇ ਆਪਣੀ ਹਾਰ ਸਮਝਦਿਆਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦੇਣ ਦਾ ਫ਼ੈਸਲਾ ਦੇ ਦਿੱਤਾ। ਨਵਾਬ ਮਲੇਰਕੋਟਲਾ ਵੀ ਉਸ ਸਮੇਂ ਉੱਥੇ ਹੀ ਸੀ। ਉਸ ਨੇ ਸੂਬੇਦਾਰ (ਵਜ਼ੀਰ ਖਾਂ) ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਕਿ ਵਜ਼ੀਰ ਖਾਂ, "ਤੇਰਾ ਝਗੜਾ ਗੁਰੂ ਗੋਬਿੰਦ ਸਿੰਘ ਨਾਲ ਹੈ, ਉਸ ਨਾਲ ਤੂੰ ਜੰਗ ਕਰਦਾ ਵੀ ਚੰਗਾ ਲੱਗਦਾ ਹੈਂ। ਇਨ੍ਹਾਂ ਨਿੱਕੇ ਜਿਹੇ ਮਾਸੂਮ ਬੱਚਿਆਂ ਨੇ ਤੇਰਾ ਕੀ ਵਿਗਾੜਿਆ ਹੈ ? ਇਨ੍ਹਾਂ ਨੂੰ ਮਾਰਨਾ ਤੇਰੀ ਬੁਜ਼ਦਿਲੀ ਹੋਵੇਗੀ।" ਡਾ. ਹਰਚੰਦ ਸਿੰਘ ਸਰਹਿੰਦੀ ਤੇ ਹੋਰ ਕਈ ਲੇਖਕਾਂ ਅਨੁਸਾਰ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ ਰਹੀ। 13 ਪੋਹ (27 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਸੂਬੇਦਾਰ ਦੇ ਹੁਕਮ ਨਾਲ ਸਮਾਣੇ ਦੇ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਜਾਣ ਬਾਰੇ ਦੱਸਿਆ ਹੈ। ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿਚ ਨਾ ਆਏ।

ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ 78000 ਸੋਨੇ ਦੀ ਮੋਹਰਾਂ ਖੜ੍ਹੀਆਂ ਜ਼ਮੀਨ 'ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖ਼ਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੁਏਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ। ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਹੈ। ਜਿੱਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ। ਇਹ ਗੁਰਦੁਆਰਾ ਸਰਹਿੰਦ-ਚੂੰਗੀ ਸੜਕ 'ਤੇ ਸਥਿਤ ਹੈ। ਗੁਰਦੁਆਰਾ ਸ੍ਰੀ ਫਤਿਹਪੁਰ ਸਾਹਿਬ ਸਰਹਿੰਦ-ਮੋਰਿੰਡਾ ਸੜਕ 'ਤੇ ਸਥਿਤ ਹੈ। ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ 'ਚ ਹਰ ਸਾਲ ਹੁੰਦੇ ਸਮਾਗਮ ਨੂੰ ਸ਼ਹੀਦੀ ਸਭਾ, ਜੋੜ-ਮੇਲਾ, ਸ਼ਹੀਦੀ ਦਿਹਾੜਾ ਕਿਹਾ ਜਾਂਦਾ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਸ਼ਹੀਦੀ ਸਭਾ ਤੇ ਜਾਣ ਦਾ ਮੌਕਾ ਪ੍ਰਾਪਤ ਹੋਇਆ। ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਸਮਾਗਮ ਸੀ।

# ਚਮਕੌਰ ਗੜੀ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਨਾਮ

ਲਿਖਤ : ਪੁਨੀਤ ਕੌਰ

ਵਿਸ਼ਵ ਭਰ ਦੇ ਸਿੱਖਾਂ ਵਲੋਂ ਸ਼ਹੀਦਾਂ ਦੀ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। 1704 ਵਿੱਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਤੇ 40 ਸਿੰਘ ਚਮੌਕਰ ਦੀ ਅਸਾਵੀਂ ਜੰਗ 'ਚ ਸ਼ਹੀਦ ਹੋ ਗਏ ਸਨ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ ਗਿਆ ਸੀ। ਅਦਾਰਾ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਵੱਲੋਂ ਸਰਬੰਸਦਾਨੀ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਸਮੂਹ ਸਿੰਘਾਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। 8 ਪੋਹ ਨੂੰ ਕਲਗੀਧਰ ਦਸ਼ਮੇਸ਼ ਪਿਤਾ ਦੇ ਵੱਡੇ ਸਾਹਿਬਜ਼ਾਦਿਆਂ ਸਮੇਤ ਤਿੰਨ ਪਿਆਰੇ ਭਾਈ ਹਿਮੰਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ , ਭਾਈ ਮੋਹਕਮ ਸਿੰਘ ਜੀ ਅਤੇ 37 (ਹੇਠਾਂ ਲਿਖੇ ) ਹੋਰ ਸਿੰਘਾਂ ਸੂਰਮਿਆਂ ਨੇ ਚਮਕੌਰ ਦੀ ਗੜੀ 'ਚ ਸ਼ਹੀਦੀ ਦੇ ਜਾਮ ਪੀਤੇ। ਇਸ ਘਮਸਾਨ ਯੁੱਧ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਮੈਦਾਨ ਵਿੱਚ ਨਿੱਤਰਨ ਦਾ ਫੈਸਲਾ ਕੀਤਾ। ਪਰ ਗੜ੍ਹੀ ਵਿੱਚ ਮੌਜੂਦ ਸਿੰਘਾਂ ਨੇ ਗੁਰੂ ਸਾਹਿਬ ਜੀ ਦੇ ਇਸ ਫੈਸਲੇ ਨੂੰ ਪ੍ਰਵਾਨਗੀ ਨਾ ਦਿੱਤੀ ਅਤੇ ਪੰਜ ਪਿਆਰਿਆਂ ਨੇ ਇਕੱਤਰ ਹੋ ਕੇ ਖ਼ਾਲਸੇ ਦੀ ਇੱਛਾ ਮੁਤਾਬਕ ਗੜ੍ਹੀ ਛੱਡ ਕੇ ਜਾਣ ਦੀ ਬੇਨਤੀ ਕੀਤੀ।

## ਚਮਕੌਰ ਗੜੀ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਨਾਮ

- ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ
- ਸਾਹਿਬਜਾਦਾ ਬਾਬਾ ਜੁਝਾਰ ਸਿੰਘ ਜੀ
- ਭਾਈ ਸਾਹਿਬ ਭਾਈ ਹਿੰਮਤ ਸਿੰਘ ਜੀ (ਪੰਜ ਪਿਆਰਿਆਂ ਵਿੱਚੋਂ)
- ਭਾਈ ਸਾਹਿਬ ਭਾਈ ਸਾਹਿਬ ਜੀ (ਪੰਜ ਪਿਆਰਿਆਂ ਵਿੱਚੋਂ)
- ਭਾਈ ਸਾਹਿਬ ਭਾਈ ਮੋਹਕਮ ਸਿੰਘ ਜੀ (ਪੰਜ ਪਿਆਰਿਆਂ ਵਿੱਚੋਂ)
- ਭਾਈ ਸਾਹਿਬ ਭਾਈ ਸਨਮੁਖ ਸਿੰਘ ਜੀ
- ਭਾਈ ਸਾਹਿਬ ਭਾਈ ਕਿਰਪਾ ਸਿੰਘ ਜੀ
- ਭਾਈ ਸਾਹਿਬ ਭਾਈ ਨਾਨੂੰ ਸਿੰਘ ਦਿਲਵਾਲੀ
- ਭਾਈ ਸਾਹਿਬ ਭਾਈ ਦੇਵਾ ਸਿੰਘ
- ਭਾਈ ਸਾਹਿਬ ਭਾਈ ਬਖਸ਼ੀਸ਼ ਸਿੰਘ ਜੀ
- ਭਾਈ ਸਾਹਿਬ ਭਾਈ ਰਾਮ ਸਿੰਘ ਜੀ
- ਭਾਈ ਸਾਹਿਬ ਭਾਈ ਗੁਰਬਖਸ਼ ਸਿੰਘ ਜੀ
- ਭਾਈ ਸਾਹਿਬ ਭਾਈ ਟਹਿਲ ਸਿੰਘ ਜੀ
- ਭਾਈ ਸਾਹਿਬ ਭਾਈ ਮੁਕੰਦ ਸਿੰਘ ਜੀ
- ਭਾਈ ਸਾਹਿਬ ਭਾਈ ਈਸ਼ਰ ਸਿੰਘ
- ਭਾਈ ਸਾਹਿਬ ਭਾਈ ਫਤਿਹ ਸਿੰਘ ਜੀ
- ਭਾਈ ਸਾਹਿਬ ਭਾਈ ਖਜਾਨ ਸਿੰਘ ਜੀ
- ਭਾਈ ਸਾਹਿਬ ਭਾਈ ਲਾਲ ਸਿੰਘ ਜੀ
- ਭਾਈ ਸਾਹਿਬ ਭਾਈ ਜਵਾਹਰ ਸਿੰਘ ਜੀ
- ਭਾਈ ਸਾਹਿਬ ਭਾਈ ਕੀਰਤ ਸਿੰਘ ਜੀ
- ਭਾਈ ਸਾਹਿਬ ਭਾਈ ਸ਼ਾਮ ਸਿੰਘ ਜੀ
- ਭਾਈ ਸਾਹਿਬ ਭਾਈ ਹੁਕਮ ਸਿੰਘ ਜੀ
- ਭਾਈ ਸਾਹਿਬ ਭਾਈ ਕੇਸਰਾ ਸਿੰਘ ਜੀ
- ਭਾਈ ਸਾਹਿਬ ਭਾਈ ਧੰਨਾ ਸਿੰਘ ਜੀ
- ਭਾਈ ਸਾਹਿਬ ਭਾਈ ਸੁੱਖਾ ਸਿੰਘ ਜੀ
- ਭਾਈ ਸਾਹਿਬ ਭਾਈ ਮਦਨ ਸਿੰਘ ਜੀ
- ਭਾਈ ਸਾਹਿਬ ਭਾਈ ਬੁੱਢਾ ਸਿੰਘ ਜੀ
- ਭਾਈ ਸਾਹਿਬ ਭਾਈ ਕਥਾ ਸਿੰਘ ਜੀ
- ਭਾਈ ਸਾਹਿਬ ਭਾਈ ਆਨੰਦ ਸਿੰਘ ਜੀ
- ਭਾਈ ਸਾਹਿਬ ਭਾਈ ਨਾਹਰ ਸਿੰਘ ਜੀ
- ਭਾਈ ਸਾਹਿਬ ਭਾਈ ਸੰਤ ਸਿੰਘ ਬੰਗਸ਼ੇਰੀ ਜੀ
- ਭਾਈ ਸਾਹਿਬ ਭਾਈ ਸ਼ੇਰ ਸਿੰਘ ਜੀ
- ਭਾਈ ਸਾਹਿਬ ਭਾਈ ਸੰਗਤ ਸਿੰਘ ਜੀ

(ਜੋ ਹੂ ਬ ਹੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗੂੰ ਦਿਖਾਈ ਦਿੰਦੇ ਸਨ)

- ਭਾਈ ਸਾਹਿਬ ਭਾਈ ਮੁਕੰਦ ਸਿੰਘ ਜੀ (2)
- ਭਾਈ ਸਾਹਿਬ ਭਾਈ ਅਨੇਕ ਸਿੰਘ ਜੀ

**(ਬੰਦ ਬੰਦ ਕਟਾ ਕੇ ਸ਼ਹੀਦ ਹੋਣ ਵਾਲੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਪੁੱਤਰ)**

- ਭਾਈ ਸਾਹਿਬ ਭਾਈ ਅਜਬ ਸਿੰਘ ਜੀ

**(ਬੰਦ ਬੰਦ ਕਟਾ ਕੇ ਸ਼ਹੀਦ ਹੋਣ ਵਾਲੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਪੁੱਤਰ)**

- ਭਾਈ ਸਾਹਿਬ ਭਾਈ ਅਜੀਬ ਸਿੰਘ ਜੀ

**(ਬੰਦ ਬੰਦ ਕਟਾ ਕੇ ਸ਼ਹੀਦ ਹੋਣ ਵਾਲੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਪੁੱਤਰ)**

- ਭਾਈ ਸਾਹਿਬ ਭਾਈ ਦਾਨ ਸਿੰਘ ਜੀ

**(ਬੰਦ ਬੰਦ ਕਟਾ ਕੇ ਸ਼ਹੀਦ ਹੋਣ ਵਾਲੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਪੁੱਤਰ)**

- ਭਾਈ ਸਾਹਿਬ ਭਾਈ ਆਲੀਮ ਸਿੰਘ ਜੀ
- ਭਾਈ ਸਾਹਿਬ ਭਾਈ ਵੀਰ ਸਿੰਘ ਜੀ
  (ਭਾਈ ਸਾਹਿਬ ਭਾਈ ਆਲੀਮ ਸਿੰਘ ਜੀ ਦੇ ਸਪੁੱਤਰ)
- ਭਾਈ ਸਾਹਿਬ ਭਾਈ ਮੋਹਰ ਸਿੰਘ ਜੀ
- (ਭਾਈ ਸਾਹਿਬ ਭਾਈ ਆਲੀਮ ਸਿੰਘ ਜੀ ਦੇ ਸਪੁੱਤਰ)
- ਭਾਈ ਸਾਹਿਬ ਭਾਈ ਅਮੋਲਕ ਸਿੰਘ ਜੀ
- (ਭਾਈ ਸਾਹਿਬ ਭਾਈ ਆਲੀਮ ਸਿੰਘ ਜੀ ਦੇ ਸਪੁੱਤਰ)

ਆਉ ਅਸੀਂ ਪ੍ਰਣ ਕਰੀਏ ਕਿ ਅਸੀਂ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਦੇ ਸਮਰੱਥ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ। ਇਹੀ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਬਾਬਾ ਮੋਤੀ ਰਾਮ ਮਹਿਰਾ ਦੀ ਸ਼ਹੀਦੀ ਦਾਸਤਾਨ



ਸਿੱਖ ਇਤਿਹਾਸ ਅੰਦਰ ਅਨੇਕਾਂ ਸ਼ਹੀਦਾਂ ਦਾ ਵਿਸ਼ੇਸ਼ ਸਤਿਕਾਰ ਨਾਲ ਵਰਨਣ ਮਿਲਦਾ ਹੈ ਅਤੇ ਅਨੇਕਾਂ ਹੀ ਸਿੰਘ ਸਿੰਘਣੀਆਂ ਐਸੇ ਸ਼ਹੀਦ ਵੀ ਹਨ ਜਿੰਨ੍ਹਾ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਬਾਰੇ ਇਤਿਹਾਸ ਚੁੱਪ ਹੈ ਜਾਂ ਜੀਵਨ 'ਤੇ ਇਤਿਹਾਸ ਕੋਈ ਬਹੁਤੀ ਰੌਸ਼ਨੀ ਨਹੀਂ ਪਾਉਂਦਾ ਕਿਉਂਕਿ ਜਿਸ ਸਮੇ ਤੇ ਇਹ ਸ਼ਹੀਦੀ ਹੋਈ ਉਹ ਸਮਾਂ ਸਿੱਖ ਪੰਥ ਵਿੱਚ ਗੁਰੂ ਸਹਿਬਾਨਾਂ ਦੀ ਹਾਜ਼ਰੀ ਵੇਲੇ ਦਾ ਸਭ ਤੋਂ ਕਠਿਨ ਸਮਾਂ ਸੀ। ਇਸੇ ਦੌਰਾਨ ਹੀ ਕਈ ਖ਼ੂਨੀ ਸਾਕੇ ਵੀ ਬਹੁਤ ਘੱਟ ਰੋਸ਼ਨੀ ਵਿੱਚ ਆਏ ਹਨ। ਇਸੇ ਕਠਿਨ ਦੌਰ ਦੇ ਸ਼ਹੀਦ ਮਾਤਾ ਗੁਜਰ ਕੌਰ ਅਤੇ ਦੀਵਾਨ ਟੋਡਰ ਮੱਲ ਬਾਰੇ ਵੀ ਇਤਿਹਾਸ ਲਗਭਗ ਮੂਕ ਹੀ ਹੈ। ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦਾ ਵੀ ਬਹੁਤ ਜਿਆਦਾ ਜਿਕਰ ਨਹੀਂ ਆਉਂਦਾ। ਉਹਨਾ ਬਾਰੇ ਕੇਸਰ ਸਿੰਘ ਛਿੱਬਰ ਦਾ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਦੁੱਨਾ ਸਿੰਘ ਹੰਡੂਰੀਆ ਦੀ ਕੱਥਾ ਗੁਰੂ ਸੁਤਨ ਕੀ, ਕਵੀ ਕਿਸ਼ਨ ਸਿੰਘ ਦਾ ਸ਼ਹੀਦ ਨਮਾ ਅਤੇ ਸੰਤਰੇਣ ਭਾਈ ਪ੍ਰੇਮ ਸਿੰਘ ਦੀ ਲਿਖਤ ਗੁਰਪੁਰ ਪ੍ਰਕਾਸ਼ ਆਦਿ ਕਿਤਾਬਾਂ ਵਿੱਚ ਕੁਝ ਹਵਾਲਾ ਮਿਲਦਾ ਹੈ। ਕੁੱਝ ਇਤਿਹਾਸ ਖੋਜੀਆਂ ਅਨੁਸਾਰ ਬਾਬਾ ਮੋਤੀ ਰਾਮ ਮਹਿਰਾ ਦਾ ਜਨਮ ਭਾਈ ਹਰਾ ਰਾਮ ਦੇ ਘਰ ਮਾਤਾ ਲੱਧੋ ਦੀ ਕੁੱਖ ਤੋਂ ਸਰਹਿੰਦ ਜਾਂ ਸੰਗਤਪੁਰ ਸੋਢੀਆਂ ਵਿੱਚ 1677 ਈ: ਦੇ ਨੇੜੇ ਹੋਇਆ ਮੰਨਦੇ ਹਨ। ਕਵੀ ਕਿਸ਼ਨ ਸਿੰਘ ਅਨੁਸਾਰ ਪੰਜਾਂ ਪਿਆਰਿਆਂ ਵਿੱਚੋ ਭਾਈ ਹਿੰਮਤ ਸਿੰਘ ਜੀ ਬਾਬਾ ਮੋਤੀ ਰਾਮ ਮਹਿਰਾ ਦੇ ਚਾਚਾ ਜੀ ਲਗਦੇ ਸਨ। 20 ਦਸੰਬਰ 1704 ਨੂੰ ਜਦੋਂ ਅਨੰਦਪੁਰ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਅਤੇ ਪ੍ਰੀਵਾਰ ਸਮੇਤ ਤੁਰੇ ਤਾਂ ਪਹਾੜੀ ਰਾਜਿਆਂ ਅਤੇ ਮੁਗਲ ਫੌਜ ਨੇ ਕਸਮਾਂ ਤੋੜ ਕੇ ਉਹਨਾ 'ਤੇ ਕਹਿਰੀ ਹਮਲਾ ਕਰ ਦਿੱਤਾ।

ਕਵੀ ਭਾਈ ਕਿਸ਼ਨ ਸਿੰਘ ਲਿਖਦਾ ਹੈ :-

*ਮੋਤੀ ਰਾਮ ਸੰਗਤਪੁਰ ਵਾਸੀ ॥*
*ਰਾਮ ਨਾਮ ਜਪ ਪੁੰਨ ਕਮਾਸੀ ॥*
*ਹਿੰਮਤ ਸਿੰਘ ਤਿਤ ਚਾਚੂ ਜਾਨੋ ॥*
*ਪਾਂਚ ਪਿਯਾਰਨ ਮਾਹਿ ਪ੍ਰਧਾਨਹੂ ॥*
*ਵਜੀਦੇ ਕੇ ਗ੍ਰਿਹ ਪ੍ਰਸਾਦ ਬਨਾਵੈ ॥*
*ਮਾਨ ਮਹਤ ਦਰਬਾਰਹਿ ਪਾਵੈ ॥*
*ਹਿੰਦੂ ਕੈਦੀ ਤੈਹ ਕਈ ਹਜਾਰ ॥*
*ਕਰਾਵਾਰ ਮਹਿ ਹੋਤ ਖੁਆਰ ॥ 49*
*ਤਿਨ ਕੋ ਲੰਗਰ ਮੋਤੀ ਆਪ ਬਨਾਵਹਿ ॥*
*ਸਭਹਨ ਬਾਂਟ ਆਪ ਸੁਖ ਪਾਵੈ ॥*
*ਸਭ ਹਿਦੂਅਨ ਤੇ ਪਾਵਹਿ ਮਾਨਾ ॥*
*ਤਿਨ ਤਜਯੋ ਹੈ ਮਾਨ ਅਭਿਮਾਨਾ ॥50 ॥*

ਜਦ ਬਾਬਾ ਮੋਤੀ ਰਾਮ ਮਹਿਰਾ ਨੂੰ ਪਤਾ ਲੱਗਾ ਕਿ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜਾਦਿਆਂ ਨੂੰ ਗ੍ਰਿਫਤਾਰ ਕਰਕੇ ਠੰਢੇ ਬੁਰਜ ਵਿੱਚ ਕੈਦ ਕੀਤਾ ਹੋਇਆ ਹੈ। ਇਹ ਸੁਣ ਕੇ ਬਾਬਾ ਮੋਤੀ ਰਾਮ ਮਹਿਰਾ ਜੀ ਬਹੁਤ ਚਿੰਤਤ ਹੋਏ ਅਤੇ ਉਦਾਸੀ ਦੇ ਆਲਮ ਵਿੱਚ ਆਪਣੇ ਘਰ ਪਹੁੰਚੇ ਤਾਂ ਉਹਨਾ ਦੀ 70 ਸਾਲਾ ਬਜੁਰਗ ਮਾਤਾ ਅਤੇ ਪਤਨੀ ਬੌਈ, ਭੋਲੀ ਜਾਂ ਦੇਵਾਂ ਨੇ ਮਾਯੂਸੀ ਦਾ ਕਾਰਨ ਪੁਛਿਆ। ਬਾਬਾ ਮੋਤੀ ਰਾਮ ਮਹਿਰਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜਾਦੇ ਸੂਬੇ ਨੇ ਠੰਢੇ ਬੁਰਜ ਵਿੱਚ ਕੈਦ ਕਰਕੇ ਰੱਖੇ ਹੋਏ ਹਨ। ਉਹ ਕਈ ਦਿਨਾ ਤੋਂ ਭੁੱਖੇ ਅਤੇ ਪਿਆਸੇ ਹਨ। ਉਹਨਾ ਕੋਲ ਠੰਢ ਤੋਂ ਬਚਣ ਲਈ ਕੋਈ ਕੱਪੜਾ ਵੀ ਨਹੀ ਹੈ। ਇਹ ਦਰਦ ਭਰੀ ਦਾਸਤਾਨ ਸੁਣ ਕੇ ਉਹਨਾਂ ਦੀ ਮਾਤਾ ਅਤੇ ਪਤਨੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਪ੍ਰੀਵਾਰ ਦੀ ਜ਼ਰੂਰ ਹੀ ਸੇਵਾ ਕਰਨੀ ਚਾਹੀਦੀ ਹੈ। ਭਾਵੇਂ ਕਿ ਵਜੀਰ ਖਾਂ ਨੇ ਇਹ ਐਲਾਨ ਕੀਤਾ ਹੋਇਆ ਹੈ ਕਿ ਜੋ ਵੀ ਗੁਰੂ ਦੇ ਪ੍ਰੀਵਾਰ ਜਾਂ ਸਿੱਖ ਦੀ ਮਦਦ ਕਰੇਗਾ ਉਸਨੂੰ ਪ੍ਰੀਵਾਰ ਸਮੇਤ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ। ਫਿਰ ਵੀ ਸਾਰੇ ਪਰਿਵਾਰ ਨੇ ਸਲਾਹ ਕਰਕੇ ਬਾਬਾ ਮੋਤੀ ਰਾਮ ਮਹਿਰਾ ਨੂੰ ਦੁੱਧ ਦਾ ਗੜਵਾ ਭਰ ਕੇ ਦਿੱਤਾ ਅਤੇ ਕਿਹਾ ਕਿ ਜਾ ਕੇ ਗਰਮ ਗਰਮ ਦੁੱਧ ਮਾਤਾ ਜੀ ਅਤੇ ਗੁਰੂ ਜੀ ਦੇ ਲਾਲਾਂ ਨੂੰ ਪਿਆਉ।

ਭਾਈ ਪ੍ਰੇਮ ਸਿੰਘ ਸੰਤਰੇਣ ਲਿਖਦੇ ਹਨ :

ਅਸ ਵਿਚਾਰ ਗਾ ਨਿਜ ਗ੍ਰਿਹ ਮਾਹਿ ॥ ਪੈ ਗੜਵਾ ਇਕ ਲੀਨ ਪਰਾਹਿ ॥
ਅਪਰ ਅੰਭ ਘਟ ਕੋਰੋ ਭਰਿਯੋ ॥

*ਹਿਤ ਮਾਤ ਕੈ ਲਿਆਵਨ ਕਰਯੋ ॥*
*ਪਹਿਰੇਦਾਰਿਨ ਰੋਕਯੋ ਜਬੈ ॥*
*ਕਰ ਮਿੰਨਤ ਕੁਝ ਦੀਨੋ ਤਬੈ ॥*
*ਛੋਡ ਦੀਨ ਮਾਤਾ ਢਿਗ ਆਯੋ ॥*
*ਦੁਗਦ ਘਟਾ ਪੈ ਆਗ੍ਰ ਧਰਾਯੋ ॥ (ਗੁਰ ਪ੍ਰਕਾਸ਼)*

ਬਾਬਾ ਮੋਤੀ ਰਾਮ ਮਹਿਰਾ ਜਦੋਂ ਦੁੱਧ ਲੈ ਕੇ ਠੰਢੇ ਬੁਰਜ ਕੋਲ ਪਹੁੰਚੇ ਤਾਂ ਪਹਿਰੇਦਾਰਾਂ ਨੇ ਰੋਕ ਕੇ ਪੁਛਿਆ ਕਿ ਉਹ ਇਸ ਵੇਲੇ ਰਾਤ ਦੇ ਘੁੱਪ ਹਨੇਰੇ ਵਿੱਚ ਕਿਥੇ ਜਾ ਰਿਹੇ ਹਨ। ਬਾਬਾ ਜੀ ਨੇ ਪਹਿਰੇਦਾਰਾਂ ਨੂੰ ਦੱਸਿਆ ਕਿ ਉਹ ਠੰਡੇ ਬੁਰਜ ਵਿੱਚ ਕੈਦ ਮਾਤਾ ਗੁਜਰ ਕੌਰ ਅਤੇ ਸਾਹਿਬਜਾਦਿਆਂ ਨੂੰ ਗਰਮ ਗਰਮ ਦੁੱਧ ਪਿਲਾਉਣ ਲਈ ਜਾ ਰਹੇ ਹਨ। ਪਹਿਰੇਦਾਰ ਨੇ ਕਿਹਾ ਕਿ ਜੇ ਸੂਬੇ ਨੂੰ ਪਤਾ ਲੱਗ ਗਿਆ ਤਾਂ ਤੇਰੇ ਨਾਲ ਮੈਨੂੰ ਵੀ ਪਰਿਵਾਰ ਸਮੇਤ ਮਾਰ ਦਿੱਤਾ ਜਾਵੇਗਾ ਪਰ ਬਾਬਾ ਮੋਤੀ ਰਾਮ ਮਹਿਰਾ ਕਿਸੇ ਨਾ ਕਿਸੇ ਤਰੀਕੇ ਨਾਲ ਠੰਢੇ ਬੁਰਜ ਵਿੱਚ ਪਹੁੰਚ ਗਏ। ਜਦੋਂ ਮਾਤਾ ਗੁਜਰ ਕੌਰ ਅਤੇ ਸਾਹਿਬਜਦਿਆਂ ਨੇ ਕੜਾਕੇ ਦੀ ਠੰਢ ਵਿੱਚ ਗਰਮ-ਗਰਮ ਦੁੱਧ ਪੀਤਾ ਤਾਂ ਮਾਤਾ ਜੀ ਨੇ ਅਨੇਕਾਂ ਅਸੀਸਾਂ ਦਿੱਤੀਆਂ ਕਵੀ ਸੰਤਰੇਣ ਲਿਖਦੇ ਹਨ :

*ਪਿਖ ਕੈ ਪ੍ਰੇਮ ਸੁ ਮੋਤੀ ਕੇਰਾ ॥*
*ਮਾਤਾ ਕਹਿਯੋ ਭਲਾ ਹੋਵੈ ਤੇਰਾ ॥*

ਲੇਖਕ : ਡਾ. ਮਨਮੋਹਨ ਸਿੰਘ ਭਾਗੋਵਾਲੀਆ
ਸੰਪਰਕ : 97797-55551

ਤਿੰਨ ਰਾਤਾਂ ਇਸੇ ਤਰਾਂ ਹੀ ਠੰਢੇ ਬੁਰਜ ਵਿੱਚ ਪਹੁੰਚ ਕੇ ਦੁੱਧ ਅਤੇ ਪ੍ਰਸ਼ਾਦੇ ਦੀ ਸੇਵਾ ਕਰਦੇ ਰਹੇ। ਕਿਸੇ ਨੇ ਖ਼ੂਬ ਲਿਖਿਆ ਹੈ :

ਧੰਨ ਮੋਤੀ ਜਿਨ ਪੁੰਨ ਕਮਾਇਆ ॥ ਗੁਰ ਲਾਲਾਂ ਤਾਈਂ ਦੁੱਧ ਪਿਲਾਇਆ ॥

ਇਹ ਸਾਰੀ ਸੇਵਾ ਭਾਵੇਂ ਗੁਪਤ ਹੀ ਰਹਿੰਦੀ ਅਤੇ ਸਾਰੇ ਵਰਤਾਰੇ ਤੋਂ ਪਰਦਾ ਨਾ ਹੀ ਉਠਦਾ ਪਰ ਕਵੀ ਕਿਸ਼ਨ ਸਿੰਘ ਲਿਖਦਾ ਹੈ ਕਿ ਗੰਗੂ ਬ੍ਰਾਹਮਣ ਦਾ ਭਰਾ ਜਿਸਦਾ ਨਾਮ ਪੰਮਾਂ ਸੀ ਅਤੇ ਉਹ ਵੀ ਬਾਬਾ ਮੋਤੀ ਰਾਮ ਮਹਿਰਾ ਨਾਲ ਰਸੋਈ ਵਿੱਚ ਹੀ ਕੰਮ ਕਰਦਾ ਸੀ। ਉਸਨੇ ਹੀ ਵਜੀਰ ਖਾਂ ਨੂੰ ਚੁਗਲੀ ਲਾਈ ਕਿ ਮੋਤੀ ਰਾਮ ਮਹਿਰੇ ਨੇ ਹਕੂਮਤ ਵੱਲੋਂ ਬਾਗੀ ਐਲਾਨ ਕੀਤੇ ਗਏ ਗੁਰੂ ਪਰਿਵਾਰ ਦੀ ਦੁੱਧ ਨਾਲ ਤਿੰਨ ਦਿਨ ਸੇਵਾ ਕੀਤੀ ਹੈ।

*ਨੀਚ ਗੰਗੂ ਕੋ ਭ੍ਰਾਤ ਇਕ ਪੰਮਾ ॥*
*ਤਿਨ ਲੀਨੋ ਮੋਤੀ ਸੰਗ ਪੰਗਾ ॥*
*ਜਾਇ ਵਜੀਰਹਿ ਭੇਦ ਬਤਾਇਯੋ ॥*
*ਇਕ ਝੀਵਰ ਹੈ ਪੇਯ ਪਿਆਇਯੋ ॥*
*ਗੁਰ ਕੋ ਮਾਤ ਬਾਲ ਸੁਖਦਾਈ ॥*
*ਇਸਹਿ ਦੀਨ ਬਹੁਤ ਵਡਿਆਈ ॥*

ਜਦੋਂ ਪੰਮੇ ਨੇ ਚੁਗਲੀ ਲਾਈ ਤਾਂ ਵਜੀਰ ਖਾਂ ਨੇ ਹੁਕਮ ਦਿੱਤਾ ਕਿ ਮੋਤੀ ਰਾਮ ਮਹਿਰਾ ਦੀਆਂ ਮੁਸ਼ਕਾਂ ਬੰਨ ਕੇ ਉਸਦੇ ਅੱਗੇ ਪੇਸ਼ ਕੀਤਾ ਜਾਏ। ਸਿਪਾਹੀਆਂ ਅਮਲ ਕਰਦਿਆਂ ਤੁਰੰਤ ਹੀ ਬਾਬਾ ਮੋਤੀ ਰਾਮ ਨੂੰ ਜੂੜ ਕੇ ਵਜ਼ੀਰ ਖਾਂ ਦੇ ਸਾਹਮਣੇ ਪੇਸ਼ ਕਰ ਦਿੱਤਾ। ਵਜ਼ੀਰ ਖਾਂ ਨੇ ਕਰੋਧ ਨਾਲ ਅੱਗ ਬਬੂਲਾ ਹੋ ਕੇ ਪੁਛਿਆ ਕਿ ਮੋਤੀ ਰਾਮ ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੀ ਸਿੱਖ ਹੈਂ ਕੀ ਇਸ ਵਿੱਚ ਸਚਾਈ ਹੈ ? ਜੀ ਹਾਂ ਇਹ ਸਚਾਈ ਹੈ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਹਾਂ। ਇਹ ਸੁਣ ਕੇ ਸੂਬੇ ਦਾ ਗੁੱਸਾ ਹੋਰ ਭੜਕ ਗਿਆ। ਉਸਨੇ ਪੁਛਿਆ ਕਿ ਤੂੰ ਮਾਤਾ ਗੁਜਰ ਕੌਰ ਅਤੇ ਸਾਹਿਬਜਾਦਿਆਂ ਦੀ ਦੁੱਧ ਅਤੇ ਰੋਟੀ ਪਾਣੀ ਨਾਲ ਚੋਰੀ ਛਿਪੇ ਸੇਵਾ ਕੀਤੀ ਹੈ। ਜੀ ਮੈ ਤਿੰਨ ਦਿਨ ਦੋਵੇਂ ਵੇਲੇ ਗਰਮ ਦੁੱਧ ਅਤੇ ਪ੍ਰਸ਼ਾਦੇ ਦੀ ਸੇਵਾ ਕੀਤੀ ਹੈ। ਸੂਬਾ ਲੋਹਾ ਲਾਖਾ ਹੋ ਕੇ ਫਿਰ ਬੋਲਿਆ ਤੈਨੂੰ ਪਤਾ ਨਹੀਂ ਕਿ ਹਕੂਮਤ ਨੇ ਬਾਗੀਆਂ ਦੀ ਸੇਵਾ ਕਰਨ ਵਾਲੇ ਨੂੰ ਪਰਿਵਾਰ ਸਮੇਤ ਕੋਹਲੂ ਵਿੱਚ ਪੀੜਨ ਦੀ ਸਜਾ ਸੁਣਾਈ ਹੋਈ ਹੈ। ਹਾਂ ਮੈਨੂੰ ਪਤਾ ਹੈ। ਸੂਬੇ ਹੋਰ ਕ੍ਰੋਧ ਵਿੱਚ ਆ ਕੇ ਕਿਹਾ ਕਿ ਤੇਰੇ ਬਚਾਅ ਦਾ ਹਾਲੇ ਵੀ ਰਸਤਾ ਹੈ ਕਿ ਤੂੰ ਦੀਨ ਕਬੂਲ ਕੇ ਮੁਸਲਮਾਨ ਹੋ ਜਾ ਨਹੀਂ ਤਾਂ ਤੈਨੂੰ ਪਰਿਵਾਰ ਸਮੇਤ ਕਤਲ ਕਰ ਦਿੱਤਾ ਜਾਵੇਗਾ। ਮੋਤੀ ਰਾਮ ਮਹਿਰਾ ਨੇ ਜਵਾਬ ਦਿੱਤਾ ਕਿ ਮੈਨੂੰ ਮੌਤ ਦਾ ਕੋਈ ਡਰ ਨਹੀਂ । ਜੇ ਗੁਰੂ ਦੇ ਲਾਲ ਸੱਤ ਸਾਲ ਅਤੇ ਨੌ ਸਾਲ ਦੀ ਉਮਰ ਵਿੱਚ ਤੇਰੇ ਡਰਾਵੇ ਨਾਲ ਮੁਸਲਮਾਨ ਨਹੀਂ ਹੋਏ ਤਾ ਮੈ ਤਾਂ ਜਵਾਨ ਮਰਦ ਹਾਂ। ਮੇਰੇ ਤੇ ਤੇਰਾ ਕੀ ਅਸਰ ਹੋਣਾ ਹੈ ? ਇਹ ਸੁਣਦਿਆਂ ਹੀ ਸੂਬੇ ਨੇ ਹੁਕਮ ਦਿੱਤਾ ਕਿ ਇਸਦੇ ਪਰਿਵਾਰ ਨੂੰ ਨਰੜ ਕੇ ਲਿਆਉ। ਬਾਬਾ ਮੋਤੀ ਰਾਮ ਮਹਿਰਾ ਦੀ ਮਾਤਾ, ਪਤਨੀ ਅਤੇ 7 ਸਾਲ ਦੇ ਪੁੱਤਰ ਨਰਾਇਣੇ ਨੂੰ ਬੰਨ੍ਹ ਕੇ ਤੇਲੀਆਂ ਮੁਹੱਲੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕੋਹਲੂ ਦੇ ਕੋਲ ਲਿਆਂਦਾ ਅਤੇ ਕੋੜੇ ਮਾਰ ਮਾਰ ਕੇ ਅਧਮੋਏ ਕਰ ਦਿੱਤਾ। ਇੱਕ ਵਾਰੀ ਫਿਰ ਵਜੀਰ ਖਾਂ ਨੇ ਪੁਛਿਆ ਕਿ ਜੇ ਉਹਨਾ ਦੀ ਅਕਲ ਟਿਕਾਣੇ ਆ ਗਈ ਹੈ ਤਾਂ ਹਾਲੇ ਵੀ ਇਸਲਾਮ ਕਬੂਲ ਕਰ ਲਵੋ ਤਾਂ ਜਾਨ ਬਖਸ਼ ਦਿੱਤੀ ਜਾਵਗੀ। ਇਹ ਸੁਣਦਿਆਂ ਹੀ ਸਾਰੇ ਪ੍ਰੀਵਾਰ ਨੇ ਧਰਮ ਛੱਡਝਯਣ ਤੋਂ ਇਨਕਾਰ ਕਰ ਦਿੱਤਾ। ਸੂਬੇ ਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਸਾਰੇ ਪ੍ਰੀਵਾਰ ਨੂੰ ਕੋਹਲੂ ਵਿੱਚ ਪੀੜ ਦਿੱਤਾ ਜਾਵੇ। ਹੁਕਮ ਦੀ ਤਾਮੀਲ ਹੋਈ। ਸਭ ਤੋਂ ਪਹਿਲਾਂ ਜਲਾਦਾਂ ਨੇ ਉਹਨਾ ਦੇ 7 ਸਾਲ ਦੇ ਸਪੁੱਤਰ ਨਰਾਇਣੇ ਨੂੰ ਮਾਂ ਦੀ ਗੋਦ ਵਿੱਚੋਂ ਧੱਕੇ ਨਾਲ ਖੋਹ ਕੇ ਕੋਹਲੂ ਵਿੱਚ ਪੀੜ੍ਹ ਕੇ ਸ਼ਹੀਦ ਕਰ ਦਿੱਤਾ। ਫਿਰ ਜਲਾਦਾਂ ਨੇ ਬਾਬਾ ਮੋਤੀ ਰਾਮ ਮਹਿਰਾ ਦੀ 70 ਸਾਲਾ ਮਾਤਾ ਲੱਧੋ ਨੂੰ ਵੀ ਕੋਹਲੂ ਵਿੱਚ ਪੀੜ ਦਿੱਤਾ। ਇਹ ਦ੍ਰਿਸ਼ ਦੇਖ ਕੇ ਲੋਕ ਤ੍ਰਾਹ ਤ੍ਰਾਹ ਕਰ ਉਠੇ। ਫਿਰ ਵਾਰੀ ਆਈ ਬੀਬੀ ਭੋਈ ਦੀ ਉਸਨੂੰ ਵੀ ਪੁਤ ਦੀ ਯਾਦ ਵਿੱਚ ਹਾਉਕੇ ਲੈਂਦੀ ਹਾੜੇ ਪਾਉਂਦੀ ਅਤੇ ਉਦਾਸ ਨਜਰਾਂ ਨਾਲ ਆਪਣੇ ਪਤੀ ਨੂੰ ਆਖਰੀ ਸਲਾਮ ਕਰਦੀ ਨੂੰ ਕੋਹਲੂ ਵਿੱਚ ਪੀੜ੍ਹ ਕੀ ਸ਼ਹੀਦ ਕਰ ਦਿੱਤਾ। ਵਜੀਰ ਖਾਂ ਨੇ ਹੰਕਾਰ ਦਾ ਫੁੰਕਾਰਾ ਮਾਰ ਕੇ ਬਾਬਾ ਮੋਤੀ ਰਾਮ ਮਹਿਰਾ ਨੂੰ ਕਿਹਾ ਕਿ ਕੀ ਖੱਟਿਆ ਹੈ ਉਸਨੇ ਜਿਦ ਕਰਕੇ ਹਾਲੇ ਵੀ ਵੇਲਾ ਹੈ ਇਸਲਾਮ ਧਾਰਨ ਕਰ ਲਵੋ। ਜਾਨ ਬਖਸ਼ ਦਿੱਤੀ ਜਾਵੇਗੀ। ਬਾਬਾ ਮੋਤੀ ਰਾਮ ਮਹਿਰਾ ਨੇ ਸਖਤ ਸ਼ਬਦਾਂ ਵਿੱਚ ਤਾੜਨਾ ਕਰਦੇ ਹੋਏ ਕਿਹਾ ਕਿ ਅਸੀਂ ਧਰਮ ਅਤੇ ਗੁਰੂ ਤੋਂ ਬੇਮੁੱਖ ਨਹੀਂ ਹੋਣਾ ਤੂੰ ਜੋ ਕਰਨਾ ਕਰ ਲੈ। ਅਖੀਰ ਆਪਣੀ ਹਾਰ ਅਤੇ ਬੇ ਇਜਤੀ ਮਹਿਸੂਸ ਕਰਦਿਆਂ ਸੂਬੇ ਨੇ ਬਾਬਾ ਮੋਤੀ ਰਾਮ ਮਹਿਰਾ ਨੂੰ ਵੀ ਕਤਲ ਕਰਨ ਦਾ ਹੁਕਮ ਦੇ ਦਿੱਤਾ । ਬਾਬਾ ਮੋਤੀ ਰਾਮ ਮਹਿਰਾ ਦਾ ਬਹੁਤ ਹੀ ਭਰਵਾਂ ਜੁੱਸਾ ਵੇਖ ਕੇ ਜਲਾਦਾਂ ਕਿਹਾ ਕਿ ਇਸਨੂੰ ਕੋਹਲੂ ਵਿੱਚ ਪੀੜਨਾ ਮੁਸ਼ਕਿਲ ਹੈ। ਕੋਹਲੂ ਨੂੰ ਦੁਬਾਰਾ ਤੇਲ ਦੇ ਕੇ ਰਵਾਂ ਕੀਤਾ ਗਿਆ ਅਤੇ ਉਹਨਾ ਨੂੰ ਵੀ ਕੋਹਲੂ ਵਿੱਚ ਪੀੜਨਾ ਸ਼ੁਰੂ ਕਰ ਦਿੱਤਾ। ਪਰ ਜਦੋਂ ਕੋਹਲੂ ਛਾਤੀ ਤੇ ਆਇਆ ਤਾਂ ਅੜ ਗਿਆ ਬਹੁਤ ਜੋਰ ਲਗਾਉਣ ਤੇ ਜਦੋਂ ਅੱਗੋ ਨਾ ਚੱਲਿਆ ਤਾਂ ਪੁੱਠਾ ਘੁਮਾ ਕੇ ਬਾਬਾ ਮੋਤੀ ਰਾਮ ਮਹਿਰਾ ਨੂੰ ਬਾਹਰ ਸੁੱਟ ਦਿੱਤਾ। ਇਸ ਤਰਾਂ ਸਰਬੰਸ ਦਾਨੀ ਗੁਰੂ ਦਾ ਸਰਬੰਸ ਦਾਨੀ ਸਿੱਖ ਪਰਿਵਾਰ ਸਮੇਤ ਸ਼ਹੀਦੀ ਦਾ ਜਾਮ ਪੀ ਕੇ ਅਮਰ ਹੋ ਗਿਆ। ਅੱਜ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਉਹਨਾ ਦੀ ਯਾਦਗਾਰ ਉਸਾਰਨ ਲਈ ਨੀਹ ਪੱਥਰ ਰੱਖਿਆ ਜਾ ਰਿਹਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

Accounting Services Inc.
ICC ACCOUNTING SERVICES INC.




ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4



Gurnek Bangar
(Pasla)

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ

ਲਿਖਤ : ਸਰਵਜੀਤ ਸਿੰਘ ਸੈਕਰਾਮੈਂਟੋ

ਸ਼ਹੀਦ ਕਿਸੇ ਵੀ ਕੌਮ ਦਾ ਅਮੁੱਲਾ ਸਰਮਾਇਆ ਹੁੰਦੇ ਹਨ। ਸਿੱਖ ਇਤਿਹਾਸ ਤਾਂ ਹੈ ਹੀ ਸ਼ਹੀਦਾਂ ਦਾ ਮਾਣ ਮੱਤਾ ਇਤਿਹਾਸ। ਗੁਰੂ ਜੀ ਨੇ ਬਾਣੀ ਂਚ ਸੀਸ ਤਲੀ ਤੇ ਧਰਨ ਦਾ ਸਿਰਫ ਉਪਦੇਸ਼ ਹੀ ਨਹੀ ਦਿੱਤਾ ਸਗੋਂ ਉਸ ਤੇ ਖ਼ੁਦ ਅਮਲ ਕਰਕੇ ਇਹ ਸਬਕ ਦ੍ਰਿੜ ਵੀ ਕਰਵਾਇਆਂ ਹੈ। ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਤੋਂ ਆਰੰਭ ਹੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮ ਦੀ ਰੱਖਿਆ ਕਰਦਿਆਂ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਸ਼ਹੀਦੀਆਂ, ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੇਕਾਂ ਸਿੰਘਾਂ ਸਮੇਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਇਹ ਸਿਲਸਿਲਾ ਬਾਬਾ ਬੰਦਾ ਬਹਾਦਰ, ਛੋਟੇ ਅਤੇ ਵੱਡੇ ਘਲੂਘਾਰੇ ਰਾਹੀਂ ਹੁੰਦਾ ਹੋਇਆ ਅੱਜ ਦੇ ਆਧੁਨਿਕ ਸਮੇਂ ਤਾਈਂ ਨਿਰੰਤਰ ਜਾਰੀ ਹੈ। ਅੱਜ ਅਸੀਂ ਇਸੇ ਲੜੀ ਦੇ ਅਨਮੋਲ ਹੀਰੇ, ਨਿੱਕੀਆਂ ਉਮਰਾਂ ਂਚ ਵੱਡੇ ਸਾਕੇ ਕਰਨ ਵਾਲੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੂੰ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਜਿਥੇ ਸਾਹਿਬਜ਼ਾਦਿਆਂ ਵੱਲੋਂ ਨਿੱਕੀਆਂ ਉਮਰਾਂ ਂਚ ਕੀਤੇ ਗਏ ਵੱਡੇ ਸਾਕੇ ਸਾਡੇ ਪ੍ਰੇਰਨਾ ਸਰੋਤ ਹਨ ਉਥੇ ਸਾਡਾ ਵੀ ਫਰਜ਼ ਬਣਦਾ ਹੈ ਕਿ ਹੱਕ, ਸੱਚ ਧਰਮ ਦੀ ਰਾਖੀ ਕਰਿਆ ਅਤੇ ਜੁਲਮ ਦੇ ਖਾਤਮੇ ਲਈ ਤਤਪਰ ਰਹੀਏ। ਚਾਹੀਦਾ ਤਾਂ ਇਹ ਸੀ ਕਿ ਅਸੀਂ ਆਪਣੇ ਪ੍ਰੇਰਣਾ ਸਰੋਤਾਂ ਦੀ ਉਸੇ ਰੂਪ ਂਚ ਸਾਂਭ-ਸੰਭਾਲ ਕਰਦੇ ਪਰ ਕਾਰ ਸੇਵਾ ਵਾਲੇ ਬਾਬਿਆਂ ਨੇ ਜਿਥੇ ਇਤਿਹਾਸਕ ਯਾਦਗਾਰਾਂ ਨੂੰ ਸੰਗਮਰਮਰ ਦੇ ਥੱਲੇ ਦੱਬ ਦਿੱਤਾ ਹੈ ਉਥੇ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਤਿਹਾਸਕ ਤਾਰੀਖਾਂ ਨੂੰ ਵਿਗਾੜਨ ਂਚ ਆਪਣਾ ਯੋਗਦਾਨ ਪਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ ਮਈ ਜੀਵਨ ਂਚ ਇਕ ਸਮਾ ਅਜੇਹਾ ਵੀ ਆਇਆ ਜਦੋਂ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਦਾ ਕਿਲਾ ਖਾਲੀ ਕਰਨਾ ਪਿਆ। ਇਸ ਦਾ ਮੁੱਖ ਕਾਰਨ ਸੀ ਪਹਾੜੀ ਰਾਜਿਆਂ ਦੀ ਬੇਈਮਾਨੀ। ਪਹਾੜੀ ਰਾਜੇ ਇਕ ਪਾਸੇ ਤਾਂ ਗੁਰੂ ਜੀ ਨਾਲ ਸੁਲਾ-ਸਫਾਈ ਦੀਆਂ ਗੱਲਾਂ ਕਰਦੇ ਸਨ, ਦੂਜੇ ਪਾਸੇ ਉਹ ਗੁਰੂ ਜੀ ਦੀ ਵੱਧਦੀ ਸ਼ਕਤੀ ਤੋਂ ਭੈ-ਭੀਤ ਸਨ। ਮੈਦਾਨੇ ਜੰਗ ਂਚ ਗੁਰੂ ਜੀ ਦਾ ਸਾਹਮਣਾ ਕਰਨਾ ਉਨ੍ਹਾਂ ਦੇ ਵੱਸ ਂਚ ਨਹੀਂ ਸੀ ਇਸ ਲਈ ਪਹਾੜੀ ਰਾਜਿਆਂ ਨੇ ਸਰਹਿੰਦ ਦੇ ਨਵਾਬ ਨਾਲ ਇਹ ਸੋਚ ਕੇ ਸੰਪਰਕ ਕੀਤਾ ਸ਼ਾਹੀ ਫੌਜ ਨੂੰ ਅੱਗੇ ਕੀਤਾ ਜਾਵੇ। ਬੇਈਮਾਨ ਰਾਜਿਆਂ ਨੇ ਰਾਜਨੀਤਕ ਚਾਲ ਚਲਦਿਆਂ ਇਕ ਪੱਤਰ ਲਿਖ ਕੇ ਨਵਾਬ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਮੁਗਲ ਸਰਕਾਰ, ਤੁਹਾਡੇ ਅਤੇ ਸਾਡੇ ਲਈ ਬਹੁਤ ਵੱਡਾ ਖ਼ਤਰਾ ਬਣਾ ਰਹੇ ਹਨ। ਜਿਸ ਦਾ ਮੁਕਾਬਲਾ ਸਾਨੂੰ ਇਕੱਠੇ ਹੋ ਕੇ ਕਰਨਾ ਚਾਹੀਦਾ ਹੈ। ਪਹਾੜੀ ਰਾਜਿਆਂ ਨੇ ਮੁਗਲਾਂ ਨਾਲ ਗੱਠਜੋੜ ਕਰਕੇ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਜਦੋਂ ਸਿੰਘਾਂ ਨੇ ਲੋਹੇ ਦੇ ਚਣੇ ਚਬਾਏ ਤਾਂ ਉਨ੍ਹਾਂ ਨੇ ਇਕ ਹੋਰ ਚਾਲ ਚਲੀ। ਜਿਥੇ ਝੂਠੀਆਂ ਸਹੁੰਆਂ ਨਾਲ ਬੇਨਤੀਆਂ ਕਰ ਦਿਆ ਇਕ ਪੱਤਰ ਪਹਾੜੀ ਰਾਜਿਆਂ ਨੇ ਲਿਖਿਆ ਉਥੇ ਹੀ ਇਕ ਪੱਤਰ ਮੁਗਲ ਬਾਦਸ਼ਾਹ ਵੱਲੋਂ ਵੀ ਗੁਰੂ ਜੀ ਨੂੰ ਭੇਜਿਆ ਗਿਆ। ਲੱਗ-ਭਗ ਤਿੰਨ ਸਾਲ ਦੇ ਜ਼ੰਗੀ ਹਾਲਤ, ਅਨੰਦਪੁਰ ਨੂੰ ਪਏ ਘੇਰੇ, ਪਹਾੜੀ ਰਾਜਿਆਂ ਅਤੇ ਸ਼ਾਹੀ ਫੌਜਾਂ ਵੱਲੋਂ ਦਿਵਾਏ ਭਰੋਸੇ ਅਤੇ ਕਿਲੇ ਦੇ ਅੰਦਰੂਨੀ ਹਾਲਾਤ ਨੂੰ ਮੁਖ ਰੱਖ ਕੇ ਗੁਰੂ ਜੀ ਨੇ 6 ਪੋਹ ਸੰਮਤ 1761/5 ਦਸੰਬਰ 1704 (ਯੂਲੀਅਨ) ਦੀ ਰਾਤ ਨੂੰ ਕਿਲਾ ਖਾਲੀ ਕਰ ਦਿੱਤਾ। ਵੈਰੀ ਦੀਆਂ ਫੌਜਾਂ ਨੇ ਖਾਧੀਆਂ ਕਸਮਾਂ ਨੂੰ ਭੁਲ ਕੇ, ਧੋਖੇ ਨਾਲ ਹਮਲਾ ਕਰ ਦਿੱਤਾ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ ਇਸੇ ਦੌਰਾਨ ਗੁਰੂ ਜੀ ਸਰਸਾਂ ਨਦੀ ਨੂੰ ਪਾਰ ਕਰ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਪੁੱਜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦੇ, ਜੋ ਗੁਰੂ ਜੀ ਤੋਂ ਵਿਛੜ ਗਏ ਸਨ, ਗੰਗੂ ਨਾਮ ਦੇ ਇਕ ਸੇਵਾਦਾਰ ਨਾਲ ਉਸ ਦੇ ਪਿੰਡ ਖੇੜੀ ਪੁੱਜ ਗਏ।

ਗੁਰੂ ਜੀ ਨੇ ਚਮਕੌਰ ਦੇ ਚੌਧਰੀ ਦੀ ਇੱਕ ਕੱਚੀ ਗੜੀ ਵਿੱਚ ਮੋਰਚੇ ਸੰਭਾਲ ਲਏ। ਮੁਗਲਾਂ ਨੇ ਰਾਤ ਦੇ ਸਮੇ ਹਜ਼ਾਰਾਂ ਦੀ ਗਿਣਤੀ ਂਚ ਫੌਜ ਨਾਲ ਗੜੀ ਨੂੰ ਘੇਰਾ ਪਾ ਲਿਆ। ਅੱਗਲੇ ਗੁਰੂ ਸਾਹਿਬ ਜੀ, ਦੋ ਵੱਡੇ ਸਾਹਿਬਜ਼ਾਦੇ ਤੇ 40 ਸਿੰਘਾਂ ਨੇ ਮੁਗਲ ਫੌਜ ਦਾ ਡਟ ਕੇ ਟਾਕਰਾ ਕੀਤਾ। ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਂਚ ਜਾਂਦਾ ਅਤੇ ਵੈਰੀ ਦੇ ਸੱਥਰ ਵਿਛਾਉਂਦਾ ਹੋਇਆ ਸ਼ਹੀਦ ਹੋ ਜਾਂਦਾ। ਸਾਹਿਬਜ਼ਾਦਾ ਅਜੀਤ ਸਿੰਘ ਵੀ ਗੁਰੂ ਜੀ ਤੋਂ ਆਗਿਆ ਲੈ ਕੇ ਮੈਦਾਨ ਂਚ ਜਾ ਗੱਜਿਆ। ਤੀਰਾਂ ਤੋਂ ਬਾਅਦ ਆਪ ਨੇ ਤਲਵਾਰ ਦੇ ਇਹੋ ਜਿਹੇ ਜੌਹਰ ਦਿਖਾਏ ਕਿ ਵਿਰੋਧੀ ਫੌਜਾਂ ਂਚ ਹਾਹਾ-ਕਾਰ ਮੱਚ ਗਈ। ਜਦੋਂ ਆਪ ਦਾ ਘੋੜਾ ਜ਼ਖ਼ਮੀ ਹੋ ਗਿਆ ਤਾਂ ਆਪ ਪੈਦਲ ਹੀ ਵੈਰੀਆਂ ਦੇ ਆਹੂ ਲਾਹੁਣ ਲੱਗੇ। ਕਈਆਂ ਨੂੰ ਪਾਰ ਬੁਲਾ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ। ਹੁਣ ਵਾਰੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਸੀ। ਜਿਉਂ ਹੀ ਸਾਹਿਬਜ਼ਾਦਾ ਆਪਣੇ ਜਥੇ ਸਮੇਤ ਮੈਦਾਨੇ ਜੰਗ ਵਿੱਚ ਆਇਆ ਮੁਗਲ ਫੌਜ ਤੇ ਟੁੱਟ ਕੇ ਪੈ ਗਏ। ਗੁਰੂ ਜੀ ਨੇ ਵੀ ਗੜੀ ਵਿੱਚੋਂ ਹੀ ਤੀਰਾਂ ਦੀ ਬਾਰਸ਼ ਆਰੰਭ ਕਰ ਦਿੱਤੀ। ਬਾਬਾ ਜੁਝਾਰ ਸਿੰਘ ਜੀ ਵੈਰੀਆਂ ਦੇ ਆਹੂ ਲਾਉਂਦੇ ਹੋਏ ਅੱਗੇ ਵੱਧਦੇ ਵੱਧਦੇ 8 ਪੋਹ ਬਿ: ਸੰਮਤ 1761/7 ਦਸੰਬਰ 1704 (ਯੂਲੀਅਨ) ਦਿਨ ਵੀਰਵਾਰ ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ, ਮਾਤਾ ਗੁਜ਼ਰੀ ਜੀ, ਗੰਗੂ ਬ੍ਰਾਹਮਣ ਦੇ ਘਰ, ਉਸ ਦੇ ਪਿੰਡ ਖੇੜੀ ਪੁਜ ਗਏ ਸਨ। ਲੂਣ ਹਰਾਮੀ ਗੰਗੂ ਨੇ ਲਾਲਚ ਵੱਸ ਮੋਰਿੰਡੇ ਦੇ ਥਾਣੇ ਜਾ ਖ਼ਬਰ ਕੀਤੀ ਕਿ ਹਕੂਮਤ ਦੇ ਬਾਗ਼ੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਬੱਚੇ ਅਤੇ ਬਿਰਧ ਮਾਤਾ ਮੇਰੇ ਕਬਜ਼ੇ ਂਚ ਹਨ, ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਅਤੇ ਮੁਗਲ ਹਕੂਮਤ ਵੱਲੋਂ, ਹਕੂਮਤ ਦੀ ਸਹਾਇਤਾ ਕਰਨ ਬਦਲੇ ਰੱਖਿਆ ਗਿਆ ਇਨਾਮ ਮੈਨੂੰ ਦਿੱਤਾ ਜਾਵੇ। ਥਾਣੇਦਾਰ ਨੇ ਗੰਗੂ ਦੇ ਘਰੋਂ ਮਾਤਾ ਜੀ ਅਤੇ ਦੋਵੇਂ ਮਾਸੂਮਾਂ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਸਪੁਰਦ ਕਰ ਦਿੱਤਾ।

ਬੰਦ ਕਰ ਦਿੱਤੇ ਗਏ। ਪੋਹ ਦੀ ਹੱਢ ਚੀਰਵੀਂ ਸਰਦੀ ’ਚ ਵੀ ਸਾਹਿਬਜ਼ਾਦੇ ਘਬਰਾਏ ਨਹੀਂ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਬਾਬਾ ਜ਼ੋਰਾਵਰ ਤੇ ਬਾਬਾ ਫਤਹਿ ਸਿੰਘ ਜੀ ਦੇ ਚਿਹਰਿਆਂ ਤੇ ਕੋਈ ਉਦਾਸੀ ਜਾਂ ਡਰ ਨਹੀਂ ਸੀ। ਵਜ਼ੀਰ ਖਾਂ ਨੇ ਕਿਹਾ ਕਿ ‘ਤੁਹਾਡੇ ਪਿਤਾ, ਭਰਾ ਤੇ ਹੋਰ ਸਿੰਘ ਸ਼ਹੀਦ ਹੋ ਚੁੱਕੇ ਹਨ। ਤੁਸੀਂ ਇਕੱਲੇ ਹੋ, ਤੁਸੀਂ ਮੁਸਲਮਾਨ ਬਣ ਜਾਵੋ। ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦਿਆਂ ਤੇ ਕੋਈ ਅਸਰ ਨ ਹੋਇਆ। ਦੂਸਰੇ ਦਿਨ ਵੀ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਡਰਾਵੇ ਅਤੇ ਲਾਲਚ ਦਿੱਤੇ ਗਏ । ਪਰ ਗੁਰੂ ਤੇਗ ਬਹਾਦਰ ਜੀ ਦੇ ਪੋਤਰਿਆਂ ਤੇ ਕੋਈ ਅਸਰ ਨਾ ਹੋਇਆਂ।

ਤੀਜੇ ਦਿਨ ਸਾਹਿਬਜ਼ਾਦਿਆਂ ਨੂੰ ਫੇਰ ਕਚਹਿਰੀ ਂਚ ਪੇਸ਼ ਕੀਤਾ ਗਿਆ। ਸਾਹਿਬਜ਼ਾਦਿਆਂ ਨੂੰ ਚੜ੍ਹਦੀ ਕਲਾ ਂਚ ਵੇਖ ਅਤੇ ਉਨ੍ਹਾਂ ਦੇ ਜੁਆਬ ਸੁਣ ਕੇ ਸੂਬਾ ਆਪੇ ਤੋਂ ਬਾਹਰ ਹੋ ਗਿਆ। ਵਜ਼ੀਰ ਖਾ ਨੇ ਕਾਜ਼ੀ ਵੱਲ ਨੂੰ ਵੇਖਿਆ ਤਾਂ ਕਾਜ਼ੀ ਨੇ ਫ਼ਤਵਾ ਸੁਣਾਇਆ ਕਿ ਇਨ੍ਹਾਂ ਨੂੰ ਦੀਵਾਰ ਂਚ ਜਿੰਦਾ ਚਿਣ ਦਿੱਤਾ ਜਾਵੇ। ਕਚਹਿਰੀ ਂਚ ਹਾਜ਼ਰ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੇ ਸਜਾ ਦਾ ਵਿਰੋਧ ਕੀਤਾ ਕਿ ਇਨ੍ਹਾਂ ਮਾਸੂਮ ਬੱਚਿਆਂ ਦਾ ਕੋਈ ਕਸੂਰ ਨਹੀਂ ਹੈ। ਇਨ੍ਹਾਂ ਦੇ ਪਿਤਾ ਦੇ ਕਸੂਰ ਦੀ ਸਜਾ ਇਨ੍ਹਾਂ ਨੂੰ ਨਹੀ ਦਿੱਤੀ ਜਾ ਸਕਦੀ। ਇਸਲਾਮ ਦੀ ਸ਼ਰ੍ਹਾ ਮੁਤਾਬਕ ਸਜਾ ਸਿਰਫ ਕਸੂਰ ਵਾਰ ਨੂੰ ਹੀ ਮਿਲਣੀ ਚਾਹੀਦੀ ਹੈ। ਤਾਂ ਕਾਜ਼ੀ ਬੋਲਿਆ, “ਸ਼ੇਰ ਮੁਹੰਮਦ! ਸ਼ਰ੍ਹਾ ਨੂੰ ਮੈਂ ਤੇਰੇ ਤੋਂ ਵੱਧ ਜਾਣਦਾ ਹਾਂ”ਝ ਸੁੱਚਾ ਨੰਦ ਵੱਲੋਂ ਬਲਦੀ ਤੇ ਤੇਲ ਪਾਉਣ ਕਾਰਨ ਵਜ਼ੀਰ ਖਾ ਗੁੱਸੇ ਂਚ ਆ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਦੀਵਾਰ ਂਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਦੋ ਪਠਾਣ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਂਚ ਚਿਣ ਦਿੱਤਾ। ਜਦੋਂ ਦੀਵਾਰ ਫਤਹਿ ਸਿੰਘ ਜੀ ਦੇ ਮੋਢਿਆਂ ਤਾਈ ਪੁੱਜੀ ਤਾ ਕਾਜ਼ੀ ਦੇ ਇਸ਼ਾਰੇ ਤੇ ਇਕ ਜਲਾਦ ਨੇ ਤਲਵਾਰ ਦੇ ਵਾਰ ਨਾਲ ਸੀਸ ਨੂੰ ਧੜ ਤੋਂ ਅਲੱਗ ਕਰ ਦਿੱਤਾ ਅਤੇ ਦੂਜੇ ਜਲਾਦ ਨੇ ਤਲਵਾਰ ਦੇ ਵਾਰ ਨਾਲ ਬਾਬਾ ਜ਼ੋਰਾਵਰ ਸਿੰਘ ਜੀ ਦੇ ਸੀਸ ਨੂੰ ਧੜ ਤੋਂ ਅਲੱਗ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਬਿ: ਸੰਮਤ 1761/12 ਦਸੰਬਰ 1704 ਈ: (ਯੂਲੀਅਨ) ਦਿਨ ਮੰਗਲਵਾਰ ਨੂੰ ਵਾਪਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਸ਼ਹੀਦੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਧਰਮ ਦੀ ਰੱਖਿਆ ਕਰਨ ਨਾਲ ਉਮਰਾਂ ਦਾ ਕੋਈ ਸਬੰਧ ਨਹੀਂ ਹੁੰਦਾ। ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ, ਜਿਨ੍ਹਾਂ ਨੂੰ ਮੁਗਲ ਹਕੂਮਤ ਦੇ ਡਰਾਵੇ ਅਤੇ ਲਾਲਚ ਵੀ ਆਪਣੇ ਧਰਮ ਤੋਂ ਨਹੀ ਡੋਲ੍ਹਾ ਸਕੇ, ਇਹ ਸ਼ਹੀਦੀਆਂ ਅੱਜ ਵੀ ਸਾਨੂੰ ਸੁਨੇਹਾ ਦਿੰਦੀਆਂ ਹਨ ਕਿ ਧਰਮ ਦਾ ਸੌਦਾ ਨਹੀ ਕਰਨਾ। ਪਰ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਸਾਡੇ ਮੁੱਖੀਆਂ ਵੱਲੋਂ, ਸਾਹਿਬਜ਼ਾਦਿਆਂ ਵੱਲੋਂ ਪਾਏ ਪੂਰਨਿਆਂ ਤੇ ਚਲਣਾ ਤਾ ਇਕ ਪਾਸੇ, ਚੰਦ ਵੋਟਾਂ ਦੀ ਖਾਤਰ, ਸਿੱਖਾਂ ਦੇ ਦਿਲਾਂ ਤੇ ਉਕਰੀਆਂ ਹੋਈਆਂ ਇਤਿਹਾਸਕ ਤਾਰੀਖਾਂ 8 ਪੋਹ ਅਤੇ 13 ਪੋਹ ਨੂੰ ਵੀ ਬਦਲ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋ ਅਖੌਤੀ ਸੰਤ ਸਮਾਜ ਨੂੰ ਖੁਸ਼ ਕਰਨ ਲਈ ਵਿਗਿਆਨਿਕ ਕੈਲੰਡਰ ‘ਨਾਨਕ ਸ਼ਾਹੀ ਕੈਲੰਡਰ’ ਨੂੰ ਵਿਗਾੜ ਕੇ ਜਾਰੀ ਕੀਤੇ ਗਏ ਧੁਮੱਕੜਸ਼ਾਹੀ ਕੈਲੰਡਰ ਂਚ ਇਹ ਇਤਿਹਾਸਿਕ ਦਿਹਾੜੇ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਤੋਂ ਬਦਲ ਕੇ 6 ਪੋਹ/21 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਤੋਂ ਬਦਲ ਕੇ 11 ਪੋਹ/26 ਦਸੰਬਰ ਕਰ ਦਿੱਤੇ ਗਏ ਹਨ। ਕੀ ਇਹ ਸ਼੍ਰੋਮਣੀ ਕਮੇਟੀ ਵੱਲੋਂ ਸਾਡੇ ਇਤਿਹਾਸ ਨੂੰ ਗੰਧਲਾ ਕਰਨ ਦਾ ਯਤਨ ਤਾਂ ਨਹੀ ਹੈ? ਖਾਲਸਾ ਜੀ ਜਾਗੋ! ਕੀ ਅਸੀਂ ਸਿਰਫ ਭੂਤ ਕਾਲ ਤੇ ਪਛਤਾਵਾ ਹੀ ਕਰਨਾ ਜਾਣਦੇ ਹਾਂ ਜਾਂ ਵਰਤਮਾਨ ਨੂੰ ਸਾਂਭਣ ਦਾ ਵੀ ਕੋਈ ਯਤਨ ਕਰਾਂਗੇ? ਆਓ, ਅੱਜ ਸਾਹਿਬਜ਼ਾਦਿਆਂਦੀ ਲਾਸਾਨੀ ਸ਼ਹੀਦੀ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੇ ਮਹਾਨ ਇਤਿਹਾਸ ਨੂੰ ਨਿਰਮਲ ਰੱਖਣ ਦਾ ਯਤਨ ਕਰੀਏ।

## ਕੁਰਬਾਨੀ ਦੀ ਮੂਰਤ

# ਮਾਤਾ ਗੁਜਰ ਕੌਰ



ਡਾ. ਸੰਦੀਪ ਸਿੰਘ ਮੁੰਡੇ
94136-52646

ਕੁਰਬਾਨੀਆਂ ਦੀ ਪੁੰਜ, ਸਿਦਕੀ, ਸਾਹਸੀ, ਸਹਿਣਸ਼ੀਲ ਅਤੇ ਵਿਲੱਖਣ ਸ਼ਖ਼ਸੀਅਤ ਦੀ ਮਾਲਕ ਮਾਤਾ ਗੁਜਰ ਕੌਰ ਜੀ, ਜਿਨ੍ਹਾਂ ਨੂੰ ਮਾਤਾ ਗੁਜਰੀ ਜੀ ਦੇ ਨਾਮ ਨਾਲ ਨਿਵਾਜਿਆਂ ਜਾਂਦਾ ਹੈ। ਮਾਤਾ ਗੁਜਰੀ ਜੀ ਅਜੇਹੀ ਪੂਜਨੀਕ ਮਾਤਾ ਹਨ, ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਤੇ ਦਰਦ ਅਤੇ ਧਰਮ, ਦੇਸ਼, ਕੌਮ ਲਈ ਮਰ ਮਿਟ ਜਾਣ ਲਈ ਆਪਣਾ ਹੀ ਨਹੀਂ ਸਗੋਂ ਆਪਣੇ ਜਣੇਆਂ ਦਾ ਵੀ ਖ਼ੂਨ ਨਿਛਾਵਰ ਕੀਤਾ। ਮਾਤਾ ਗੁਜਰੀ ਜੀ ਦੇ ਪਤੀ ਗੁਰੂ ਤੇਗ ਬਹਾਦਰ ਜੀ, ਪੁੱਤਰ ਗੁਰੂ ਗੋਬਿੰਦ ਸਿੰਘ ਜੀ, ਭਰਾ ਸ੍ਰੀ ਕ੍ਰਿਪਾਲ ਚੰਦ, ਚਾਰ ਪੋਤਰੇ- ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ, ਪੰਜ ਦੋਹਤੇ ਅਤੇ ਖ਼ੁਦ ਆਪ ਕੌਮ ਦੀ ਖ਼ਾਤਰ ਸ਼ਹੀਦ ਹੋਏ ਹਨ।

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਮਾਤਾ ਗੁਜਰ ਕੌਰ ਜੀ ਦਾ ਜਨਮ ਸੰਨ 1627 ਈ. ਵਿਚ ਕਰਤਾਰਪੁਰ, ਜ਼ਿਲ੍ਹਾ ਜਲੰਧਰ ਦੇ ਨਿਵਾਸੀ ਭਾਈ ਲਾਲ ਚੰਦ ਸੁਖੀਏ ਖੜ੍ਹੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਬਚਪਨ ਵਿਚ ਹੀ ਇਨ੍ਹਾਂ ਦਾ ਸੁਭਾਅ ਬਹੁਤ ਨਿਰਮਲ ਅਤੇ ਝੁਕਾਅ ਅਧਿਆਤਮਿਕਤਾ ਵਲ ਸੀ। ਸੰਨ 1632 ਈ. ਵਿਚ ਇਨ੍ਹਾਂ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਨੂੰ ਮੰਨਦੇ ਹੋਏ ਮਾਤਾ ਗੁਜਰੀ ਜੀ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਅਤੇ ਆਪਣੀ ਸੱਸ ਮਾਤਾ ਨਾਨਕੀ ਸਮੇਤ ਬਾਬਾ ਬਕਾਲਾ ਰਹਿਣ ਲੱਗ ਪਏ ਸਨ। ਬਾਬਾ ਬਕਾਲਾ ਆ ਕੇ ਗੁਰੂ ਤੇਗ ਬਹਾਦਰ ਜੀ ਬੰਦਗੀ ਕਰਨ ਲੱਗ ਪਏ। ਗੁਰੂ ਜੀ ਦੀ ਬੰਦਗੀ ਸਮੇਂ ਮਾਤਾ ਗੁਜਰੀ ਜੀ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਨਾਲ ਸੇਵਾ-ਸੰਭਾਲ ਕੀਤੀ।

ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪਰਲੋਕ ਗਮਨ ਕਰਨ ਵੇਲੇ ਅਗਲੇ ਗੁਰੂ ਲਈ ‘ਬਾਬਾ ਬਕਾਲਾ’ ਸ਼ਬਦ ਕਹਿ ਕੇ ਗੁਰੂ ਤੇਗ ਬਹਾਦਰ ਜੀ ਵਲ ਸੰਕੇਤ ਕੀਤਾ ਸੀ, ਪਰ ਬਹੁਤ ਸਾਰੇ ਬੇਦੀ ਅਤੇ ਸੋਢੀ ਬਕਾਲੇ ਵਿਚ ਮੰਜੀਆਂ ਲਾ ਕੇ ਬੈਠ ਗਏ।ਇੰਨ੍ਹਾਂ ਦੀ ਗਿਣਤੀ 22 ਦੱਸੀ ਜਾਂਦੀ ਹੈ। ਇੱਕ ਕਥਾ ਅਨੁਸਾਰ ਇਕ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਮੰਜੀ ਲਾ ਕੇ ਬੈਠੇ ਸਾਰੇ 22 ਵਿਅਕਤੀਆਂ ਦੀ ਪੜਤਾਲ ਕਰਦਿਆਂ ਗੁਰੂ ਤੇਗ ਬਹਾਦਰ ਜੀ ਨੂੰ ‘ਗੁਰੂ ਲਾਧੋ ਰੇ’ ਕਹਿ ਕੇ ਸਿੱਖ ਸਿਹਾਂਸਨ ਦਾ ਅਸਲ ਵਾਰਿਸ ਐਲਾਨਿਆ ਅਤ ਗੁਰੂ ਤੇਗ ਬਹਾਦੁਰ ਜੀ ਸਿਖਾਂ ਦੇ ਨੌਵੇਂ ਗੁਰੂ ਵਜੋਂ ਗੁਰਗੱਦੀ ਤੇ ਬਿਰਾਜਮਾਨ ਹੋਏ।

ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਾਤਾ ਨਾਨਕੀ ਜੀ ਦੀ ਆਗਿਆ ਮੰਨ ਕੇ ਗੁਰਮਤਿ ਸਿਖਿਆਵਾਂ ਦਾ ਪ੍ਰਚਾਰ ਪ੍ਰਸਾਰ ਕਰਨ ਦੇ ਉਦੇਸ਼ ਨਾਲ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਆਸਾਮ ਦੇ ਪ੍ਰਾਂਤਾਂ ਵਲ ਯਾਤਰਾ ’ਤੇ ਗਏ। ਇਸ ਸਮੇਂ ਗੁਰੂ ਤੇਗ ਬਹਾਦਰ ਜੀ ਦੇ ਨਾਲ ਮਾਤਾ ਨਾਨਕੀ ਜੀ, ਪਤਨੀ ਗੁਜਰੀ ਜੀ ਅਤੇ ਬਹੁਤ ਸਾਰੇ ਸਿੱਖ-ਸੇਵਕ ਸਨ। ਪਟਨਾ ਨਿਵਾਸ ਦੋਰਾਨ ਮਾਤਾ ਗੁਜਰੀ ਜੀ ਦੇ ਕੁਖੋਂ ਪੋਹ ਸੁਦੀ ਸਤਵੀਂ ਸੰਨ 1666 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਇਸੇ ਸਾਲ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਤੋਂ ਜਮੀਨ ਖਰੀਦ ਕੇ ਚੱਕ ਨਾਨਕੀ (ਆਨੰਦਪੁਰ ਸਾਹਿਬ) ਬਸਾਇਆ ਸੀ। ਕੁਝ ਸਮੇਂ ਬਾਅਦ ਗੁਰੂ ਜੀ ਨੇ ਆਨੰਦਪੁਰ ਵਿਖੇ ਮਾਤਾ ਗੁਜਰੀ ਸਮੇਤ ਆਪਣੇ ਸਾਰੇ ਪਰਿਵਾਰ ਨੂੰ ਬੁਲਾ ਲਿਆ। ਉਸ ਸਮੇਂ ਔਰੰਗਜ਼ੇਬ ਹਿੰਦੂਆਂ ’ਤੇ ਜੁਲਮ ਅਤੇ ਅੱਤਿਆਚਾਰਾਂ ਕਰ ਰਿਹਾ ਸੀ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਰਖਿਆ ਖ਼ਾਤਰ ਅਪਣਾ ਸ਼ੀਸ਼ ਕੁਰਬਾਨ ਕਰ ਦਿੱਤਾ। ਇਸ ਵੱਡੀ ਘਟਨਾ ’ਤੇ ਵੀ ਮਾਤਾ ਗੂਜਰੀ ਜੀ ਭਾਣੇ ਅੰਦਰ ਅਡੋਲ ਰਹੇ।

ਬਾਕੀ ਸਫ਼ਾ 17 'ਤੇ ਪੜ੍ਹੋ

ਸਫ਼ਾ 16 ਦਾ ਬਾਕੀ

## ਮਾਤਾ ਗੁਜਰ ਕੌਰ ਜੀ...

ਇਸ ਤੋਂ ਬਾਅਦ ਮਾਤਾ ਗੁਜਰੀ ਜੀ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਪਣੇ ਪੁੱਤਰ ਗੋਬਿੰਦ ਸਿੰਘ ਜੀ ਨੂੰ ਅਧਿਆਤਮਿਕ ਸਿਖਿਆ ਦਿਵਾਈ ਅਤੇ ਇਸ ਦੇ ਨਾਲ ਹੀ ਮਾਨਵਤਾ 'ਤੇ ਹੋ ਰਹੇ ਜ਼ੁਲਮ ਅਤੇ ਅੱਤਿਆਚਾਰਾਂ ਵਿਰੁਧ ਲੜਨ ਲਈ ਤਿਆਰ ਕੀਤਾ।

ਸਾਲ 1704 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਸਮਕਾਲੀ ਮੁਗਲ ਸਮਰਾਟ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਲੜ ਰਹੇ ਸਨ। ਲੰਬੀ ਲੜਾਈ ਤੋਂ ਪ੍ਰੇਸ਼ਾਨ ਹੋ ਕੇ ਮੁਗਲ ਸਮਰਾਟ ਨੇ ਗੁਰੂ ਜੀ, ਉਨ੍ਹਾਂ ਦੇ ਪਰਿਵਾਰ ਅਤੇ ਸਿੱਖਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਪੰਹੁਚਾਉਣ ਦੀ ਕਸਮ ਖਾ ਕੇ ਕਿਲ੍ਹਾ ਖਾਲੀ ਕਰਨ ਲਈ ਬੇਨਤੀ ਕੀਤੀ। ਭਾਵੇਂ ਗੁਰੂ ਜੀ ਨੂੰ ਔਰੰਗਜ਼ੇਬ ਦੀਆਂ ਕਸਮਾਂ 'ਤੇ ਬਿਲਕੁਲ ਵਿਸ਼ਵਾਸ ਨਹੀਂ ਸੀ, ਪਰ ਫਿਰ ਵੀ ਗੁਰੂ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਖਾਲੀ ਕਰਨ ਦਾ ਫੈਸਲਾ ਕੀਤਾ। ਉਸ ਰਾਤ ਸਰਦੀ ਪੂਰੀ ਜੋਬਨ 'ਤੇ ਸੀ ਅਤੇ ਜ਼ਿਆਦਾ ਮੀਂਹ ਪੈਣ ਕਾਰਨ ਸਰਸਾ ਨਦੀ ਵਿਚ ਆਏ ਹੜ੍ਹਾਂ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਕਾਫਲੇ ਤੋਂ ਵੱਖ ਹੋ ਗਿਆ। ਦੋ ਵੱਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ) ਅਤੇ 40 ਸਿੱਖ ਗੁਰੂ ਜੀ ਨਾਲ ਚਮਕੌਰ ਪਹੁੰਚ ਗਏ। ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ- ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਨੌਕਰ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ।

ਪਿੰਡ ਆ ਕੇ ਗੰਗੂ ਬ੍ਰਾਹਮਣ ਦਾ ਲਾਲਚ ਵਸ਼ ਇਰਾਦਾ ਬਦਲ ਗਿਆ ਅਤੇ ਉਸ ਨੇ ਮਾਤਾ ਗੁਜਰੀ ਜੀ ਅਤੇ ਦੋਵੇਂ ਨਿਰਦੋਸ਼ ਮਾਸੂਮਾਂ ਨੂੰ ਗ੍ਰਿਫਤਾਰ ਕਰਵਾ ਕੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹਵਾਲੇ ਕਰ ਦਿੱਤਾ ਗਿਆ। ਨਵਾਬ ਦੇ ਆਦੇਸ਼ਾਂ ਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਇੱਕ ਠੰਡੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ। ਠੰਡੇ ਬੁਰਜ ਵਿਚ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਆਉਣ ਵਾਲੇ ਸੰਕਟ ਤੋਂ ਜਾਣੂ ਕਰਵਾਕੇ ਧਰਮ ਵਿਚ ਦ੍ਰਿੜ੍ਹ ਰਹਿਣ ਦੀ ਸਿਖਿਆ ਦਿੱਤੀ। ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਸਿੱਖੀ-ਸਿਧਾਂਤ ਅਤੇ ਪਿਤਾ ਅਤੇ ਦਾਦੇ ਦੀਆਂ ਸ਼ਹਾਦਤਾਂ ਨੂੰ ਯਾਦ ਕਰਵਾ ਕੇ ਹਰ ਮੁਸੀਬਤ ਵਿਚ ਚੜ੍ਹਦੀ ਕਲਾ ਵਿਚ ਰਹਿਣ ਦੀ ਹੱਲਾ-ਸ਼ੇਰੀ ਦਿੱਤੀ। ਮਾਤਾ ਗੁਜਰੀ ਜੀ ਦੀਆਂ ਸਿੱਖਿਆਵਾਂ ਸਦਕਾ ਪੋਹ ਮਹੀਨੇ ਦੀ ਜਾਨ ਕਢਦੀ ਠੰਡ ਵਿਚ ਵੀ ਦੋਵੇਂ ਸਾਹਿਬਜ਼ਾਦੇ ਬਿਲਕੁਲ ਨਹੀਂ ਘਬਰਾਏ। ਜਦੋਂ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ, ਤਾਂ ਉਥੇ ਮੌਜੂਦ ਸਾਰੇ ਸਾਹਿਬਜ਼ਾਦਿਆਂ ਦੀ ਛੋਟੀ ਉਮਰ ਵਿਚ ਹਿੰਮਤ ਅਤੇ ਲਗਨ ਵੇਖ ਕੇ ਹੈਰਾਨ ਹੋ ਜਾਂਦੇ ਹਨ। ਸਰਹਿੰਦ ਸੂਬੇ ਦੀ ਕਚਹਿਰੀ ਵਿਚ ਇਨ੍ਹਾਂ ਬੇਕਸੂਰ ਮਾਸੂਮਾਂ ਨੂੰ ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਅਤੇ ਫਿਰ ਧਮਕੀਆਂ ਦਿੱਤੀਆਂ ਗਈਆਂ, ਪਰ ਮਾਤਾ ਗੁਜਰੀ ਜੀ ਦੀਆਂ ਸਿੱਖਿਆਵਾਂ ਸਦਕਾ ਉਸ ਦਾ ਸਾਹਿਬਜ਼ਾਦਿਆਂ 'ਤੇ ਕੋਈ ਅਸਰ ਨਹੀਂ ਹੋਇਆ। ਡਰ, ਭੁਖ, ਲਾਲਚ ਆਦਿ ਦੇ ਬਾਵਜੂਦ ਵੀ ਉਹ ਆਪਣੇ ਧਰਮ ਦੇ ਰਸਤੇ ਤੋਂ ਬਿਲਕੁਲ ਵੀ ਨਹੀਂ ਹਟੇ, ਬਲਕਿ ਉਸ ਸਮੇਂ ਦੇ ਸ਼ਾਸਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੂੰਹ 'ਤੇ ਹੀ ਸੱਚ ਦੀ ਆਵਾਜ ਬੁਲੰਦ ਕਰ ਜ਼ੁਲਮ ਦਾ ਵਿਰੋਧ ਕਰਦੇ ਰਹੇ। ਸਾਹਿਬਜ਼ਾਦਿਆਂ ਦੀ ਨਿਡਰਤਾ ਅਤੇ ਸਵੈ-ਮਾਣ ਘੱਟਦਾ ਨਾ ਦੇਖ ਸੂਬਾ ਸਰਹੰਦ ਦੇ ਆਦੇਸ਼ਾਂ ਤੇ ਕਾਜ਼ੀ ਨੇ ਉਨ੍ਹਾਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਵਾ ਕੇ ਸ਼ਹੀਦ ਕਰ ਦਿੱਤਾ। ਸਾਲ 1705 ਈ. ਵਿਚ ਛੋਟੇ ਸਾਹਿਬਜ਼ਾਦ ਦੀ ਸ਼ਹਾਦਤ ਤੋਂ ਬਾਅਦ ਮਾਤਾ ਗੁਜਰੀ ਜੀ ਵੀ ਸ਼ਹੀਦ ਹੋ ਗਏ। ਮਾਤਾ ਗੁਜਰੀ ਜੀ ਨੇ ਆਪਣੇ ਜੀਵਨ ਵਿਚ ਗ੍ਰਹਿਸਤੀ ਦੇ ਸਾਰੇ ਰਿਸ਼ਤਿਆਂ ਨੂੰ ਬਾਖੂਬੀ ਨਿਭਾਇਆ। ਆਪ ਨੇ ਆਗਿਆਕਾਰੀ ਤੇ ਸੇਵਾ-ਭਾਵੀ ਪਤਨੀ, ਸਿਆਣੀ ਮਾਤਾ ਅਤੇ ਅਦੁੱਤੀ ਦਾਦੀ ਹੋਣ ਦਾ ਫ਼ਰਜ਼ ਨਿਭਾਇਆ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿੱਖ ਪੰਥ ਲਈ ਪ੍ਰੇਰਣਾ ਸਰੋਤ ਹੈ, ਜੋ ਆਪਣੇ ਧਰਮ ਵਿਚ ਪੱਕੇ ਰਹਿ ਕੇ ਜ਼ੁਲਮਾਂ ਵਿਰੁੱਧ ਸੱਚਾਈ ਪ੍ਰਤੀ ਖੜੇ ਹੋਣ ਦੀ ਸਿੱਖਿਆ ਦਿੰਦੀ ਹੈ।

# ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ



ਲਿਖਤ : ਰਣਦੀਪ ਕੌਰ ਪੰਧੇਰ

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਬੀ ਗਾਥਾ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ ਮਾਲਾ ਦੇ ਅਹਿਮ ਮਣਕੇ ਹਨ, ਜਿਨ੍ਹਾਂ ਦੀ ਮਿਸਾਲ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ। ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ 'ਜ਼ਫ਼ਰਨਾਮਾ' ਵਿੱਚੋਂ ਮਿਲਦਾ ਹੈ :

**ਚਿਹਾ ਸ਼ੁਦ ਕਿ ਚੂੰ ਬੱਚਗਾ ਕਸ਼ਤਹ ਚਾਰ,**
**ਕੀ ਬਾਕੀ ਬਮਾਂਦਸਤ ਪੇਚੀਦਹ ਮਾਰ॥**

ਗੁਰੂ ਸਾਹਿਬ ਲਿਖਦੇ ਹਨ ਕਿ 'ਐ ਔਰੰਗਜ਼ੇਬ, ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ ਪਰ ਤੂੰ ਯਾਦ ਰੱਖ ਕੇ ਤੇਰੀ ਜ਼ੁਲਮੀ ਸਲਤਨਤ ਨੂੰ ਖ਼ਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ, ਜੋ ਤੇਰੀ ਸਲਤਨਤ ਨੂੰ ਖ਼ਤਮ ਕਰ ਕੇ ਹੀ ਦਮ ਲਵੇਗਾ। ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿਚ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਨੇ ਦੂਜੇ ਦੇ ਧਰਮ ਦੀ ਰੱਖਿਆ ਖ਼ਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਤੇਗ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ, ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ :

**ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ॥**

ਭਾਵ, ਮੇਰੇ ਸਿੱਖ ਨਾ ਹੀ ਕਿਸੇ ਨੂੰ ਡਰਾਉਂਦੇ ਹਨ ਤੇ ਨਾ ਹੀ ਕਿਸੇ ਤੋਂ ਡਰਦੇ ਹਨ, ਫਿਰ ਉਨ੍ਹਾਂ ਦੇ ਪੋਤਰੇ ਜ਼ੁਲਮ ਅੱਗੇ ਕਿੰਜ ਝੁਕ ਸਕਦੇ ਸਨ। ਜਿਸ ਪੁੱਤਰ ਨੇ ਨਿੱਕੀ ਉਮਰੇ ਆਪਣੇ ਪਿਤਾ ਨੂੰ ਇਹ ਕਹਿ ਕੇ ਮਜ਼ਲੂਮਾਂ ਦੀ ਮਦਦ ਲਈ ਤੋਰਿਆ ਕਿ 'ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ", ਉਸ ਗੁਰੂ ਗੋਬਿੰਦ ਸਿੰਘ ਦੇ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ੍ਹ ਗਏ। ਸਾਕਾ ਸਰਹਿੰਦ ਇਕ ਅਜਿਹੀ ਘਟਨਾ ਹੈ ਜਿਸ ਨੇ ਸਿੱਖ ਜਗਤ 'ਤੇ ਡੂੰਘੀ ਛਾਪ ਛੱਡੀ ਹੈ। ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ ਦਾ ਇਤਿਹਾਸ ਵਿਚ ਸਭ ਤੋਂ ਉੱਭਰਵਾਂ ਸਥਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ ਲੜੀਵਾਰ ਵੇਖੀਏ ਤਾਂ ਪਿਛੋਕੜ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਗੱਦੀ 'ਤੇ ਬਿਠਾਇਆ ਗਿਆ ਤਾਂ ਉਨ੍ਹਾਂ ਦੀ ਉਮਰ ਨੌਂ ਸਾਲ ਤੋਂ ਵੀ ਘੱਟ ਸੀ। 'ਹਿੰਦ ਦੀ ਚਾਦਰ' ਕਹਾਉਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। 22 ਵਰ੍ਹਿਆਂ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀ ਪਹਿਲੀ ਜੰਗ ਲੜੀ ਤੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਫਿਰ ਸੰਨ 1699 ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦਸਮੇਸ਼ ਪਿਤਾ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ। ਖ਼ਾਲਸੇ ਦੇ ਜਨਮ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਤੇ ਸਮੁੱਚੇ ਭਾਰਤ ਨੂੰ ਨਵੀਂ ਦਿਸ਼ਾ ਦਿੱਤੀ।

ਖ਼ਾਲਸੇ ਦੀ ਸਥਾਪਨਾ ਤੋਂ ਲਗਪਗ ਦੋ ਵਰ੍ਹਿਆਂ ਉਪਰੰਤ ਲੜਾਈਆਂ ਦਾ ਦੌਰ ਸ਼ੁਰੂ ਹੋ ਗਿਆ। ਪਹਾੜੀ ਰਾਜਿਆਂ ਨੂੰ ਸੱਤਾ ਦਾ ਖ਼ਤਰਾ ਜਾਪਿਆ ਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ। ਔਰੰਗਜ਼ੇਬ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਅਤੇ ਫ਼ੌਜਾਂ ਨੇ ਡਟ ਕੇ ਮੁਕਾਬਲਾ ਕੀਤਾ। ਔਰੰਗਜ਼ੇਬ ਨੇ ਕਿਲ੍ਹੇ ਅੰਦਰ ਰਾਸ਼ਨ-ਪਾਣੀ ਜਾਣਾ ਬੰਦ ਕਰਵਾ ਦਿੱਤਾ। ਉਸ ਨੂੰ ਪਤਾ ਸੀ ਕਿ ਜ਼ਬਰਦਸਤੀ ਕਿਲ੍ਹਾ ਖ਼ਾਲੀ ਨਹੀਂ ਕਰਵਾਇਆ ਜਾ ਸਕਦਾ ਤਾਂ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਗਊ ਅਤੇ ਕੁਰਾਨ-ਏ-ਪਾਕ ਦੀਆਂ ਕਸਮਾਂ ਖਾਧੀਆਂ ਕਿ ਕਿਲ੍ਹਾ ਛੱਡਣ 'ਤੇ ਕਿਸੇ ਸਿੱਖ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੂੰ ਪਤਾ ਸੀ ਕਿ ਉਹ ਕਸਮਾਂ 'ਤੇ ਕਿੰਨਾ ਕੁ ਖਰਾ ਉਤਰਨਗੇ ਪਰ ਉਨ੍ਹਾਂ ਨੇ ਧਾਰਮਿਕ ਚਿੰਨ੍ਹਾਂ ਦੇ ਸਨਮਾਨ ਨੂੰ ਵੇਖਦਿਆਂ ਕਿਲ੍ਹਾ ਖ਼ਾਲੀ ਕਰਨ ਦਾ ਫ਼ੈਸਲਾ ਲਿਆ।

ਅਨੰਦਪੁਰ ਸਾਹਿਬ ਛੱਡਣ 'ਤੇ ਗੁਰੂ ਸਾਹਿਬ ਨਾਲ 1500 ਸਿੰਘਾਂ ਦਾ ਕਾਫ਼ਲਾ ਸੀ। ਜਦੋਂ ਇਹ ਕਾਫ਼ਲਾ ਸਰਸਾ ਨਦੀ ਕੋਲ ਪਹੁੰਚਿਆ ਤਾਂ ਮੁਗ਼ਲ ਫ਼ੌਜਾਂ ਨੇ ਗਊ ਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਕਾਫ਼ਲੇ 'ਤੇ ਹਮਲਾ ਬੋਲ ਦਿੱਤਾ। ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਇਕ ਪਾਸੇ ਸ਼ੂਕਦੀ ਹੋਈ ਸਰਸਾ ਨਦੀ ਤੇ ਦੂਜੇ ਪਾਸੇ ਉੱਚੇ ਪਹਾੜ ਪਰ ਗੁਰੂ ਸਾਹਿਬ ਨੇ ਈਨ ਨਾ ਮੰਨੀ ਉਨ੍ਹਾਂ ਨੇ ਡਟ ਕੇ ਮੁਗ਼ਲਾਂ ਦਾ ਸਾਹਮਣਾ ਕੀਤਾ। ਕੁਝ ਸਿੰਘਾਂ ਨੇ ਹਿੰਮਤ ਦਿਖਾਈ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਸਰਸਾ ਨਦੀ ਪਾਰ ਕਰਨ ਉਪਰੰਤ ਸਿੱਖ ਹਾਲੇ ਇਕੱਠੇ ਵੀ ਨਹੀਂ ਸਨ ਹੋਏ ਕਿ ਰੋਪੜ ਦੇ ਰੰਗੜਾਂ ਨੇ ਧਾਵਾ ਬੋਲ ਦਿੱਤਾ। ਬੇਸ਼ੱਕ ਉਹ ਸਾਹਿਬ-ਏ-ਕਮਾਲ ਅੱਗੇ ਛੇਤੀ ਹੀ ਮੈਦਾਨ ਛੱਡ ਗਏ ਪਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿਛੜ ਗਏ।ਚਮਕੌਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਇਤਿਹਾਸ ਦੀ ਬੇਜੋੜ ਜੰਗ ਲੜੀ ਤੇ ਇਸ ਜੰਗ ਵਿਚ ਵੱਡੇ ਸਾਹਿਬਜ਼ਾਦੇ, ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ ਅਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੋਹਕਮ ਸਿੰਘ ਵੀ ਰਣਭੂਮੀ ਦੀ ਭੇਟ ਚੜ੍ਹੇ। ਉਧਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਦੇ ਨਾਲ ਉਸ ਦੇ ਪਿੰਡ ਸਹੇੜੀ ਪਹੁੰਚੇ। ਮਾਤਾ ਜੀ ਕੋਲ ਧਨ ਵੇਖ ਕੇ ਉਸ ਦੀ ਨੀਅਤ ਫਿੱਟ ਗਈ ਤੇ ਉਸ ਨੇ ਰਾਤ ਨੂੰ ਗਹਿਣੇ ਤੇ ਧਨ ਚੋਰੀ ਕਰ ਲਿਆ ਅਤੇ ਮੋਰਿੰਡਾ ਦੇ ਕੋਤਵਾਲ ਨੂੰ ਉਨ੍ਹਾਂ ਬਾਰੇ ਦੱਸ ਦਿੱਤਾ। ਸਾਹਿਬਜ਼ਾਦਿਆਂ ਨੂੰ ਉਨ੍ਹਾਂ ਨੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਪੋਹ ਦੀ ਹੱਡ ਚੀਰਵੀਂ ਠੰਢ ਵਿਚ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਘਰ ਦੇ ਇਕ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਨਾਟਕੀ ਢੰਗ ਨਾਲ ਬੁਰਜ ਵਿਚ ਦਾਖ਼ਲ ਹੋ ਕੇ ਉਨ੍ਹਾਂ ਨੂੰ ਦੁੱਧ ਛਕਾਇਆ। ਅੱਜ ਵੀ ਬਾਬਾ ਮੋਤੀ ਰਾਮ ਮਹਿਰਾ ਦਾ ਨਾਂ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੈ।ਸੂਬਾ ਸਰਹਿੰਦ ਨੇ ਚੜ੍ਹਦੀ ਸਵੇਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦੇ ਚੜ੍ਹਦੀ ਕਲਾ ਨਾਲ ਕਚਹਿਰੀ ਵਿਚ ਪੇਸ਼ ਹੋਏ। ਸੂਬੇ ਨੇ ਸ਼ਰੇਆਮ ਝੂਠ ਬੋਲਿਆ ਕਿ 'ਤੁਹਾਡੇ ਪਿਤਾ ਚਮਕੌਰ ਦੀ ਜੰਗ 'ਚ ਸ਼ਹੀਦ ਹੋ ਚੁੱਕੇ ਹਨ। ਜੇ ਤੁਸੀਂ ਆਪਣੀ ਜਾਨ ਦੀ ਸਲਾਮਤੀ ਚਾਹੁੰਦੇ ਹੋ ਤਾਂ ਇਸਲਾਮ ਕਬੂਲ ਕਰ ਲਵੋ।' ਸਾਹਿਬਜ਼ਾਦਿਆਂ ਨੂੰ ਫ਼ਾਨੀ ਦੇਹ ਨਾਲੋਂ ਧਰਮ ਜ਼ਿਆਦਾ ਪਿਆਰਾ ਸੀ। ਉਨ੍ਹਾਂ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੂਬੇ ਨੇ ਦੁਨਿਆਵੀ ਲਾਲਚ ਦਿੱਤੇ। ਠਾਠ-ਬਾਠ ਦੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਾ ਹੋਏ।ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਕਚਹਿਰੀ 'ਚ ਪੇਸ਼ ਕੀਤਾ ਗਿਆ। ਫਿਰ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਵੇਖ ਕੇ ਸੂਬਾ ਅੱਗ-ਵਰੋਲਾ ਹੋ ਗਿਆ। ਉਹ ਵਾਹ ਨਾ ਚੱਲਦੀ ਵੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ ਪਰ ਸਾਹਿਬਜ਼ਾਦੇ ਅਡੋਲ ਰਹੇ ਤੇ ਸੂਬੇ ਨੇ ਸਜ਼ਾ-ਏ-ਮੌਤ ਦਾ ਫ਼ੈਸਲਾ ਸੁਣਾ ਦਿੱਤਾ। ਕਾਜ਼ੀ ਨੂੰ ਭਰੋਸੇ ਵਿਚ ਲੈਂਦਿਆਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣੇ ਜਾਣ ਦਾ ਹੁਕਮ ਸੁਣਾਇਆ ਗਿਆ। ਨਵਾਬ ਮਾਲੇਰਕੋਟਲਾ ਨੇ ਇਸ ਫ਼ੈਸਲੇ ਨੂੰ ਰੱਦ ਕਰਨ ਦੀ ਆਵਾਜ਼ ਉਠਾਈ ਪਰ ਉਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਮੰਨਿਆ ਜਾਂਦਾ ਹੈ ਕਿ ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੂੰ ਇਕ ਵਾਰ ਫਿਰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ। ਸਭ ਤਰ੍ਹਾਂ ਦੇ ਤਸੀਹੇ, ਲਾਲਚ, ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਵੀ ਦਸਮੇਸ਼ ਪਿਤਾ ਦੇ ਲਾਲ ਸਨ, ਉਹ ਧਰਮ ਕਿਵੇਂ ਛੱਡ ਸਕਦੇ ਸਨ। ਸੂਬੇ ਦੇ ਹੁਕਮ ਨਾਲ ਜ਼ੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੇਰਹਿਮੀ ਨਾਲ ਮਾਸੂਮ ਜਿੰਦਾਂ ਨੂੰ ਜ਼ਿਬਾਹ ਕਰ ਦਿੱਤਾ ਤੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਪਾਈ।ਸਾਕਾ ਸਰਹਿੰਦ ਬਾਰੇ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ :

**ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ,**
**ਸਿੱਖੀ ਕੀ ਨੀਂਵ ਹਮ ਹੈਂ ਸਰੋਂ**
**ਪਰ ਉਠਾ ਚਲੇ॥**
**ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ,**
**ਸਿੰਘੋਂ ਕੀ ਸਲਤਨਤ ਕਾ ਹੈ**
**ਪੌਦਾ ਲਗਾ ਚਲੇ॥**

# ਇਤਿਹਾਸ ਦੇ ਝਰੋਖੇ 'ਚੋਂ ਮਾਛੀਵਾੜਾ

ਲਿਖਤ : ਸੁਭਾਸ਼ ਪਰਿਹਾਰ
ਸੰਪਰਕ: 98728-22417



ਗੁਰਦੁਆਰਾ ਚਰਨ ਕੰਵਲ ਸਾਹਿਬ

ਦਰਿਆਵਾਂ ਨੇ ਮਨੁੱਖੀ ਇਤਿਹਾਸ ਵਿਚ ਸਭਿਅਤਾਵਾਂ ਦੇ ਜਨਮ ਅਤੇ ਵਿਕਾਸ ਵਿਚ ਬੇਹੱਦ ਮਹੱਤਵਪੂਰਨ ਰੋਲ ਅਦਾ ਕੀਤਾ ਹੈ ਪਰ ਇਹ ਮੁਸਾਫ਼ਿਰਾਂ ਦੀ ਆਵਾਜਾਈ ਵਿਚ ਅੜਚਣ ਹੀ ਪੈਦਾ ਕਰਦੇ ਸਨ। ਪੁਰਾਤਨ ਸਮਿਆਂ ਵਿਚ ਵੱਡੇ ਦਰਿਆਵਾਂ ਉੱਪਰ ਪੱਕੇ ਪੁਲ ਨਹੀਂ ਸੀ ਉਸਾਰੇ ਜਾਂਦੇ। ਇਹ ਲੱਭਿਆ ਜਾਂਦਾ ਸੀ ਕਿ ਦਰਿਆ ਕਿੱਥੋਂ ਘੱਟ ਡੂੰਘਾ ਹੈ ਜਾਂ ਕਿੱਥੇ ਭੀੜਾ ਹੈ। ਆਮ ਮੁਸਾਫ਼ਿਰ ਦਰਿਆ ਕਿਸ਼ਤੀਆਂ ਰਾਹੀਂ ਪਾਰ ਕਰਦੇ ਸਨ ਅਤੇ ਫ਼ੌਜਾਂ ਅਕਸਰ ਘੱਟ ਚੌੜੇ ਵਹਾਅ ਦੀ ਥਾਂ 'ਤੇ ਕਿਸ਼ਤੀਆਂ ਬੰਨ੍ਹ ਕੇ ਬਣਾਏ ਆਰਜ਼ੀ ਪੁਲਾਂ ਰਾਹੀਂ ਲੰਘਦੀਆਂ ਸਨ। ਦਰਿਆ ਲੰਘਣ ਲਈ ਆਮ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਥਾਵਾਂ ਨੂੰ ਪੱਤਣ ਕਹਿੰਦੇ ਸੀ, ਜਿਵੇਂ ਹਰੀ ਕੇ ਪੱਤਣ ਜਾਂ ਪਾਕਪੱਤਣ ਆਦਿ। ਇਨ੍ਹਾਂ ਪੱਤਣਾਂ ਨੇੜੇ ਵੱਸੋਂ ਹੋ ਜਾਣੀ ਵੀ ਕੁਦਰਤੀ ਹੀ ਸੀ। ਇਸ ਦੇ ਕੁਝ ਉਦਾਹਰਣ ਹਨ- ਜਮੁਨਾ ਦਰਿਆ ਉੱਪਰ ਸੋਨੀਪੱਤ॥, ਪਾਨੀਪੱਤ॥, ਸਤਲੁਜ ਉੱਪਰ ਲੁਧਿਆਣਾ, ਅਜੋਧਨ, ਅਤੇ ਬਿਆਸ ਦਰਿਆ ਉੱਪਰ ਗੋਇੰਦਵਾਲ। ਲੁਧਿਆਣੇ ਦੇ ਤੀਹ ਕੁ ਕਿਲੋਮੀਟਰ ਪੂਰਬ ਵੱਲ ਇਸੇ ਜ਼ਿਲ੍ਹੇ ਵਿਚ ਪੈਂਦਾ ਕਸਬਾ ਮਾਛੀਵਾੜਾ ਵੀ ਅਜਿਹਾ ਹੀ ਥਾਂ ਸੀ ਜਿੱਥੋਂ ਮੱਧਕਾਲ ਦੌਰਾਨ ਅਕਸਰ ਸਤਲੁਜ ਦਰਿਆ ਪਾਰ ਕੀਤਾ ਜਾਂਦਾ ਸੀ। ਸਤਲੁਜ ਦਰਿਆ ਦਾ ਪੁਰਾਣਾ ਵਹਿਣ ਬੁੱਢਾ ਦਰਿਆ ਹੁਣ ਵੀ ਇਸ ਦੇ ਨੇੜੇ ਹੀ ਹੈ।

ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਮਾਛੀਵਾੜਾ ਬਹੁਤ ਪੁਰਾਣਾ ਸ਼ਹਿਰ ਹੈ। ਅਠਾਰਵੀਂ ਸਦੀ ਦੀ ਕਿਤਾਬ ਖ਼ੁਲਾਸਤੁਤ-ਤਵਾਰੀਖ਼ ਦਾ ਕਰਤਾ ਸੁਜਾਨ ਰਾਏ ਭੰਡਾਰੀ ਇਸ ਦਾ ਪਿਛੋਕੜ ਮਹਾਂਭਾਰਤ ਕਾਲ ਨਾਲ ਜੋੜਦਿਆਂ ਲਿਖਦਾ ਹੈ ਕਿ ਇਸ ਮਹਾਂਕਾਵਿ ਦੇ ਰਚੇਤਾ ਵੇਦ ਵਿਆਸ ਦੇ ਪੁਰਖੇ ਇੱਥੋਂ ਦੇ ਹੀ ਸਨ। ਪਰ ਇਹ ਠੀਕ ਨਹੀਂ ਜਾਪਦਾ ਕਿਉਂਕਿ ਇੰਨੀ ਪੁਰਾਤਨਤਾ ਸਿੱਧ ਕਰਨ ਲਈ ਇੱਥੋਂ ਹੁਣ ਤੀਕ ਕੋਈ ਪੁਰਾਤੱਤਵੀ ਸਬੂਤ ਪ੍ਰਾਪਤ ਨਹੀਂ ਹੋਇਆ। ਪੁਰਾਤਨ ਥਾਵਾਂ ਤੋਂ ਅਕਸਰ ਪੁਰਾਣੇ ਸਿੱਕੇ ਮਿਲ ਜਾਂਦੇ ਹੁੰਦੇ ਹਨ ਪਰ ਜਦ 1888-89 ਵਿਚ ਭਾਰਤੀ ਪੁਰਤੱਤਵੇਤਾ ਚਾਰਲਸ ਰੌਜ਼ਰਸ ਇੱਥੇ ਆਇਆ ਤਾਂ ਉਸ ਨੂੰ ਕੋਈ ਪੁਰਾਣਾ ਸਿੱਕਾ ਜਾਂ ਕੋਈ ਹੋਰ ਪੁਰਾਤਨ ਵਸਤ ਪ੍ਰਾਪਤ ਨਹੀਂ ਸੀ ਹੋਈ।

ਲਿਖਤੀ ਰੂਪ ਵਿਚ ਮਾਛੀਵਾੜੇ ਬਾਰੇ ਸਭ ਤੋਂ ਪੁਰਾਤਨ ਹਵਾਲਾ ਸਾਨੂੰ ਲੋਧੀ ਕਾਲ (1451-1526) ਦਾ ਮਿਲਦਾ ਹੈ। ਜਦ ਪੰਦਰਵੀਂ ਸਦੀ ਦੇ ਅੰਤਿਮ ਵਰ੍ਹੇ ਵਿਚ ਸੁਲਤਾਨ ਸਿਕੰਦਰ ਲੋਧੀ ਨੂੰ ਸੰਭਲ (ਵਰਤਮਾਨ ਉੱਤਰ ਪ੍ਰਦੇਸ਼ ਵਿਚ) ਜਾਣਾ ਪਿਆ ਤਾਂ ਉਹ ਦਿੱਲੀ ਦਾ ਪ੍ਰਬੰਧ ਅਹਿਲਕਾਰ ਅਸਗ਼ਰ ਹਵਾਲੇ ਕਰ ਕੇ ਗਿਆ ਸੀ। ਕੁਝ ਸਮੇਂ ਮਗਰੋਂ ਹੀ ਸੁਲਤਾਨ ਨੂੰ ਸੂਚਨਾ ਮਿਲੀ ਅਸਗ਼ਰ ਦੁਸ਼ਟਤਾ ਵਿਖਾ ਰਿਹਾ ਹੈ ਤਾਂ ਉਸ ਨੇ ਮਾਛੀਵਾੜੇ ਦੇ ਹਾਕਮ ਖ਼ਵਾਸ ਖ਼ਾਨ ਨੂੰ ਹੁਕਮ ਭੇਜਿਆ ਕਿ ''ਤੂੰ ਅਸਗ਼ਰ ਨੂੰ ਕੈਦ ਕਰ ਕੇ ਮੇਰੇ ਕੋਲ ਭੇਜ।'' ਖ਼ਵਾਸ ਖ਼ਾਨ ਨੇ ਦਿੱਲੀ ਵੱਲ ਕੂਚ ਕਰ ਦਿੱਤਾ ਪਰ ਉਸ ਦੇ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ 27 ਅਗਸਤ 1500 ਨੂੰ ਅਸਗ਼ਰ ਭੱਜ ਕੇ ਸੁਲਤਾਨ ਕੋਲ ਸੰਭਲ ਚਲਿਆ ਗਿਆ ਅਤੇ ਮੁਆਫ਼ੀ ਮੰਗੀ, ਪਰ ਸੁਲਤਾਨ ਨੇ ਉਸ ਨੂੰ ਕੈਦ ਕਰ ਲਿਆ। ਖ਼ਵਾਸ ਖਾਂ ਆਪਣੇ ਬੇਟੇ ਇਸਮਾਈਲ ਖ਼ਾਨ ਨੂੰ ਦਿੱਲੀ ਵਿਖੇ ਛੱਡ ਕੇ ਆਪ ਮਾਛੀਵਾੜੇ ਮੁੜ ਆਇਆ।

ਮਾਛੀਵਾੜੇ ਵਿਖੇ ਲੋਧੀ ਕਾਲ ਦਾ ਇੱਕ ਹੋਰ ਪੁਖ਼ਤਾ ਸਬੂਤ ਹੁਣ ਵੀ ਮੌਜੂਦ ਹੈ- ਪੱਥਰੀਆ ਮਸਜਿਦ ਜਿਸ ਨੂੰ ਕਾਜ਼ੀ ਮਸਜਿਦ ਵੀ ਕਿਹਾ ਜਾਂਦਾ ਹੈ। ਇਸ ਦੀ ਉਸਾਰੀ ਸੁਲਤਾਨ ਸਿਕੰਦਰ ਦੇ ਰਾਜ ਕਾਲ ਦੇ ਆਖ਼ਰੀ ਸਾਲ ਦੌਰਾਨ ਕੀਤੀ ਗਈ ਸੀ। ਇਸ ਇਮਾਰਤ ਦੀਆਂ ਹੇਠਲੀਆਂ ਕੰਧਾਂ ਕੰਕੜ ਦੀਆਂ ਬਣੀਆਂ ਹਨ ਜਦੋਂਕਿ ਉਪਰਲੀਆਂ ਕੰਧਾਂ ਰੇਤਲੇ ਪੱਥਰ ਦੀਆਂ ਹਨ। ਇਮਾਰਤ ਅੰਦਰ ਜਾਣ ਲਈ ਇਸ ਦੀ ਪੂਰਬੀ ਕੰਧ ਵਿਚ ਤਿੰਨ ਨੀਵੀਆਂ-ਨੀਵੀਆਂ ਡਾਟਾਂ ਹਨ। ਛੱਤ ਤਿੰਨ ਗੁੰਬਦਾਂ ਦੇ ਰੂਪ ਵਿਚ ਹੈ, ਪਰ ਹੇਠਾਂ ਤੋਂ ਸਿਰਫ਼ ਕੇਂਦਰੀ ਗੁੰਬਦ ਹੀ ਦਿਖਾਈ ਦਿੰਦਾ ਹੈ। ਕਿਸੇ ਸਮੇਂ ਮਸਜਿਦ ਦੇ ਮੱਥੇ 'ਤੇ ਚਕੋਰ ਨੀਲੀਆਂ ਟਾਇਲਾਂ ਨਾਲ ਸਜਾਵਟ ਕੀਤੀ ਹੋਈ ਸੀ। ਕੁਝ ਤਰਾਸ਼ੇ ਹੋਏ ਕਮਲ ਦੇ ਫੁੱਲ ਵੀ ਬਣੇ ਹੋਏ ਹਨ।

ਮਸਜਿਦ ਦੀ ਕੇਂਦਰੀ ਡਾਟ ਦੇ ਉੱਪਰ ਲੱਗੇ ਲਾਲ ਰੇਤਲੇ ਪੱਥਰ ਉੱਪਰ ਉੱਕਰੇ ਸ਼ਿਲਾਲੇਖ ਵਿਚ ਇਹ ਦਰਜ ਹੈ ਕਿ ਇਹ ਮਸਜਿਦ ਮਲਿਕ ਮਾਛੀ ਦੀ ਧੀ ਬੀਬੀ ਫ਼ਤਿਹ ਮਲਿਕਾ ਨੇ 1517 ਵਿਚ ਬਣਵਾਈ ਸੀ (ਸੁਲਤਾਨ ਸ਼ੇਰਸ਼ਾਹ ਸੂਰ ਦੀ ਇੱਕ ਬੀਵੀ ਦਾ ਨਾਂ ਵੀ ਫ਼ਤਿਹ ਮਲਿਕਾ ਸੀ ਪਰ ਉਹ ਉਸਦੇ ਅਹਿਲਕਾਰ ਮੀਆਂ ਕਾਲਾ ਪਹਾੜ ਫਾਰਮੂਲੀ ਦੀ ਧੀ ਸੀ)।

ਇਸ ਤੋਂ ਅਗਲੀ ਵਾਰ ਮਾਛੀਵਾੜੇ ਦਾ ਸਮਕਾਲੀ ਇਤਿਹਾਸ ਵਿਚ ਜ਼ਿਕਰ ਹੁਮਾਯੂੰ ਦੀ 1555 ਵਿਚ ਮੁੜ ਗੱਦੀ ਪ੍ਰਾਪਤ ਕਰਨ ਲਈ ਲੜਾਈ ਸਮੇਂ ਮਿਲਦਾ ਹੈ। ਚੇਤੇ ਰਹੇ ਕਿ ਭਾਵੇਂ ਬਾਬਰ ਦੀ 1530 ਵਿਚ ਮੌਤ ਮਗਰੋਂ ਹੁਮਾਯੂੰ ਬਾਦਸ਼ਾਹ ਬਣ ਗਿਆ ਪਰ ਉਸ ਨੂੰ ਕਦੇ ਗੱਦੀ 'ਤੇ ਚੈਨ ਨਾਲ ਬੈਠਣਾ ਨਸੀਬ ਨਾ ਹੋਇਆ। ਪਹਿਲਾਂ ਗੁਜਰਾਤ ਵਿਚ ਬਹਾਦਰ ਖ਼ਾਨ ਨੇ ਬਗ਼ਾਵਤ ਕਰ ਦਿੱਤੀ ਜੋ ਉਸ ਨੇ ਸਫ਼ਲਤਾਪੂਰਵਕ ਦਬਾ ਦਿੱਤੀ। ਪਰ ਜਦ ਬੰਗਾਲ-ਬਿਹਾਰ ਵਿਚ ਸ਼ੇਰਸ਼ਾਹ ਸੂਰੀ ਉੱਠ ਖੜ੍ਹਿਆ ਤਾਂ ਹੁਮਾਯੂੰ ਉਸ ਦੇ ਮੂਹਰੇ ਨਾ ਟਿਕ ਸਕਿਆ ਅਤੇ 1540 ਵਿਚ ਉਸ ਤੋਂ ਹਾਰ ਖਾ ਕੇ ਇਰਾਨ ਦੇ ਬਾਦਸ਼ਾਹ ਕੋਲ ਜਾ ਸ਼ਰਨ ਲਈ। ਸ਼ੇਰਸ਼ਾਹ ਦੀ ਅਚਾਨਕ 1545 ਦੀ ਇੱਕ ਦੁਰਘਟਨਾ ਵਿਚ ਮੌਤ ਹੋ ਗਈ ਤਾਂ ਉਸ ਦਾ ਪੁੱਤਰ ਇਸਲਾਮ ਸ਼ਾਹ ਗੱਦੀ 'ਤੇ ਬੈਠਿਆ ਅਤੇ 1554 ਵਿਚ ਉਸ ਦੀ ਮੌਤ ਮਗਰੋਂ ਥੋੜ੍ਹੇ ਥੋੜ੍ਹੇ ਸਮੇਂ ਲਈ ਉਸ ਦੇ ਕਈ ਰਿਸ਼ਤੇਦਾਰ ਗੱਦੀ 'ਤੇ ਬੈਠਦੇ ਰਹੇ। 1555 ਵਿਚ ਜਦ ਹੁਮਾਯੂੰ ਨੇ ਇਰਾਨ ਤੋਂ ਹਿੰਦੋਸਤਾਨ ਮੁੜਨ ਦਾ ਇਰਾਦਾ ਬਣਾਇਆ ਤਾਂ ਉਸ ਸਮੇਂ ਦਿੱਲੀ ਦੀ ਗੱਦੀ 'ਤੇ ਸੁਲਤਾਨ ਸਿਕੰਦਰ ਸੂਰੀ ਕਾਬਜ਼ ਸੀ।

ਸਿਕੰਦਰ ਸੂਰੀ ਨੂੰ ਹੁਮਾਯੂੰ ਦੀ ਵਾਪਸੀ ਦੀ ਸੂਹ ਮਿਲੀ ਤਾਂ ਉਸ ਨੇ ਆਪਣੇ ਜਰਨੈਲ ਤਾਤਾਰ ਖ਼ਾਨ ਦੀ ਕਮਾਂਡ ਹੇਠ 30,000 ਦੀ ਫ਼ੌਜ ਮਾਛੀਵਾੜੇ ਨੂੰ ਰਵਾਨਾ ਕਰ ਦਿੱਤੀ ਕਿਉਂਕਿ ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਮੁਗ਼ਲ ਫ਼ੌਜ ਇਸ ਥਾਂ ਤੋਂ ਸਤਲੁਜ ਦਰਿਆ ਪਾਰ ਕਰੇਗੀ। ਬੈਰਮ ਖ਼ਾਨ ਦੀ ਕਮਾਂਡ ਹੇਠ ਮੁਗ਼ਲ ਫ਼ੌਜ ਵੀ ਸਤਲੁਜ ਨੇੜੇ ਪਹੁੰਚ ਗਈ। 15 ਮਈ 1555 ਨੂੰ ਮੁਗ਼ਲ ਫ਼ੌਜ ਨੇ ਦਰਿਆ ਪਾਰ ਕਰ ਕੇ ਪਠਾਣ ਫ਼ੌਜ ਨੂੰ ਅਚਨਚੇਤ ਹਮਲਾ ਕਰ ਕੇ ਹਰਾ ਦਿੱਤਾ। ਸਿਕੰਦਰ ਸੂਰੀ ਮੈਦਾਨ ਛੱਡ ਕੇ ਭੱਜ ਗਿਆ। ਹੁਮਾਯੂੰ ਆਪ ਲੜਾਈ ਮਗਰੋਂ ਮਾਛੀਵਾੜੇ ਪੁੱਜਾ ਸੀ। ਇਸ ਫ਼ੈਸਲਾਕੁਨ ਲੜਾਈ ਵਿਚ ਜਿੱਤ ਮਗਰੋਂ ਹੁਮਾਯੂੰ ਦੁਬਾਰਾ ਬਾਦਸ਼ਾਹ ਬਣ ਗਿਆ। ਇਤਿਹਾਸਕਾਰ ਸਟੈਨਲੇ ਲੇਨ-ਪੂਲ ਲਿਖਦਾ ਹੈ ਕਿ ਸ਼ਬਦ 'ਹੁਮਾਯੂੰ' ਦਾ ਮਤਲਬ ਹੈ - ਖ਼ੁਸ਼ਕਿਸਮਤ, ਪਰ ਸ਼ਾਇਦ ਹੀ ਇਤਿਹਾਸ ਵਿਚ ਉਸ ਨਾਲੋਂ ਬਦਕਿਸਮਤ ਬਾਦਸ਼ਾਹ ਹੋਇਆ ਹੋਵੇਗਾ। ਹਿੰਦੁਸਤਾਨ ਨੂੰ ਮੁੜ ਜਿੱਤਣ ਦੇ ਛੇ ਕੁ ਮਹੀਨਿਆਂ ਮਗਰੋਂ ਹੀ 27 ਜਨਵਰੀ 1556 ਦੇ ਦਿਨ ਉਹ ਦਿੱਲੀ ਵਿਖੇ ਆਪਣੀ ਲਾਇਬ੍ਰੇਰੀ ਦੀਆਂ ਪੌੜੀਆਂ ਤੋਂ ਡਿੱਗ ਕੇ ਮਰ ਗਿਆ।

ਖ਼ੈਰ, ਸਮੇਂ ਨਾਲ ਅਕਬਰ ਨੇ ਬੈਰਮ ਖ਼ਾਨ ਦੀ ਮਦਦ ਨਾਲ ਰਾਜ ਪੱਕੇ ਪੈਰੀਂ ਕਰ ਲਿਆ। ਸਾਰੀ ਜ਼ਮੀਨ ਦੀ ਪੈਮਾਇਸ਼ ਕਰ ਕੇ ਉਸ 'ਤੇ ਜਾਇਜ਼ ਟੈਕਸ ਲਾਇਆ। ਉਸ ਸਮੇਂ ਦੇ ਇਤਿਹਾਸ ਅਕਬਰਨਾਮਾ ਦੇ ਹੀ ਭਾਗ ਆਈਨ-ਏ ਅਕਬਰੀ ਮੁਤਾਬਿਕ ਮਾਛੀਵਾੜੇ ਅਧੀਨ 17,272 ਵਿੱਘੇ ਜ਼ਮੀਨ ਸੀ ਜਿਸ ਦਾ ਸਾਲਾਨਾ ਮਾਲੀਆ 250,556 ਦਾਮ (ਲਗਭਗ 6264 ਰੁਪਏ) ਸੀ। ਇੱਥੋਂ ਦੇ ਹਾਕਮ ਕੋਲ 100 ਘੋੜਸਵਾਰ ਅਤੇ 500 ਪੈਦਲ ਫ਼ੌਜ ਸੀ।

ਅਕਬਰ ਬਿਨਾ ਕਿਸੇ ਸ਼ੱਕ ਦੇ ਖੁੱਲ੍ਹੀ ਧਾਰਮਿਕ ਸੋਚ ਵਾਲਾ ਬਾਦਸ਼ਾਹ ਸੀ। ਉਸ ਦੇ ਰਾਜ ਦੌਰਾਨ ਹੀ ਮਾਰਚ 1580 ਵਿਚ ਗੋਆ ਤੋਂ ਫ਼ਾਦਰ ਮੌਂਸਰਾਤ ਦੀ ਅਗਵਾਈ ਵਿਚ ਪਹਿਲਾ ਇਸਾਈ ਮਿਸ਼ਨ ਮੁਗ਼ਲ ਦਰਬਾਰ ਵਿਚ ਪੁੱਜਾ। ਅਜੇ ਇਹ ਮਿਸ਼ਨ ਫਤਿਹਪੁਰ ਸੀਕਰੀ ਵਿਖੇ ਹੀ ਸੀ ਕਿ ਅਕਬਰ ਦੇ ਚਚੇਰੇ ਭਰਾ ਮਿਰਜ਼ਾ ਹਾਕਿਮ ਨੇ ਕਾਬੁਲ ਵੱਲੋਂ ਹਮਲਾ ਕਰ ਦਿੱਤਾ। ਅੱਠ ਫਰਵਰੀ 1581 ਨੂੰ ਅਕਬਰ ਸ਼ਾਹੀ ਫ਼ੌਜ ਲੈ ਕੇ ਮੁਕਾਬਲੇ ਲਈ ਪੰਜਾਬ ਵੱਲ ਵਧਿਆ ਤਾਂ ਫਾਦਰ ਮੌਂਸਰਾਤ ਨੂੰ ਵੀ ਨਾਲ ਹੀ ਲੈ ਲਿਆ। ਮੌਂਸਰਾਤ ਮਾਛੀਵਾੜੇ ਪੁੱਜ ਕੇ ਲਾਤੀਨੀ ਭਾਸ਼ਾ ਵਿਚ ਲਿਖੀ ਆਪਣੀ ਡਾਇਰੀ ਵਿਚ ਇਹ ਵੇਰਵਾ ਦਿੰਦਾ ਹੈ: ਫ਼ੌਜ ਨੇ ਮਾਛੀਵਾੜਾ (ਮੱਛੀਆਂ ਦਾ ਪਿੰਡ) ਤੋਂ ਲੰਘਦੇ ਹੋਏ, ਸ਼ੈਤਾਨੁਲਗਾ (ਸਤਲੁਜ) ਦੇ ਕੰਢੇ 'ਤੇ ਡੇਰੇ ਲਾਏ, ਜਿਸ ਨੂੰ ਪੁਰਾਤਨ ਲੋਕ 'ਜ਼ਰਾਦਰਸ' ਕਹਿੰਦੇ ਸਨ। ਇੱਥੇ ਦਰਿਆ ਪਾਰ ਕਰਨ ਲਈ ਲੱਕੜ ਦਾ ਪੁਲ ਬਣਾਇਆ ਜਾ ਰਿਹਾ ਸੀ ਜਿਸ ਕਾਰਨ ਇੱਥੇ ਰੁਕਣਾ ਜ਼ਰੂਰੀ ਸੀ... ਇਸ ਨਦੀ ਵਿੱਚ ਢੋਲ ਜਿੱਡੇ-ਜਿੱਡੇ ਮਗਰਮੱਛ, ਜਾਂ ਪਾਣੀ ਦੀਆਂ ਕਿਰਲੀਆਂ ਹਨ। ਇਨ੍ਹਾਂ ਨੂੰ ਸੀਸਾਰੇਸ ਕਿਹਾ ਜਾਂਦਾ ਹੈ, ਮਤਲਬ- ਤਿੰਨ ਸਿਰ ਵਾਲਾ। ਉਨ੍ਹਾਂ ਦੇ ਛੇ ਪੈਰ ਹਨ ਜਿਨ੍ਹਾਂ 'ਤੇ ਉਹ ਰੇਂਗਦੇ ਹਨ; ਅਤੇ ਜਦੋਂ ਉਹ ਪਾਣੀ ਵਿੱਚ ਤੈਰ ਰਹੇ ਹੁੰਦੇ ਹਨ ਤਾਂ ਉਹ ਹੇਠਾਂ ਤੋਂ ਅਣਜਾਣੇ ਵਿੱਚ ਆਦਮੀਆਂ ਨੂੰ ਨਿਗਲ ਜਾਂਦੇ ਹਨ। ਉਹ ਦਰਿਆ ਦੇ ਕੰਢੇ ਪਾਣੀ ਪੀਂਦੇ ਹੋਏ ਬਲਦਾਂ, ਮੱਝਾਂ, ਭੇਡਾਂ ਅਤੇ ਹੋਰ ਜਾਨਵਰਾਂ ਨੂੰ ਪੈਰਾਂ ਤੋਂ ਫੜ ਕੇ ਪਾਣੀ ਅੰਦਰ ਖਿੱਚ ਲੈਂਦੇ ਹਨ। ਅਗਿਆਨੀ ਲੋਕ ਇਸੇ ਦਰਿਆ ਨੂੰ ਲਾਗਲੇ ਪਿੰਡ ਤੋਂ 'ਮਾਛੀਵਾੜਾ' ਆਖਦੇ ਹਨ।

ਪੰਜਾਬ ਦੇ ਇਤਿਹਾਸ ਵਿਚ ਵੀ ਮਾਛੀਵਾੜਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੇ ਹੋਣ ਕਰਕੇ ਪ੍ਰਸਿੱਧ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਸੁਪ੍ਰਸਿੱਧ ਗ੍ਰੰਥ ਮਹਾਨ ਕੋਸ਼ ਵਿਚ ਦਰਜ ਹੈ ਕਿ ''ਇੱਥੇ ।ਮਾਛੀਵਾੜੇ॥ ਗੁਲਾਬ ਚੰਦ ਮਸੰਦ ਦੇ ਘਰ ਚਮਕੌਰ ਤੋਂ ਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੰਮਤ 1761 ਵਿਚ ਠਹਿਰੇ ਸਨ। ਇਸੇ ਥਾਂ ਨੀਲਾਬਾਣਾ ਧਾਰਕੇ ਉੱਚ ਦੇ ਪੀਰ ਬਣੇ ਸਨ। ਗਨੀ ਖਾਂ ਅਤੇ ਨਬੀ ਖਾਂ ਪਠਾਣ ਇਸੇ ਪਿੰਡ ਦੇ ਵਸਨੀਕ ਸਨ, ਜਿਨ੍ਹਾਂ ਨੇ ਕਲਗੀਧਰ ਦੀ ਤਨਮਨ ਤੋਂ ਸੇਵਾ ਕੀਤੀ ਅਰ ਕਈ ਮੰਜ਼ਿਲ ਗੁਰੂ ਸਾਹਿਬ ਦਾ ਪਲੰਘ ਉਠਾਕੇ ਲੈ ਗਏ। ਉਨ੍ਹਾਂ ਨੂੰ ਜੋ ਹੁਕਮਨਾਮਾ ਸਤਿਗੁਰੂ ਨੇ ਬਖ਼ਸ਼ਿਆ ਹੈ ਉਹ ਹੁਣ ਉਨ੍ਹਾਂ ਦੀ ਔਲਾਦ ਪਾਸ ਹੈ।''

ਡਾਕਟਰ ਹਰਜਿੰਦਰ ਸਿੰਘ ਦਿਲਗੀਰ ਨੇ ਨਵੇਂ ਸੰਪੂਰਨ ਮਹਾਨ ਕੋਸ਼ ਦੀ ਚੌਥੀ ਜਿਲਦ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਮਾਛੀਵਾੜੇ ਵਿਖੇ 8 ਦਿਸੰਬਰ 1705 ਤੋਂ 10 ਦਿਸੰਬਰ 1705 ਤੀਕ ਭਾਈ ਜੀਵਨ ਸਿੰਘ ਦੇ ਚੋਬਾਰੇ ਵਿਚ ਰਹੇ ਸਨ। ਆਮ ਵਿਸ਼ਵਾਸ ਹੈ ਕਿ ਦਸਮ ਗ੍ਰੰਥ ਵਿਚ ਦਰਜ ਸ਼ਬਦ ''ਮਿੱਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ'' ਗੁਰੂ ਜੀ ਨੇ ਮਾਛੀਵਾੜੇ ਦੇ ਜੰਗਲ ਵਿਚ ਰਚਿਆ ਸੀ। ਪਰ ਇਸ ਬਾਰੇ ਅੰਤਮ ਰੂਪ ਵਿਚ ਕੁਝ ਕਹਿਣਾ ਸੰਭਵ ਨਹੀਂ ਹੈ ਕਿਉਂਕਿ ਹੁਣ ਅਨੇਕਾਂ ਵਿਦਵਾਨ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੀ ਲਿਖਤ ਹੀ ਪ੍ਰਵਾਨ ਨਹੀਂ ਕਰਦੇ।

ਅਫ਼ਗਾਨਿਸਤਾਨ ਦਾ ਹਾਕਮ ਅਹਿਮਦ ਸ਼ਾਹ ਅਬਦਾਲੀ 1748 ਵਿਚ ਮੁਗ਼ਲ ਰਾਜ 'ਤੇ ਹਮਲੇ ਸਮੇਂ ਜਦੋਂ ਫਿਲੌਰ ਤੀਕ ਪੁੱਜ ਗਿਆ ਤਾਂ ਮੁਗ਼ਲਾਂ ਦਾ ਖ਼ਿਆਲ ਸੀ ਕਿ ਉਹ ਸਤਲੁਜ ਮਾਛੀਵਾੜੇ ਤੋਂ ਪਾਰ ਕਰੇਗਾ। ਇਹ ਸੋਚ ਕੇ ਉਨ੍ਹਾਂ ਨੇ ਸ਼ਾਹੀ ਫੌਜ ਇੱਥੇ ਜਮ੍ਹਾ ਕਰ ਲਈ। ਪਰ ਬਾਅਦ ਵਿਚ ਪਤਾ ਲੱਗਾ ਕਿ ਅਬਦਾਲੀ ਨੇ ਤਾਂ ਸਤਲੁਜ ਦਰਿਆ ਲੁਧਿਆਣੇ ਕੋਲੋਂ ਪਾਰ ਕਰ ਲਿਆ ਹੈ। ਸ਼ਾਹੀ ਫ਼ੌਜ ਦੁਸ਼ਮਣ ਦੀ ਭਾਲ ਵਿਚ ਦਰਿਆ ਦੇ ਕੰਢੇ ਦੇ ਨਾਲ ਨਾਲ ਕੂਚ ਕਰਦੀ ਹੋਈ ਲੁਧਿਆਣੇ ਵੱਲ ਵਧਣ ਲੱਗੀ ਤਾਂ ਪਤਾ ਲੱਗਾ ਕਿ ਅਬਦਾਲੀ ਦੀਆਂ ਫ਼ੌਜਾਂ ਨੇ ਤਾਂ ਸਰਹਿੰਦ ਵੀ ਪਾਰ ਕਰ ਲਿਆ ਹੈ।

ਆਈਨ-ਏ-ਅਕਬਰੀ ਵਿਚ ਮਾਛੀਵਾੜੇ ਵਿਖੇ ਇੱਟਾਂ ਦੇ ਕਿਲ੍ਹੇ ਦੀ ਹੋਂਦ ਵੀ ਦਰਜ ਹੈ ਪਰ ਹੁਣ ਇੱਥੇ ਕੋਈ ਕਿਲ੍ਹਾ ਨਹੀਂ ਹੈ। 1888-89 ਵਿਚ ਚਾਰਲਸ ਰੌਜ਼ਰਸ ਨੇ ਲਿਖਿਆ ਸੀ ਕਿ ਉਸ ਸਮੇਂ ਬਾਦਸ਼ਾਹੀ ਕਿਲ੍ਹੇ ਦੇ ਬਚੇ ਹੋਏ ਟਿੱਲੇ ਨੂੰ ਤੁੰਗਾ ਟਿੱਬਾ ਕਿਹਾ ਜਾਂਦਾ ਸੀ। ਕਿਲ੍ਹੇ ਦੀਆਂ ਕੰਧਾਂ ਬਹੁਤ ਸਮਾਂ ਪਹਿਲਾਂ ਅਲੋਪ ਹੋ ਚੁੱਕੀਆਂ ਸਨ। ਰੌਜ਼ਰਸ ਕਸਬੇ ਦੇ ਪੱਛਮ ਵਿਚ ਕਿਸੇ ਸੋਢੀ ਕਿਲੇ ਦੇ ਖੰਡਰਾਂ ਦਾ ਜ਼ਿਕਰ ਵੀ ਕਰਦਾ ਹੈ। ਉਸ ਦੇ ਮੁਤਾਬਿਕ ਅੰਗਰੇਜ਼ਾਂ ਦੇ ਕਬਜ਼ੇ ਸਮੇਂ ਸੋਢੀ ਸਰਦਾਰਾਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ ਸੀ। ਨਤੀਜੇ ਵਜੋਂ ਉਨ੍ਹਾਂ ਨੂੰ ਹਰਾ ਕੇ ਜਾਇਦਾਦਾਂ ਤੋਂ ਮਹਿਰੂਮ ਕਰ ਦਿੱਤਾ ਗਿਆ ਸੀ ਅਤੇ ਜਾਣਬੁੱਝ ਕੇ ਉਨ੍ਹਾਂ ਦੀ ਰਿਹਾਇਸ਼ ਨੂੰ ਖੰਡਰ ਬਣ ਜਾਣ ਦਿੱਤਾ। ਆਈਨ-ਏ-ਅਕਬਰੀ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਮਾਛੀਵਾੜੇ ਦੇ ਵਸਨੀਕ ਖੋਰੀ ਅਤੇ ਵਾਹ ਲੋਕ ਰਹਿੰਦੇ ਸਨ, ਜੋ ਸ਼ਾਇਦ ਉਨ੍ਹਾਂ ਦੇ ਕਬੀਲਿਆਂ ਦੇ ਨਾਂ ਸਨ। 2011 ਦੀ ਮਰਦਮਸ਼ੁਮਾਰੀ ਸਮੇਂ ਇਸ ਕਸਬੇ ਦੀ ਆਬਾਦੀ 24,916 ਸੀ ਜਿਨ੍ਹਾਂ ਵਿਚੋਂ ਬਹੁਤੇ ਧਾਲੀਵਾਲ, ਰਾਠੌੜ ਅਤੇ ਵੜੈਚ ਜੱਟ ਸਨ।


ਹੁਣ ਮਾਛੀਵਾੜਾ ਵੀਹ ਕੁ ਹਜ਼ਾਰ ਦੀ ਵਸੋਂ ਵਾਲਾ ਕਸਬਾ ਹੈ। ਇੱਥੇ ਪੁੱਜਣ ਲਈ ਲੁਧਿਆਣਾ-ਚੰਡੀਗੜ੍ਹ ਹਾਈਵੇਅ 'ਤੇ ਸ਼ਹਿਰ ਸਮਰਾਲੇ ਤੋਂ ਉੱਤਰ ਵੱਲ ਨੂੰ ਮੁੜਨਾ ਪੈਂਦਾ ਹੈ। ਸਤਲੁਜ ਦਾ ਵਰਤਮਾਨ ਵਹਿਣ 10 ਕਿਲੋਮੀਟਰ ਦੀ ਦੂਰੀ 'ਤੇ ਹੈ। ਜਦ ਮੈਂ ਪਹਿਲੀ ਵਾਰ 1980 ਵਿਚ ਇੱਥੇ ਗਿਆ ਸੀ ਤਾਂ ਦਰਿਆ ਉੱਪਰ ਕੋਈ ਪੁਲ਼ ਨਹੀਂ ਸੀ ਅਤੇ ਦੂਜੇ ਪਾਸੇ ਸਥਿਤ ਕਸਬੇ ਰਾਹੋਂ ਜਾਣ ਲਈ ਵਲ ਪਾ ਕੇ ਲੁਧਿਆਣੇ ਵਿਚਦੀ ਜਾਣਾ ਪੈਂਦਾ ਸੀ ਪਰ ਹੁਣ ਪੱਕੇ ਪੁਲ਼ ਨੇ ਦਰਿਆ ਲੰਘਣਾ ਸੁਖਾਲ਼ਾ ਕਰ ਦਿੱਤਾ ਹੈ।

ਈ-ਮੇਲ: spairhar48@gmial.com

ਲਿਖਤ : ਕਰਮਜੀਤ ਸਿੰਘ ਬੁੱਟਰ, +91 98722 46652

## ਮਨਮੋਹਨ ਪੰਜਾਬੀ ਚਿੰਤਨ

# 'ਮਨ ਪੰਖੀ ਭਇਓ'




ਮਨਮੋਹਨ ਪੰਜਾਬੀ ਚਿੰਤਨ, ਸਮੀਖਿਆ ਅਤੇ ਸਿਰਜਣਾ ਦਾ ਮਹੱਤਵਪੂਰਨ ਨਾਮ ਹੈ। 'ਮਨ ਪੰਖੀ ਭਇਓ' ਉਸਦਾ ਨਵਾਂ ਨਾਵਲ ਹੈ। ਸਦਮਿਆਂ ਦੀ ਬਿਰਤਾਂਤਕਾਰੀ ਨੂੰ ਰੁਮਾਨੀ ਦ੍ਰਿਸ਼ਟੀ ਵਿਚੋਂ ਕੱਢ ਕੇ ਆਪਣੇ ਧਰਾਤਲ ਦੇ ਚਿੰਤਨੀ ਅਤੇ ਗਿਆਨ ਸ਼ਾਸਤਰੀ ਪਰੰਪਰਾਵਾਂ ਦੀ ਟੇਕ ਲੈ ਕੇ ਪੇਸ਼ ਕਰਨ ਪੱਖੋਂ ਮਨਮੋਹਨ ਦਾ ਇਹ ਨਾਵਲ ਨਵੀ ਪਹਿਲਕਦਮੀ ਵਾਲੀ ਟੈਕਸਟ ਹੈ। ਇਸ ਚਿੰਤਨ ਕੇਂਦਰਿਤ ਨਾਵਲ ਵਿੱਚ ਸੰਤਾਲੀ ਦੇ ਉਜਾੜੇ ਨਾਲ ਜੁੜੀ ਸੱਤਾ ਸਿਆਸਤ ਦੀ ਗਿਰਝ ਮਾਨਸਿਕਤਾ,ਧਾਰਮਿਕ ਫਿਰਕਾਪ੍ਰਸਤੀ, ਮਾਰਵੱਢ, ਔਰਤਾਂ ਦੇ ਉਧਾਲਿਆਂ ਨਾਲ ਸਬੰਧਤ ਘਟਨਾਵੀਂ ਵੇਰਵਿਆਂ ਵਾਲਾ ਪੰਜਾਬ ਨਹੀਂ ਸਗੋਂ ਇਸ ਧਰਤੀ 'ਤੇ ਸਦਮਿਆਂ ਦੇ ਸਮਾਨਅੰਤਰ ਵੱਖ ਵੱਖ ਗਿਆਨ ਪਰੰਪਰਾਵਾਂ ਵਾਲੇ ਪੰਜਾਬ ਦੀ ਭਰਪੂਰ ਦ੍ਰਿਸ਼ਕਾਰੀ ਹੋਈ ਹੈ। ਨਾਵਲਕਾਰ ਮੁਸ਼ਤਰਕਾ ਪੰਜਾਬ ਵਿੱਚ ਸਾਂਝੇ ਤੌਰ 'ਤੇ ਰਹਿੰਦੇ ਹਿੰਦੂ, ਮੁਸਲਮਾਨ ਅਤੇ ਸਿੱਖ ਧਰਮਾਂ ਸਮੇਤ ਅਨੇਕਾਂ ਮਤ ਮਤਾਂਤਰਾਂ ਦੀਆਂ ਦਾਰਸ਼ਨਿਕ ਬੁਨਿਆਦਾਂ ਭਰਪੂਰ ਗਿਆਨ ਪਰੰਪਰਾਵਾਂ ਦੇ ਪ੍ਰਸੰਗ ਵਿੱਚ ਸੰਤਾਲੀ ਦੀ ਵੰਡ ਮੌਕੇ ਫੈਲੀ ਬੁਰਛਾਗਰਦੀ ਅੰਦਰ ਮਨੁੱਖਤਾ ਦੇ ਹੋਏ ਘਾਣ ਨੂੰ ਸਮਝਣ ਲਈ ਸੰਵਾਦੀ ਪ੍ਰਵਚਨ ਦੀ ਸਿਰਜਣਾ ਕਰਦਾ ਹੈ। ਕਬੀਰ ਚਿੰਤਨ ਅਤੇ ਗੁਰਮਿਤ ਦਰਸ਼ਨ ਦੀਆਂ ਨੀਂਹਾਂ 'ਤੇ ਉਸਰੇ ਇਸ ਨਾਵਲ ਦਾ ਕੇਂਦਰੀ ਪਾਤਰ ਬੋਧਾ ਪੰਜਾਬ ਦੀ ਮੱਧਕਾਲੀਨ ਬੋਧਿਕ ਪਰੰਪਰਾ ਦਾ ਵਾਰਿਸ ਪਾਤਰ ਹੈ ਜਿਸ ਕੋਲ ਕਬੀਰ ਚਿੰਤਨ ਸਮੇਤ ਗੁਰਮਤਿ ਦਰਸ਼ਨ ਦਾ ਵੱਡਾ ਖਜ਼ਾਨਾ ਹੈ। ਜਗਿਆਸੂ ਬਿਰਤੀ ਵਾਲਾ ਅਤੇ ਮਾਨਵੀ ਹੋਂਦ ਅੰਦਰਲੇ ਕੁਕਨੂਸ ਦੀ ਭਾਲ ਵਿੱਚ ਬਿਹਬਲ ਅਜਿਹਾ ਪਾਤਰ ਪੰਜਾਬੀ ਨਾਵਲ ਪਰੰਪਰਾ ਦਾ ਵਿਸ਼ੇਸ਼ ਹਾਸਿਲ ਹੈ ਜਿਸ ਕੋਲ ਬਿਖਮ ਪਰਿਸਥਿਤੀਆਂ ਵਿੱਚ ਆਪਣੀਆਂ ਮੌਲਿਕ ਗਿਆਨ ਪਰੰਪਰਾਵਾਂ ਦੇ ਆਸਰੇ ਜੀਵਨ ਜੀਊਣ ਦਾ ਵਿਸ਼ਾਲ ਬੁੱਧੀਤਵ ਹੈ। ਨਾਵਲਕਾਰ ਨੇ ਅੰਗਰੇਜ਼ ਬਸਤੀਵਾਦੀ ਵੱਲੋਂ ਆਪਣੀ ਪੂੰਜੀਵਾਦੀ ਸੱਤਾ ਦੇ ਵਿਸਥਾਰ ਅਤੇ ਪੰਜਾਬ ਦੀ ਮੂਲ ਰਹਿਤਲ ਨੂੰ ਨੇਸਤੋ ਨਾਬੂਦ ਕਰਨ ਲਈ ਨੀਤੀਆਂ ਦਾ ਕੱਚ ਸੱਚ ਪੇਸ਼ ਕੀਤਾ ਹੈ ਜਿਸ ਤਹਿਤ ਬਾਰ ਮਾਝਾ, ਦੁਆਬਾ ਦੇ ਆਬਾਦਕਾਰਾਂ ਨੂੰ ਬਾਰਾਂ ਵਿੱਚ ਵਸਾ ਕੇ ਉਥੋਂ ਦੇ ਜਾਂਗਲੀ ਕਲਚਰ ਨੂੰ ਤਬਾਹ ਕਰਨ ਦੇ ਮਨਸੂਬੇ ਵਿਸ਼ੇਸ਼ ਹਨ।

ਇਸਦੇ ਨਾਲ ਬਸਤੀਵਾਦੀ ਸੱਤਾ ਵੱਲੋਂ ਹਿੰਦੂ, ਸਿੱਖ ਅਤੇ ਮੁਸਲਮਾਨ ਧਰਮ ਦੇ ਲੋਕਾਂ ਦੀ ਆਪੋ ਆਪਣੀ ਗੌਰਵਸ਼ਾਲੀ ਕਬੀਲਾਈ ਚੇਤਨਾ ਨੂੰ ਮਜਹਬਾਂ ਦੇ ਚੁੰਗਲ ਵਿੱਚ ਉਲਝਾ ਕੇ ਸੰਤਾਲੀ ਦੀ ਬੁਰਛਾਗਰਦੀ ਮੌਕੇ ਭਰਪੂਰ ਰੂਪ ਵਿੱਚ ਵਰਤਣ ਦੀਆਂ ਚਾਲਾਂ ਵੀ ਨਸ਼ਰ ਹੋਈਆਂ ਹਨ। ਨਾਵਲ ਕੁਰਤੁਲ ਐਨ ਹੈਦਰ ਦੇ ਨਾਵਲ 'ਆਗ ਕਾ ਦਰਿਆ' ਦੀ ਯਾਦ ਤਾਜ਼ਾ ਕਰਦਾ ਹੈ ਜਿਸਦੀ ਕੇਂਦਰੀ ਧੁਨੀ ਚੰਦਰ ਗੁਪਤ ਮੋਰੀਆ ਤੋਂ ਸੰਤਾਲੀ ਦੇ ਸੰਤਾਪ ਤੱਕ ਫੈਲੇ ਭਾਰਤੀ ਮਨੋਵਿਗਿਆਨ ਨੂੰ ਜਾਨਣ ਦੀ ਰਹੀ ਹੈ। ਜਿਸ ਵਿੱਚ ਰਹੱਸਵਾਦ, ਅਧਿਆਤਮ ਸਮੇਤ ਗਿਆਨ ਪਰੰਪਰਾ ਦੇ ਅਥਾਹ ਦਾਰਸ਼ਨਿਕ ਸੋਮਿਆਂ ਵਾਲੇ ਸ਼ਾਨਾਮੱਤੀ ਹਿੰਦੋਸਤਾਨ ਦੀ ਤਕਸੀਮ ਮੌਕੇ ਫੈਲੀ ਹਿੰਸਾ, ਖ਼ੌਫ, ਦਹਿਸ਼ਤ ਅਤੇ ਵਿਸਥਾਪਨ ਦੀ ਖੇਡ ਨੂੰ ਸਮਝਣ ਦਾ ਇਤਿਹਾਸਕ ਖਾਕਾ ਉਲੀਕਿਆ ਗਿਆ ਹੈ।

ਮਨਮੋਹਨ ਦਾ ਨਾਵਲ ਮਹਾਂ ਪੰਜਾਬ ਦੇ ਪ੍ਰਸੰਗ ਵਿੱਚ 'ਆਗ ਕਾ ਦਰਿਆ' ਦਾ ਨਵਾਂ ਅਧਿਆਏ ਪੇਸ਼ ਕਰਦਾ ਹੈ। ਮਹਾਂ ਪੰਜਾਬ ਦੀ ਸੰਗੀਤ ਪਰੰਪਰਾ, ਗੁਰਮਤਿ ਦਰਸ਼ਨ, ਹਿੰਦੂ ਵਿਦਵਤਾ, ਮਜਲਿਸਾਂ ਵਿੱਚ ਗਾਇਣ, ਇਸਲਾਮੀ ਚਿੰਤਨ, ਖਾਨਗਾਹਾਂ ਦੀ ਕੱਵਾਲਕਾਰੀ, ਸਮੇਤ ਉਦਾਸੀਆਂ, ਨਿਰਮਲਿਆਂ, ਸਾਧੂਆਂ ਸਮੇਤ ਕਬੀਰ ਚਿੰਤਨ ਪਰੰਪਰਾ ਨਾਲ ਭਰਪੂਰ ਸੰਵਾਦ ਇਸ ਨਾਵਲ ਦਾ ਚਿੰਤਨੀ ਕੈਨਵਸ ਵਿਸ਼ਾਲ ਕਰਦਾ ਹੈ। ਮੁਸ਼ਤਰਕਾ ਪੰਜਾਬ ਦੀ ਧਾਰਮਿਕ, ਸਭਿਆਚਾਰਕ ਅਤੇ ਲੋਕ ਜੀਵਨ ਵਾਲੀ ਸਹਿਹੋਂਦੀ ਅਤੇ ਸਮਨਵੈ ਵਾਲੀ ਵਿਰਾਸਤ ਉੱਤੇ ਬਸਤੀਵਾਦੀ ਹਾਕਮਾਂ ਅਤੇ ਸੱਤਾ ਦੀ ਲਲਕ ਪ੍ਰਤੀ ਗਿਰਝ ਮਾਨਸਿਕਤਾ ਵਾਲੀ ਦੇਸੀ ਸਿਆਸਤ ਸੰਤਾਲੀ ਮੌਕੇ ਜਿਹੜਾ ਕਹਿਰ ਢਾਹੁੰਦੀ ਹੈ ਉਸਦੀ ਪੇਸ਼ਕਾਰੀ ਇਸ ਨਾਵਲ ਨੂੰ ਸਭਿਆਚਾਰਕ-ਇਤਿਹਾਸਕ ਤ੍ਰਾਸਦੀ ਵਾਲੀ ਲਿਖਤ ਵੱਜੋਂ ਤਸਲੀਮ ਕਰਦੀ ਹੈ। ਨਾਵਲ ਦੇ ਪਾਤਰ ਬੋਧਾ, ਹੌਲਦਾਰ ਭਾਗ ਸਿੰਘ, ਹੀਰਾ, ਕੰਮੋ, ਗਿਆਨੀ ਕਰਮ ਸਿੰਘ, ਰਸ਼ੀਦਾ, ਤਾਇਆ ਬਿਸ਼ਨਾ ਆਦਿ ਦੇ ਵਾਰਤਾਲਾ ਅਤੇ ਮਨਬਚਨੀਆਂ ਤ੍ਰਿੰਝਣੀ ਇਤਿਹਾਸ ਵਾਲੇ ਪੰਜਾਬ ਦੀ ਪੇਸ਼ਕਾਰੀ ਕਰਦੇ ਹਨ। ਸੰਤਾਲੀ ਦੀ ਖੂੰਖਾਰ ਫਿਰਕਾਪ੍ਰਸਤੀ ਵਿੱਚ ਬਰਬਰਤਾ ਹੰਢਾਉਣ ਵਾਲੇ ਪਾਤਰਾਂ ਦੇ ਦੁਖਾਂਤਕ ਬੋਧ ਨੂੰ ਸਿਰਜਣ ਵਾਲੇ ਇਸ ਨਾਵਲ ਦਾ ਚਿੰਤਨੀ ਪੱਖ ਰਵਾਇਤੀ ਬਿਰਤਾਂਤਕ ਰਸ ਅਤੇ ਰਹੱਸ ਵਾਲੀ ਨਹੀਂ। ਇਸ ਰਚਨਾ ਵਿੱਚ ਗੁਰਮਤਿ ਕਾਵਿ ਦੇ ਹਵਾਲੇ, ਗਾਲਿਬ ਦਾ ਕਾਵਿ ਚਿੰਤਨ, ਲੋਕ ਬਾਣੀ ਸਮੇਤ ਸਥਾਨਾਂ ਦੀ ਇਤਿਹਾਸਕਤਾ ਨਾਲ ਜੁੜੇ ਹਵਾਲੇ ਅਨੇਕਾਂ ਥਾਵਾਂ 'ਤੇ ਵਾਧੂ ਭਰਤੀ ਵੱਜੋਂ ਪੇਸ਼ ਹੋਏ ਹਨ ਅਤੇ ਕਈ ਵਾਰ ਜਾਪਦਾ ਹੈ ਕਿ ਲੇਖਕ ਚਿੰਤਨ ਨਾਲ ਲੋਡਿਡ ਸੂਚਨਾਵਾਂ ਅਤੇ ਇਤਿਹਾਸਕ ਹਵਾਲਿਆਂ ਦੀ ਬਾਰੀਕਬਾਨ ਪੇਸ਼ਕਾਰੀ ਨਾਲ ਪਾਠਕਾਂ ਦੀ ਝੋਲੀ ਭਰਨ ਲਈ ਬਿਹਬਲ ਹੈ। ਇਸਦੇ ਬਾਵਜੂਦ ਦਰਸ਼ਨ ਸ਼ਾਸਤਰ ਨੂੰ ਨਾਵਲੀ ਚਿੰਤਨ ਦਾ ਹਿੱਸਾ ਬਣਾਉਣ ਲਈ ਇਹ ਰਚਨਾ ਇਕ ਮਾਰਗ ਤੈਅ ਕਰਦੀ ਹੈ ਜਿਸ ਵਿੱਚ ਸਦਮੇ, ਉਜਾੜੇ, ਵਿਸਥਾਪਨ ਅਤੇ ਦਹਿਸ਼ਤ ਦੇ ਸਮਾਂਨਅੰਤਰ ਤਰਲ ਮਾਨਵੀ ਹੋਂਦ ਦੇ ਪੰਖੀ ਮਨ ਦੀਆਂ ਅਨੇਕਾਂ ਗਿਆਨਮੁਖੀ ਪਰਵਾਜ਼ਾਂ ਭਰੀਆਂ ਪੇਸ਼ ਹੋਈਆਂ ਹਨ। ਬੋਧਾ ਦੀ ਮਨੋ ਭੂਮੀ ਇਨ੍ਹਾਂ ਆਵਾਜ਼ਾਂ ਦਾ ਮੰਚ ਬਣਦੀ ਹੈ।

* ਡਾ ਮਨਮੋਹਨ ਨੂੰ ਇਸ ਨਾਵਲ 'ਤੇ ਮੁਬਾਰਕਬਾਦ

ਲਿਖਤ : ਕੁਲਦੀਪ ਸਿੰਘ ਰਾਮਨਗਰ
ਸੰਪਰਕ : 9417990040

# "ਬ੍ਰੇਨ ਡਰੇਨ ਟੂ ਕਨੇਡਾ"




ਸਾਡੇ ਦੇਸ਼ ਖਾਸ ਕਰਕੇ ਪੰਜਾਬ ਵਿਚੋਂ ਚੰਗੇ ਪੜੇ ਲਿਖੇ ਨੌਜਵਾਨਾਂ ਦਾ ਬਾਹਰਲੇ ਮੁਲਕਾਂ ਵਿੱਚ ਜਾਣ ਦਾ ਲਗਾਤਾਰ ਵਧ ਰਿਹਾ ਰੁਝਾਨ ਸਾਡੇ ਸਾਰਿਆਂ ਲਈ ਖਾਸ ਕਰਕੇ ਸਰਕਾਰਾ ਲਈ ਇਕ ਮੰਥਨ ਕਰਨ ਵਾਲਾ ਵਿਸ਼ਾ ਹੈ। ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਅੰਗਰੇਜ਼ ਬਿਨਾਂ ਲੜੇ ਸਾਡੇ ਦੇਸ਼, ਖਾਸ ਕਰਕੇ ਪੰਜਾਬ ਦਾ ਬਹੁਮੁੱਲਾ ਖਜ਼ਾਨਾ ਲੁਟ ਕੇ ਲੈ ਜਾ ਰਹੇ ਹਨ ਜਾਂ ਕਹਿ ਲਓ ਕਿ ਪੰਜਾਬ ਦੀ ਕਰੀਮ ਕੱਢ ਕੇ ਲਿਜਾਈ ਜਾ ਰਹੀ। ਅਗਰ ਇਸ ਬ੍ਰੇਨ ਡਰੇਨ ਲਈ ਕੋਈ ਜ਼ਿਮੇਵਾਰ ਹੈ ਤਾਂ ਉਹ ਸਾਡੇ ਦੇਸ਼ ਦਾ ਸਿਸਟਮ, ਗੰਦੀ ਅਤੇ ਭ੍ਰਿਸ਼ਟ ਰਾਜਨੀਤੀ ਜਿਸ ਕਰਕੇ ਅਸੀਂ ਆਪਣੇ ਨੌਜਵਾਨਾਂ ਨੂੰ ਉਹ ਸਹੂਲਤਾਂ,ਕੰਮ ਅਤੇ ਚੰਗਾ ਸਿਸਟਮ ਦੇਣ ਵਿੱਚ ਕਾਮਯਾਬ ਨਹੀਂ ਹੋ ਪਾਏ ਜਿਹੋ ਜਿਹਾ ਉਹ ਦੂਜੇ ਮੁਲਕਾਂ ਵਿੱਚ ਲੱਭਦੇ ਫਿਰਦੇ ਹਨ। ਨੌਜਵਾਨ ਕਿਸੇ ਵੀ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ। ਕਿਸੇ ਵੀ ਦੇਸ਼ ਦਾ ਵਿਕਾਸ ਨੌਜਵਾਨ ਸ਼ਕਤੀ 'ਤੇ ਹੀ ਨਿਰਭਰ ਕਰਦਾ ਹੈ। ਜਿਹਨਾਂ ਮੁਲਕਾਂ ਨੇ ਆਪਣੇ ਦੇਸ਼ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਦੇ ਨਾਲ ਨਾਲ ਚੰਗੀਆਂ ਸਿਹਤ ਸੇਵਾਵਾਂ ਮੁਹਈਆ ਕਰਵਾਈਆਂ ਹਨ, ਉਹ ਦੇਸ਼ ਅੱਜ ਵਿਕਸਤ ਦੇਸ਼ਾਂ ਦੀ ਮੋਹਰਲੀ ਕਤਾਰ ਵਿੱਚ ਹਨ, ਕਿਉਂਕਿ ਸਿੱਖਿਆ ਤੇ ਸਿਹਤ ਹੀ ਕਿਸੇ ਦੇਸ਼ ਦੇ ਵਿਕਾਸ ਲਈ ਦੋ ਪੌੜੀਆਂ ਹੁੰਦੀਆਂ ਹਨ। ਨੌਜਵਾਨ ਕਿਸੇ ਵੀ ਦੇਸ਼ ਦੇ ਵਿਕਾਸ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦੇ ਹਨ। ਵਧੀਆ ਸਿਹਤ ਸਹੂਲਤਾਂ ਤੇ ਮਿਆਰੀ ਸਿੱਖਿਆ ਦੀ ਅਣਹੋਂਦ ਕਾਰਨ ਦੇਸ਼ ਵਿਕਾਸ ਦੇ ਪੱਖ ਤੋਂ ਪਛੜ ਜਾਂਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਭਾਰਤ ਵਿੱਚ ਮਿਆਰੀ ਸਿੱਖਿਆ ਤੇ ਸਿਹਤ ਸੇਵਾਵਾਂ ਲਈ ਠੋਸ ਯੋਜਨਾਵਾਂ ਦੀ ਬਹੁਤ ਵੱਡੀ ਘਾਟ ਹੈ। ਮੁਲਕ ਭਰ ਵਿੱਚ ਨੌਜਵਾਨਾਂ ਨੂੰ ਨਾ ਤਾਂ ਮਿਆਰੀ ਸਿੱਖਿਆ ਦਿੱਤੀ ਜਾ ਰਹੀ ਹੈ ਅਤੇ ਨਾ ਹੀ ਸਿਹਤ ਸਹੂਲਤਾਂ। ਭਲਾ ਮਿਆਰੀ ਸਿੱਖਿਆ ਅਤੇ ਚੰਗੀਆਂ ਸਿਹਤ ਸਹੂਲਤਾਂ ਤੋਂ ਬਗੈਰ ਚੰਗੇ ਰਾਸ਼ਟਰ ਦਾ ਨਿਰਮਾਣ ਅਤੇ ਚੰਗੇ ਸਮਾਜ ਦੀ ਕਲਪਨਾ ਕਿਵੇਂ ਕੀਤੀ ਜਾ ਸਕਦੀ ਹੈ।

ਸਿੱਖਿਆ ਪ੍ਰਾਪਤ ਕਰ ਲੈਣ ਤੋਂ ਬਾਅਦ ਵੀ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਮੁਲਕ ਭਰ ਵਿੱਚ ਨੌਜਵਾਨ ਧਰਨੇ ਤੇ ਰੋਸ ਮੁਜ਼ਾਹਰੇ ਕਰ ਰਹੇ ਹਨ। ਸਰਕਾਰ ਵੱਲੋਂ ਰੁਜ਼ਗਾਰ ਦੇਣ ਦੀ ਬਜਾਏ ਨੌਜਵਾਨਾਂ ਨੂੰ ਡਾਂਗਾ ਨਾਲ ਨਿਵਾਜਿਆ ਜਾ ਰਿਹਾ ਹੈ। ਰੁਜ਼ਗਾਰ ਦੇ ਮੌਕੇ ਲਗਾਤਾਰ ਘਟ ਰਹੇ ਹਨ। ਨੌਜਵਾਨਾਂ ਦੀਆਂ ਨੌਕਰੀਆਂ ਖੁਸ ਰਹੀਆਂ ਹਨ। ਸਰਕਾਰੀ ਨੌਕਰੀਆਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਵਧਦੀ ਆਬਾਦੀ, ਗਰੀਬੀ, ਅਮਨ ਕਾਨੂੰਨ ਦੀ ਮਾੜੀ ਹਾਲਤ, ਅਪਰਾਧਿਕ ਘਟਨਾਵਾਂ ਵਿੱਚ ਲਗਾਤਾਰ ਵਾਧਾ, ਆਰਥਿਕ ਮੰਦਵਾੜਾ ਅਤੇ ਨਸ਼ਿਆਂ ਵਿੱਚ ਲਗਾਤਾਰ ਵਾਧਾ ਹੋਣ ਕਾਰਨ ਨੌਜਵਾਨ ਦੇਸ਼ ਛੱਡਣ ਲਈ ਮਜਬੂਰ ਹਨ। ਦਰ ਦਰ ਦੀਆਂ ਠੋਕਰਾਂ ਖਾਣ ਤੋਂ ਬਾਅਦ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਕਈ ਵਾਰ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਖੁਦਕਸ਼ੀ ਵੀ ਕਰ ਲੈਂਦੇ ਹਨ ਜਾਂ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ। ਅਗਰ ਇਕੱਲੇ ਕਨੇਡਾ ਦੀ ਗੱਲ ਕਰੀਏ ਤਾਂ ਇਥੇ ਲੱਗਭਗ 13 ਲੱਖ ਤੋਂ ਵੀ ਵੱਧ ਪੰਜਾਬੀ ਹਨ ਜੋ ਕਿ ਉਥੋਂ ਦੀ ਵਸੋਂ ਦਾ ਲੱਗਭਗ 3% ਹਿੱਸਾ ਬਣਦਾ ਹੈ ਅਤੇ ਇਹ ਵਾਧਾ ਲਗਾਤਾਰ ਵਧਦਾ ਜਾ ਰਿਹਾ ਹੈ।

ਜਿੰਨੀ ਤੇਜ਼ੀ ਨਾਲ ਨੌਜਵਾਨ ਵਰਗ ਪਰਵਾਸ ਕਰ ਰਿਹਾ ਹੈ, ਉਸਦੇ ਮੱਦੇਨਜ਼ਰ ਮੁਲਕ ਭਰ ਵਿੱਚ ਨੌਜਵਾਨ ਪੀੜ੍ਹੀ ਦੀ ਗਿਣਤੀ ਘਟਣ ਦੇ ਆਸਾਰ ਹਨ। ਮਾਂ ਬਾਪ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਕਰਾਉਣ ਤੋਂ ਬਾਅਦ ਲੱਖਾਂ ਰੁਪਏ ਖਰਚ ਕੇ ਵਿਦੇਸ਼ ਭੇਜਣ ਨੂੰ ਤਰਜੀਹ ਦੇ ਰਹੇ ਹਨ। ਵਿਦੇਸ਼ਾਂ ਵਿੱਚ ਪੜ੍ਹਾਈ ਦੇ ਨਾਲ ਨਾਲ 20-25 ਘੰਟੇ ਹਫਤੇ ਵਿੱਚ ਕੰਮ ਕਰਨ ਦਾ ਮੌਕਾ ਵੀ ਮਿਲ ਜਾਂਦਾ ਹੈ। ਕੰਮ ਦੇ ਬਦਲੇ ਵਾਜਬ ਮਜ਼ਦੂਰੀ ਮਿਲਦੀ ਹੈ। ਜਦਕਿ ਸਾਡੇ ਦੇਸ਼ ਵਿੱਚ ਸਿੱਖਿਆ ਪ੍ਰਾਪਤ ਕਰਦੇ ਹੋਏ ਕੰਮ ਕਰਨ ਦੀ ਵਿਵਸਥਾ ਨਹੀਂ ਹੈ। ਪੜ੍ਹਾਈ ਪੂਰੀ ਕਰ ਲੈਣ ਤੋਂ ਬਾਅਦ ਪੀ.ਆਰ. ਮਿਲਣ ਦੀ ਸੰਭਾਵਨਾ ਹੁੰਦੀ ਹੈ। ਇਸਦੇ ਨਾਲ ਹੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਵੀ ਪ੍ਰਦਾਨ ਕਰਦੀਆਂ ਹਨ। ਇਸ ਤੋਂ ਇਲਾਵਾਂ ਉਹਨਾਂ ਮੁਲਕਾਂ ਵਿੱਚ ਸ਼ੁੱਧ ਖੁਰਾਕ, ਸਾਫ-ਸੁਥਰਾ ਪੌਣ-ਪਾਣੀ, ਸੁਰੱਖਿਅਤ ਮਾਹੌਲ, ਸ਼ਾਂਤਮਈ ਵਾਤਾਵਰਣ ਅਤੇ ਵਧੀਆ ਅਰਥਿਕ ਤੇ ਸਮਾਜਿਕ ਢਾਂਚਾ ਵੀ ਵਧੇਰੇ ਕਰਕੇ ਨੌਜਵਾਨਾਂ ਨੂੰ ਆਕਰਸ਼ਿਤ ਕਰਦਾ ਹੈ। ਅਗਰ

ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲਗਭਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖਰਚ ਕਰਦੇ ਹਨ। 80 ਫੀਸਦੀ ਮਾਪੇ ਬਾਰ੍ਹਵੀਂ ਜਮਾਤ ਤੋਂ ਬਾਅਦ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇੱਛੁਕ ਹਨ ਅਤੇ 90 ਫੀਸਦੀ ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪੀਅਨ ਅਤੇ ਹੋਰ ਦੇਸ਼ਾਂ ਵਿੱਚ ਜਾਣ ਦੇ ਪੱਖ ਵਿੱਚ ਹਨ। ਪੰਜਾਬ ਦੇ ਬਜਟ ਦਾ ਲੱਗਭਗ 17 ਫੀਸਦੀ ਰੁਪਇਆ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ। ਗੈਰ-ਕਾਨੂੰਨੀ ਢੰਗ ਨਾਲ ਟ੍ਰੈਵਲ ਏਜੰਟ ਨੌਜਵਾਨਾਂ ਤੋਂ 10 ਤੋਂ 20 ਲੱਖ ਲੈ ਕੇ ਬਾਹਰ ਭੇਜਦੇ ਹਨ, ਜਿਸ ਨਾਲ ਬਾਹਰ ਜਾਣ ਵਾਲੇ ਧਨ ਦੀ ਮਾਤਰਾ ਹੋਰ ਵਧ ਜਾਂਦੀ ਹੈ ਜੋ ਪੰਜਾਬ ਦੀ ਅਰਥ ਵਿਵਸਥਾ ਲਈ ਕਿਸੇ ਦਿਨ ਮੁਸ਼ਕਿਲ ਪੈਦਾ ਕਰ ਸਕਦੀ ਹੈ। ਬੱਚਿਆਂ ਵਲੋਂ ਵਿਦੇਸ਼ਾਂ ਵਿੱਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ। ਸਗੋਂ ਵਿਦੇਸ਼ ਪੜ੍ਹਦੇ ਬੱਚੇ ਉੱਥੇ ਹੀ ਰੀਅਲ ਅਸਟੇਟ, ਟਰਾਂਸਪੋਰਟ, ਕੋਠੀਆਂ ਜਾਂ ਕਾਰਾਂ 'ਤੇ ਹੀ ਖਰਚ ਕਰ ਰਹੇ ਹਨ।

ਦੇਸ਼ ਦੇ ਬਹੁਗਿਣਤੀ ਨੌਜਵਾਨ ਕਿਸੇ ਨਾ ਕਿਸੇ ਤਰ੍ਹਾਂ ਇੱਥੋਂ ਨਿਕਲਣਾ ਚਾਹੁੰਦੇ ਹਨ। ਇਸ ਵਾਸਤੇ ਜਿੱਧਰ ਵੀ ਕਿਧਰੇ ਮੌਕਾ ਮਿਲਣ ਦੀ ਸੰਭਾਵਨਾ ਹੁੰਦੀ ਹੈ, ਨੌਜਵਾਨ ਉੱਧਰ ਨੂੰ ਕਿਨਾਰਾ ਕਰ ਲੈਂਦੇ ਹਨ। ਹੁਣ ਤੱਕ ਸਾਡੇ ਦੇਸ਼ ਦੇ ਹੁਕਮਰਾਨਾਂ ਨੇ ਬਹੁਤੇ ਲੋਕਾਂ ਨੂੰ ਨਿਰਾਸ਼ਾ ਹੀ ਦਿੱਤੀ ਹੈ। ਨੌਜਵਾਨ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸਦੇ ਜਾ ਰਹੇ ਹਨ। ਬਹੁਤੇ ਨੌਜਵਾਨ ਆਪਣੀ ਇਸ ਦੌੜ ਵਿੱਚ ਸਫਲ ਵੀ ਹੋ ਜਾਂਦੇ ਹਨ। ਪਰ ਬਹੁਤਿਆਂ 'ਤੇ ਕਠਨਾਈਆਂ ਅਤੇ ਦੁੱਖਾਂ ਦੇ ਪਹਾੜ ਵੀ ਟੁੱਟ ਪੈਂਦੇ ਹਨ। ਨੌਜਵਾਨ ਕਾਨੂੰਨੀ ਤੇ ਗੈਰ-ਕਾਨੂੰਨੀ ਕਿਸੇ ਵੀ ਤਰੀਕੇ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਆਈਲੈਟਸ ਨਾ ਹੋਣ ਤੇ ਨੌਜਵਾਨ ਖੁਦ ਜਾਂ ਉਹਨਾਂ ਦੇ ਮਾਪੇ ਆਈਲੈਟਸ ਵਿੱਚ 6-7 ਬੈਂਡ ਪ੍ਰਾਪਤ ਲੜਕੀ ਦੇ ਮਾਪਿਆਂ ਅੱਗੇ ਤਰਲੇ ਕੱਢਣੇ ਸ਼ੁਰੂ ਕਰ ਦਿੰਦੇ ਹਨ ਤਾਂ ਜੋ ਵਿਦੇਸ਼ ਪਹੁੰਚਿਆ ਜਾ ਸਕੇ। ਜਾਤ-ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਸ ਨੂੰ ਆਈਲੈਟਸ ਨੇ ਕਰ ਵਿਖਾਇਆ ਹੈ। ਵਿਆਹ ਵੇਲੇ ਸਿਰਫ ਬੈਂਡ ਵੇਖੇ ਜਾਂਦੇ ਹਨ, ਜਾਤ-ਪਾਤ ਕੋਈ ਨਹੀਂ ਪੁੱਛਦਾ। ਪੜ੍ਹਾਈ ਵਿੱਚ ਹਰ ਪੱਧਰ 'ਤੇ ਕੁੜੀਆਂ ਦੀ ਝੰਡੀ ਹੈ। ਵੱਡੇ-ਵੱਡੇ ਲੈਂਡਲਾਰਡ ਹੁਣ ਦਾਜ ਲੈਣ ਦੀ ਬਜਾਏ ਪੰਜਾਹ ਪੰਜਾਹ ਲੱਖ ਰੁਪਇਆ ਕੁੜੀ ਵਾਲਿਆਂ ਨੂੰ ਦੇਣ ਲਈ ਚੁੱਕੀ ਫਿਰਦੇ ਹਨ ਕਿ ਕਿਸੇ ਤਰ੍ਹਾਂ ਮੁੰਡਾ ਬਾਹਰ ਚਲਾ ਜਾਵੇ। ਇੱਥੋਂ ਤਕ ਕਿ ਵਿਆਹ ਦਾ ਸਾਰਾ ਖਰਚਾ ਵੀ ਮੁੰਡੇ ਵਾਲੇ ਹੀ ਕਰਦੇ ਹਨ। ਭਾਰਤ ਵਿੱਚ ਆਈਲੈਟਸ ਨੇ ਧੀਆਂ ਦੀ ਕਿਸਮਤ ਖੋਲ੍ਹ ਦਿੱਤੀ ਹੈ। ਹੁਣ ਗਰੀਬ ਤੇ ਮੱਧ ਵਰਗ ਦੀਆਂ ਲੜਕੀਆਂ ਵੀ ਵਿਦੇਸ਼ ਜਾ ਰਹੀਆਂ ਹਨ।

ਸਰਕਾਰ ਨੂੰ ਆਪਣੇ ਪੜ੍ਹੇ ਲਿਖੇ ਕਾਬਿਲ ਬੱਚਿਆਂ ਨੂੰ ਦੇਸ਼ ਵਿੱਚ ਰੱਖਣ ਲਈ ਨਵੇਂ ਨਵੇਂ ਉਪਾਅ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਦੇਸ਼ ਨੂੰ ਕਨੇਡਾ, ਅਮਰੀਕਾ ਜਪਾਨ, ਅਤੇ ਜਰਮਨ ਵਰਗੇ ਮੁਲਕਾਂ ਦੇ ਹਾਣ ਦਾ ਬਣਾਉਣ ਲਈ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੈ ਅਤੇ ਦੇਸ਼ ਨੂੰ ਅੰਧਵਿਸ਼ਵਾਸ,ਜ਼ਾਤੀ ਵਿਵਸਥਾ ਅਤੇ ਧਰਮਾਂ ਤੋਂ ਉੱਪਰ ਉੱਠਕੇ ਨਵੀਂ ਟੈਕਨੌਲੋਜੀ ਅਤੇ ਵਿਗਿਆਨ ਤੇ ਕੰਮ ਕਰਨ ਦੀ ਲੋੜ ਹੈ ਨਹੀਂ ਤਾਂ ਦੇਸ਼ ਵਿੱਚੋਂ ਬ੍ਰੇਨ-ਡਰੇਨ ਹੁੰਦਾ ਰਹੇਗਾ, ਜਿਸਦਾ ਦੇਸ਼ ਦੀ ਕਾਰਜ ਪ੍ਰਣਾਲੀ 'ਤੇ ਬੁਰਾ ਅਸਰ ਪਵੇਗਾ। ਜੇਕਰ ਸਰਕਾਰਾਂ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਪੰਜਾਬ ਅਤੇ ਦੇਸ਼ ਦਾ ਭਵਿੱਖ ਧੁੰਦ ਦੇ ਬੱਦਲਾਂ ਵਾਂਗ ਨਜ਼ਰ ਆ ਸਕਦਾ ਹੈ।

# ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ

ਲਿਖਤ : ਡਾ. ਅਮਨਦੀਪ ਰਾਜੌਰੀ
ਸੰਪਰਕ: 94191-71191



ਪੰਜਾਬ ਦੀ ਧਰਤੀ, ਪੌਣ-ਪਾਣੀ, ਜਲ ਸ੍ਰੋਤ ਅਤੇ ਵਾਤਵਰਨ ਬੜੇ ਅਦਭੁੱਤ ਹਨ। ਇੱਥੋਂ ਦਾ ਅਮੀਰ ਵਿਰਸਾ ਦੁਨੀਆ ਲਈ ਹਮੇਸ਼ਾ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਗੁਰੂਆਂ, ਪੀਰ-ਪੈਗੰਬਰਾਂ ਅਤੇ ਰਿਸ਼ੀਆਂ-ਮੁਨੀਆਂ ਦੇ ਅਸ਼ੀਰਵਾਦ ਦੇ ਵਰੋਸਾਏ ਪੰਜਾਬੀ ਨੌਜਵਾਨ ਅੱਜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਪੰਜਾਬ ਦੀ ਜਵਾਨੀ ਦਾ ਪੰਜਾਬ ਤੋਂ ਮੋਹ ਭੰਗ ਹੋਣਾ ਸਭ ਲਈ ਚਿੰਤਾ ਦਾ ਵਿਸ਼ਾ ਹੈ। ਇੰਝ ਲੱਗਦਾ ਹੈ, ਜਿਵੇਂ ਪੰਜਾਬ ਦਾ ਨੌਜਵਾਨ ਆਪਣੀ ਜਨਮ ਭੂਮੀ ਤੋਂ ਇੱਕ ਤਰ੍ਹਾਂ ਨਾਲ ਬੇਮੁਖ ਹੋ ਕੇ ਵਿਦੇਸ਼ੀ ਧਰਤੀ ਨੂੰ ਭਾਗ ਲਾ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਵਿਦਿਆਰਥੀਆਂ ਦੇ ਘਟ ਰਹੇ ਦਾਖ਼ਲੇ ਇਸ ਦੀ ਗਵਾਹੀ ਭਰ ਰਹੇ ਹਨ। ਮੈਡੀਕਲ ਖੇਤਰ ਤੋਂ ਇਲਾਵਾ ਤਕਨੀਕੀ ਕੋਰਸ, ਬੀਐੱਡ ਅਤੇ ਇੰਜਨੀਅਰਿੰਗ ਦੇ ਕਾਲਜ ਵੀ ਇੱਕ ਤਰ੍ਹਾਂ ਨਾਲ ਵੈਂਟੀਲੇਟਰ 'ਤੇ ਪਏ ਹਨ। ਉਂਝ ਇਹ ਸਥਤਿ ਪੰਜਾਬ ਸਮੇਤ ਗੁਆਂਢੀ ਪ੍ਰਾਂਤਾਂ ਵਿਚ ਬਣ ਰਹੀ ਹੈ ਪਰ ਹੋਰ ਪ੍ਰਾਂਤਾਂ ਦੇ ਮੁਕਾਬਲੇ ਪੰਜਾਬ ਤੋਂ ਵਿਦੇਸ਼ ਜਾਣ ਦੇ ਅੰਕੜੇ ਬੜੇ ਹੈਰਾਨਕੁਨ ਹਨ। ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਦਿੱਲੀ ਸਮੇਤ ਹੋਰ ਪ੍ਰਾਂਤਾਂ ਦੇ ਵਧੇਰੇ ਨੌਜਵਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਵਿਚ ਜਾ ਰਹੇ ਹਨ; ਯੂਪੀ, ਬਿਹਾਰ ਦੇ ਲੋਕਾਂ ਦਾ ਰੁਝਾਨ ਖਾੜੀ ਦੇਸ਼ਾਂ ਵੱਲ ਹੈ। ਵਿਦੇਸ਼ ਮੰਤਰਾਲੇ ਦੇ ਹਵਾਲੇ ਨਾਲ ਨਿੱਤਿਆ ਨੰਦ ਰਾਏ ਨੇ ਲੋਕ ਸਭਾ ਵਿਚ ਜਾਣਕਾਰੀ ਸਾਂਝੀ ਕਰਦਿਆਂ ਪਿਛਲੇ ਸਾਲ ਦੱਸਿਆ ਸੀ ਕਿ ਹੁਣ ਤੱਕ ਇੱਕ ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕ ਵਿਦੇਸ਼ਾਂ ਵਿਚ ਗਏ ਹਨ। ਇਹ ਅੰਕੜਾ ਕੁਝ ਸਾਲਾਂ 'ਚ ਹੀ ਲੱਖਾਂ ਤੋਂ ਵਧ ਕੇ ਕਰੋੜਾਂ ਵਿਚ ਪੁੱਜ ਗਿਆ।

ਦੇਸ਼ ਛੱਡ ਕੇ ਵਿਦੇਸ਼ ਜਾਣ ਵਾਲਿਆਂ ਦੇ ਆਪਣੇ ਕਾਰਨ ਹੋਣਗੇ ਜੋ ਕੌਮੀ ਪੱਧਰ 'ਤੇ ਘੋਖਣ ਦਾ ਵਿਸ਼ਾ ਹੈ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ਾਂ ਵਿਚ ਪੜ੍ਹਨ ਜਾਂਦੇ ਹਨ ਅਤੇ ਫਿਰ ਪੰਜਾਬ ਵਾਪਸ ਨਹੀਂ ਆਉਂਦੇ। ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰ ਕੇ ਉਥੇ ਖ਼ੁਸ਼ਹਾਲ ਜ਼ਿੰਦਗੀ ਜਿਊਂਦੇ ਹਨ। ਸੂਬੇ ਵਿਚ 2016 ਤੋਂ ਫਰਵਰੀ 2021 ਤੱਕ ਨੌਂ ਲੱਖ 84 ਹਜ਼ਾਰ ਨੌਜਵਾਨ ਪੰਜਾਬ ਅਤੇ ਚੰਡੀਗੜ੍ਹ ਤੋਂ ਵਿਦੇਸ਼ ਵੱਸ ਗਏ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀਆਂ ਵੱਡੀਆਂ ਕੋਠੀਆਂ ਨੂੰ ਤਾਲੇ ਲੱਗੇ ਹੋਏ ਹਨ। ਬਜ਼ੁਰਗ ਸ਼ਾਮ ਨੂੰ ਇਕੱਠੇ ਹੋ ਕੇ ਵਿਦੇਸ਼ਾਂ ਵਿਚ ਗਏ ਆਪਣੇ ਜਿਗਰ ਦੇ ਟੋਟਿਆਂ ਦੀਆਂ ਗੱਲਾਂ ਕਰ ਕੇ ਦਿਲ ਹੌਲਾ ਕਰ ਲੈਂਦੇ ਹਨ। ਪੰਜਾਬ ਦੀ ਜਵਾਨੀ ਨੇ ਜੋ ਵੱਡੇ ਪੱਧਰ 'ਤੇ ਵਿਦੇਸ਼ਾਂ ਦਾ ਰੁਖ ਕੀਤਾ ਹੈ, ਇਸ ਦੀ ਪਿੱਠ ਭੂਮੀ ਇੱਕ ਦਿਨ ਵਿਚ ਤਿਆਰ ਨਹੀਂ ਹੋਈ। ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤ ਜਾਣ ਬਾਅਦ ਅਸੀਂ ਅਜੇ ਆਪਣੇ ਨਾਗਰਿਕਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਨਹੀਂ ਦੇ ਸਕੇ।

ਜਿੱਥੇ ਬੱਚੇ ਵਿਦੇਸ਼ ਜਾਣਾ ਚਾਹੁੰਦੇ ਹਨ ਉਥੇ ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਤੱਤਪਰ ਹਨ। ਕਿਉਂਕਿ ਰਾਜ ਸੱਤਾ ਦਾ ਸੁਖ ਭੋਗ ਰਹੀਆਂ ਸਰਕਾਰਾਂ ਦੇ ਫੋਕੇ ਵਾਅਦਿਆਂ ਅਤੇ ਲਾਰਿਆਂ ਨੇ ਉਨ੍ਹਾਂ ਦਾ ਵੀ ਪੰਜਾਬ ਤੋਂ ਮੋਹ-ਭੰਗ ਕਰ ਦਿੱਤਾ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅੰਦਰ ਬੇਰੁਜ਼ਗਾਰੀ ਅਤੇ ਨੌਜਵਾਨਾਂ ਪ੍ਰਤੀ ਸਰਕਾਰਾਂ ਦਾ ਬੇਰੁਖ਼ੀ ਵਾਲਾ ਵਤੀਰਾ ਪਰਵਾਸ ਦਾ ਵੱਡਾ ਕਾਰਨ ਹੈ। ਅਸੀਂ ਜਾਣਦੇ ਹਾਂ ਕਿ ਗਰੀਬੀ ਅਤੇ ਅਨਪੜ੍ਹਤਾ ਸਕੀਆਂ ਭੈਣਾਂ ਹਨ। ਪੜ੍ਹੇ ਲਿਖੇ ਨੌਜਵਾਨ ਹਾਸ਼ੀਏ 'ਤੇ ਚਲੇ ਗਏ। ਸੱਤਾਧਾਰੀਆਂ ਅਤੇ ਗੈਂਗਸਟਰਾਂ ਦੇ ਗੱਠਜੋੜ ਨੇ ਹੋਰ ਬਰਬਾਦ ਕਰ ਦਿੱਤਾ। ਇਹ ਜ਼ਮੀਨਾਂ ਕੌਡੀਆਂ ਦੇ ਭਾਅ ਖਰੀਦ ਕੇ ਬਿਲਡਿੰਗਾਂ ਉਸਾਰਨ ਲੱਗੇ। ਸੱਤਾ ਦੇ ਗੈਂਗਸਟਰਾਂ ਅਤੇ ਬਿਲਡਰਾਂ ਨਾਲ ਗੱਠਜੋੜ ਨੇ ਆਰਥਿਕ ਪੱਖੋਂ ਪੰਜਾਬ ਨੂੰ ਬਰਬਾਦ ਕਰ ਦਿੱਤਾ। ਗਲੀਆਂ ਬਾਜ਼ਾਰਾਂ ਅੰਦਰ ਨਸ਼ਾ ਸ਼ਰੇਆਮ ਵਿਕ ਰਿਹਾ ਹੈ। ਨੌਜਵਾਨਾਂ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ। ਪੱਕੇ ਮੁਲਾਜ਼ਮਾਂ ਦੀ ਥਾਂ ਕੱਚੇ ਮੁਲਾਜ਼ਮ ਰੱਖੇ ਜਾ ਰਹੇ ਹਨ। ਇਹ ਮੁਲਾਜ਼ਮ ਪੱਕੇ ਹੋਣ ਦੀ ਆਸ ਵਿਚ ਕਈ ਕਈ ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀਆਂ ਅੱਖਾਂ ਨਾਲ ਇਨ੍ਹਾਂ ਦੀ ਲੁੱਟ ਦੇਖ ਰਹੀ ਹੈ। ਫਿਰ ਅਜਿਹੇ ਹਾਲਾਤ ਵਿਚ ਪੰਜਾਬੀ ਨੌਜਵਾਨ ਵਿਦੇਸ਼ਾਂ ਦਾ ਰੁਖ ਨਾ ਕਰਨ ਤਾਂ ਹੋਰ ਕੀ ਕਰਨ?

ਪਿੰਡਾਂ ਦੇ ਸਕੂਲਾਂ ਦੀ ਹਾਲਤ ਇਹ ਹੈ ਕਿ ਪੰਜਾਬ ਦੇ ਹਜ਼ਾਰਾਂ ਅਜਿਹੇ ਪ੍ਰਾਇਮਰੀ ਸਕੂਲ ਹਨ ਜਿੱਥੇ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਬੱਚਿਆਂ ਨੂੰ ਇੱਕ ਹੀ ਮਾਸਟਰ ਪੜ੍ਹਾ ਰਿਹਾ ਹੈ। ਵੱਡੀਆਂ ਕਲਾਸਾਂ ਵਿਚ ਦੂਜੇ ਵਿਸ਼ਿਆਂ ਦੇ ਅਧਿਆਪਕ ਪੰਜਾਬੀ ਪੜ੍ਹਾ ਰਹੇ ਹਨ। ਸਕੂਲਾਂ ਅੰਦਰ ਬੱਚਿਆਂ ਦੀ ਗਿਣਤੀ ਘਟ ਰਹੀ ਹੈ।

ਸਿਹਤ ਸਹੂਲਤਾਂ ਦੇਣ ਤੋਂ ਸਰਕਾਰਾਂ ਅਸਮਰੱਥ ਰਹੀਆਂ ਹਨ। ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਸੰਤੁਸ਼ਟੀ ਵਾਲਾ ਨਹੀਂ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਹੈ। ਪ੍ਰਾਈਵੇਟ ਇਲਾਜ ਬਹੁਤ ਮਹਿੰਗਾ ਹੈ। ਜਿੱਥੇ ਬੀਤੇ ਸਮਿਆਂ ਦੌਰਾਨ ਰਵਾਇਤੀ ਸੱਤਾਧਾਰੀ ਪਾਰਟੀਆਂ ਨੇ ਆਪਣਾ ਬਣਦਾ ਰੋਲ ਅਦਾ ਨਹੀਂ ਕੀਤਾ, ਉਥੇ ਕੌਮੀ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਨੇ ਵੀ ਲੋਕਾਂ ਦਾ ਘਾਣ ਕੀਤਾ ਤੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ।

ਇਹੀ ਉਹ ਕਾਰਨ ਹਨ ਜਿਨ੍ਹਾਂ ਕਰ ਕੇ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਅੱਜ ਦਾ ਨੌਜਵਾਨ ਚਾਹੁੰਦਾ ਹੈ ਕਿ ਉਸ ਨੂੰ ਲਾਲ ਪੀਲੇ ਕਾਰਡਾਂ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ ਸਮੇਤ ਹੋਰ ਸਬਸਿਡੀਆਂ ਦੀ ਜਗ੍ਹਾ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ ਅਤੇ ਇਕਸਾਰ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤਾਂ ਜੋ ਉਹ ਸਨਮਾਨ ਭਰੀ ਜ਼ਿੰਦਗੀ ਜੀਅ ਸਕੇ।

---

# ਦਿਨ ਪ੍ਰਤੀ ਦਿਨ ਭਾਰਤ ਵਿੱਚ ਔਰਤਾਂ ਤੇ ਵੱਧਦੇ ਜਾ ਰਹੇ ਜ਼ੁਲਮ



ਲਿਖਤ
ਸੰਜੀਵ ਸਿੰਘ ਸੈਣੀ,
78889-66168

ਹਾਲ ਹੀ ਵਿੱਚ ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ 'ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ ਤੇ ਪਾਬੰਦੀ ਦੇ ਬਾਵਜੂਦ ਇਹਨਾਂ ਦੋਸ਼ੀਆਂ ਨੇ ਇਹ ਕਿਥੋਂ ਲਿਆ? 17 ਸਾਲਾਂ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ, ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ । ਮਾਂ ਬਾਪ ਤੇ ਕੀ ਬੀਤੀ ਹੋਵੇਗੀ।

ਹਾਲ ਹੀ ਵਿੱਚ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੌਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ ਚੋਂ ਮਿਲੀ। ਰਿਜ਼ੌਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੌਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲੀਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸ਼ਰੀਰ ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜ਼ਿਲੇ ਵਿਚ ਬਾਰਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਹੈ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਬਾਰ-ਬਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸ਼ੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜ਼ਖਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂ ਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਵਿੱਚ ਹੈ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸ਼ੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ ਮੁਜਹਾਰੇ ਲਗਾਏ ਜਾ ਰਹੇ ਹਨ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਹੀ ਦੇਸ਼ ਵਿਚ ਔਰਤਾਂ ਨਾਲ ਜਬਰ ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।



7ਸਾਲ ,3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ ਪਿਤਾ ਨੂੰ ਇਨਸਾਫ਼ ਮਿਲਿਆ ਸੀ ।ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸ਼ੀ ਮਨਾਈ ।ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ ,ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ ਉਸ ਦੀ ਬਾਰ ਕੌਂਸਲ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ । ਅਜਿਹੇ ਬਲਾਤਕਾਰ, ਗੈਂਗਰੇਪ, ਤੇਜ਼ਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ ।ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਣੀ ਚਾਹੀਦੀ ਹੈ । ਫਾਸਟ ਟਰੈਕ ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ।ਤੇਲੰਗਾਨਾ ਵਿੱਚ ਵੀ ਵੈਟਨਰੀ ਡਾਕਟਰ ਨੂੰ ਵੀ ਜ਼ਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸ਼ਨਰ ਨੇ ਐਨਕਾਉਂਟਰ ਵਿੱਚ ਦੋਸ਼ੀ ਮਾਰ ਦਿੱਤੇ।ਪੁਲਿਸ ਕਮਿਸ਼ਨਰ ਦਾ ਸ਼ਲਾਘਾ ਕਦਮ ਸੀ।

ਮਾਂ ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾ ਕੀਮਤਾ ਬਾਰੇ ਜਾਣੂ ਕਰਵਾਓਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜਕੱਲ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕਲ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ।ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ , ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਤੇ ਉਥੋਂ ਦੀ ਸਰਕਾਰ ਨੇ ਇਸ ਸਾਲ ਆਜ਼ਾਦੀ ਦਿਵਸ ਤੇ ਅਜਿਹੇ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ ,ਜੋ ਕਿ ਮੰਦਭਾਗੀ ਘਟਨਾ ਹੈ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਹਨਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਹੈ । ਇਹ ਬਿਲਕੁਲ ਗ਼ਲਤ ਹੈ।ਝਾਰਖੰਡ ਸਰਕਾਰ ਨੂੰ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਅਤੇ ਸੁਰੱਖਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ ਤਾਂ ਸਿਖਰਲੀ ਪੁਜੀਸ਼ਨਾਂ ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ। ਕੁੜੀਆਂ ਮਾਂ ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸ਼ੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਜਲਦੀ ਤੋਂ ਜਲਦੀ ਫਾਸਟ ਟਰੈਕ ਵਿੱਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ । ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਪਰਿਵਾਰ ਆਪਣੇ ਪੁੱਤਰਾਂ ਨੂੰ ਔਰਤਾਂ ਦਾ ਮਾਣ-ਸਤਿਕਾਰ ਕਰਨ ਦੀ ਸਿੱਖਿਆ ਜਰੂਰ ਦੇਣ।

# ਨਰਿੰਦਰ ਸਿੰਘ ਕਪਾਨੀ: ਮੋਗਾ ਵਿੱਚ ਜੰਮਿਆ ਵਿਗਿਆਨੀ ਜਿਸਦੀ ਖੋਜ ਕਾਰਨ ਇੰਟਰਨੈੱਟ ਸੰਭਵ ਹੋਇਆ

ਲਿਖਤ : ਗੁਰਜੋਤ ਸਿੰਘ

ਪੰਜਾਬ ਦੇ ਇੱਕ ਨਿੱਕੇ ਜਿਹੇ ਸ਼ਹਿਰ ਮੋਗਾ ਵਿੱਚ ਜਨਮੇ ਨਰਿੰਦਰ ਸਿੰਘ ਕਪਾਨੀ ਨੂੰ ਵਿਸ਼ਵ ਭਰ ਵਿੱਚ 'ਫਾਈਬਰ ਓਪਟਿਕਸ' ਦੇ ਪਿਤਾ' ਵਜੋਂ ਜਾਣਿਆ ਜਾਂਦਾ ਹੈ। ਕਪਾਨੀ ਨੇ ਇਹ ਸਾਬਤ ਕੀਤਾ ਕਿ ਰੌਸ਼ਨੀ ਸਿੱਧੀ ਰੇਖਾ ਵਿੱਚ ਹੀ ਨਹੀਂ ਚਲਦੀ ਬਲਕਿ ਕੱਚ ਦੀਆਂ ਬਾਰੀਕ ਤੰਦਾਂ ਦੀ ਵਰਤੋਂ ਨਾਲ ਇਸ ਨੂੰ ਮੋੜਿਆ ਵੀ ਜਾ ਸਕਦਾ ਹੈ। ਅਜੋਕੀਆਂ ਕਈ ਤਕਨੀਕਾਂ, ਜਿਨ੍ਹਾਂ ਵਿੱਚ ਹਾਈ ਸਪੀਡ ਇੰਟਰਨੈੱਟ ਵੀ ਸ਼ਾਮਲ ਹੈ, ਇਸੇ ਕਾਢ ਕਾਰਨ ਹੋ ਸੰਭਵ ਹੋ ਸਕੀਆਂ ਸਨ।

ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਜੋ ਖ਼ਾਸ ਮੁਕਾਮ ਹਾਸਲ ਕੀਤਾ, ਉਸ ਦੀ ਦਿਲਚਸਪ ਕਹਾਣੀ ਸ਼ਾਇਦ ਉਨ੍ਹਾਂ ਦੇ ਜਨਮ ਤੋਂ ਕਈ ਸਾਲ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਨਰਿੰਦਰ ਸਿੰਘ ਕਪਾਨੀ ਦੇ ਪਿਤਾ ਸੁੰਦਰ ਸਿੰਘ ਕਪਾਨੀ ਪਹਿਲੀ ਵਿਸ਼ਵ ਜੰਗ ਵਿੱਚ ਬਰਤਾਨਵੀ ਏਅਰ ਫੋਰਸ ਦਾ ਹਿੱਸਾ ਸਨ। ਆਪਣੇ ਕੈਮਰੇ ਨਾਲ ਵਿਰੋਧੀਆਂ ਦੇ ਜਹਾਜ਼ਾਂ, ਜੰਗੀ ਸਾਜ਼ੋ ਸਮਾਨ ਜਾਂ ਜੰਗ ਦੌਰਾਨ ਹੋਰ ਅਹਿਮ ਮੌਕਿਆਂ ਦੀਆਂ ਤਸਵੀਰਾਂ ਖਿੱਚਣਾ ਉਨ੍ਹਾਂ ਦੇ ਕੰਮ ਦਾ ਹਿੱਸਾ ਸੀ। ਰੌਸ਼ਨੀ ਅਤੇ ਕੈਮਰੇ ਦੀ ਬਾਰੀਕੀਆਂ ਬਾਰੇ ਕਪਾਨੀ ਨੂੰ ਸ਼ੁਰੂਆਤੀ ਸਬਕ ਬਚਪਨ ਵਿੱਚ ਹੀ ਮਿਲ ਗਏ ਸਨ। ਨਰਿੰਦਰ ਸਿੰਘ ਕਪਾਨੀ ਦਾ ਜਨਮ 31 ਅਕਤੂਬਰ 1927 ਨੂੰ ਹੋਇਆ ਸੀ ਅਤੇ 94 ਸਾਲ ਦੀ ਉਮਰ ਵਿੱਚ 3 ਦਸੰਬਰ 2020 ਨੂੰ ਉਨ੍ਹਾਂ ਦੁਨੀਆਂ ਨੂੰ ਅਲਵਿਦਾ ਕਿਹਾ। ਕਪਾਨੀ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਸਾਇੰਸ ਅਤੇ ਇੰਜੀਨੀਅਰਿੰਗ ਦੇ ਖੇਤਰ ਵਿੱਚ ਪਦਮ ਵਿਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ ਸੀ।

ਉਨ੍ਹਾਂ ਨੂੰ ਇਸ ਤੋਂ ਪਹਿਲਾਂ ਪਰਵਾਸੀ ਭਾਰਤੀ ਸਨਮਾਨ ਵੀ ਮਿਲ ਚੁੱਕਿਆ ਸੀ। 'ਫਾਈਬਰ ਓਪਟਿਕਸ' ਅਜੋਕੇ ਬਿਜਲਈ ਸੰਚਾਰ (ਡਿਜੀਟਲ ਕਮਿਊਨਿਕੇਸ਼ਨਸ) ਲਈ ਵਰਤੀ ਜਾਂਦੀ ਮੁੱਖ ਤਕਨੀਕ ਹੈ। ਇਸ ਸ਼ਬਦ ਨੂੰ ਘੜਨ ਅਤੇ ਇਸ ਤਕਨੀਕ ਦੇ ਸੰਭਵ ਹੋਣ ਦੀ ਸ਼ੁਰੂਆਤੀ ਖੋਜ ਕਰਨ ਦਾ ਸਿਹਰਾ ਡਾਕਟਰ ਕਪਾਨੀ ਸਿਰ ਜਾਂਦਾ ਹੈ। ਉਨ੍ਹਾਂ ਨੇ ਇਸ ਕਾਢ ਦੇ ਨਾਲ-ਨਾਲ ਕਈ ਕੰਪਨੀਆਂ ਵੀ ਖੋਲ੍ਹੀਆਂ, ਇੱਕ ਸਫ਼ਲ ਬਿਜ਼ਨਸਮੈਨ ਬਣੇ, ਉਨ੍ਹਾਂ ਨੂੰ ਸਿੱਖ ਕਲਾ ਲਈ ਮਹੱਤਵਪੂਰਨ ਕੰਮ ਕਰਨ ਲਈ ਵੀ ਜਾਣਿਆ ਜਾਂਦਾ ਹੈ।

## ਰੌਸ਼ਨੀ ਮੋੜ ਕੇ ਵਿਖਾਉਣ ਦਾ ਫ਼ੈਸਲਾ ਲੈਣਾ

ਨਰਿੰਦਰ ਸਿੰਘ ਕਪਾਨੀ ਨੇ ਸ਼ੁਰੂਆਤੀ ਪੜ੍ਹਾਈ ਦੇਹਰਾਦੂਨ ਤੋਂ ਕੀਤੀ। ਪੜ੍ਹਾਈ ਦੌਰਾਨ ਜਦੋਂ ਇੱਕ ਅਧਿਆਪਕ ਨੇ ਕਿਹਾ ਕਿ ਰੌਸ਼ਨੀ ਸਿੱਧੀ ਰੇਖਾ ਵਿੱਚ ਚੱਲਦੀ ਹੈ ਤਾਂ ਕਪਾਨੀ ਇਸ ਗੱਲ ਨੂੰ ਮੰਨਣ ਤੋਂ ਮੁਨਕਰ ਹੋ ਗਏ ਅਤੇ ਇਥੋਂ ਹੀ ਜਨਮ ਹੋਇਆ ਉਨ੍ਹਾਂ ਦੇ ਮਿਸ਼ਨ ਦਾ। ਇੱਕ ਇੰਟਰਵਿਊ ਵਿੱਚ ਉਹ ਇਸ ਪਲ ਬਾਰੇ ਦੱਸਦੇ ਹਨ, "ਮੇਰੇ ਇੱਕ ਅਧਿਆਪਕ ਨੇ ਮੈਨੂੰ ਕਿਹਾ ਕਿ ਰੌਸ਼ਨੀ ਸਿਰਫ਼ ਸਿੱਧੀ ਰੇਖਾ ਵਿੱਚ ਹੀ ਸਫ਼ਰ ਕਰਦੀ ਹੈ।" "ਮੈਂ ਇਸ ਗੱਲ ਨੂੰ ਮੰਨਣਾ ਨਹੀਂ ਸੀ ਚਾਹੁੰਦਾ ਇਸ ਲਈ ਮੈਂ ਇਸ ਗੱਲ ਨੂੰ ਗਲਤ ਸਾਬਤ ਕਰਨ ਦਾ ਫ਼ੈਸਲਾ ਲਿਆ।" ਨਰਿੰਦਰ ਸਿੰਘ ਕਪਾਨੀ ਨੇ ਇਸ ਨੂੰ ਹੀ ਆਪਣਾ ਮਿਸ਼ਨ ਬਣਾਇਆ ਇਹੀ ਮਿਸ਼ਨ ਉਨ੍ਹਾਂ ਨੂੰ ਪਹਿਲਾਂ ਲੰਡਨ ਅਤੇ ਫਿਰ ਅਮਰੀਕਾ ਲੈ ਕੇ ਗਿਆ। ਆਪਣੀ ਬੈਚਲਰਸ ਡਿਗਰੀ ਤੋਂ ਬਾਅਦ ਉਨ੍ਹਾਂ ਨੇ ਇੱਕ ਆਰਡੀਨੈਂਸ ਫੈਕਟਰੀ ਵਿੱਚ ਓਪਟੀਕਲ ਯੰਤਰਾਂ ਨੂੰ ਡਿਜ਼ਾਈਨ ਕਰਨ ਅਤੇ ਬਣਾਉਣ ਦਾ ਕੰਮ ਕੀਤਾ।

ਇਸ ਮਗਰੋਂ ਉਹ ਯੂਕੇ ਦੇ ਇੰਪੀਰੀਅਲ ਕਾਲਜ ਚਲੇ ਗਏ, ਜਿੱਥੇ ਉਨ੍ਹਾਂ ਨੇ ਆਪਣੀ ਗੱਲ ਨੂੰ ਤਰਕ-ਭਰਪੂਰ ਤਰੀਕੇ ਨਾਲ ਸਾਬਤ ਕਰਨ ਲਈ ਦਿਨ-ਰਾਤ ਇੱਕ ਕੀਤਾ। ਉਨ੍ਹਾਂ ਨੇ ਇੰਪੀਰੀਅਲ ਕਾਲਜ ਵਿੱਚ ਆਪਣਾ ਅਧਿਐਨ ਭੌਤਿਕ ਵਿਗਿਆਨੀ ਹੈਰੋਲਡ ਹੌਪਕਿਨਸ ਦੀ ਨਿਗਰਾਨੀ 'ਚ ਕੀਤਾ। ਉਨ੍ਹਾਂ ਨੇ 'ਓਪਟਿਕਲ ਫਾਈਬਰ' ਕੱਚ ਦੀਆਂ ਤੰਦਾਂ ਦੇ ਇੱਕ ਬੰਡਲ ਨੂੰ ਤਸਵੀਰਾਂ ਦੇ ਸੰਚਾਰ ਲਈ ਵਰਤਿਆ। ਅਜੋਕੇ ਏਂਡੋਸਕੋਪੀ ਕੈਮਰੇ ਦੀ ਸ਼ੁਰੂਆਤੀ ਖੋਜ ਵੀ ਕਪਾਨੀ ਨੇ ਇਸੇ ਦੌਰਾਨ ਕੀਤੀ।

## ਭਾਰਤ ਵਾਪਸ ਪਰਤਕੇ ਕੰਪਨੀ ਖੋਲ੍ਹਣ ਦਾ ਸੁਫ਼ਨਾ

ਨਰਿੰਦਰ ਸਿੰਘ ਕਪਾਨੀ ਇੱਕ ਰੱਜੇ-ਪੁੱਜੇ ਪਰਿਵਾਰ ਨਾਲ ਸਬੰਧ ਰੱਖਦੇ ਸਨ। ਦੇਹਰਾਦੂਨ ਵਿੱਚ ਆਪਣੀ ਕੱਚੀ ਉਮਰ ਬਿਤਾਉਣ ਵਾਲੇ ਕਪਾਨੀ ਦੀਆਂ ਯਾਦਾਂ 2021 ਵਿੱਚ ਰਿਲੀਜ਼ ਹੋਈ ਕਿਤਾਬ 'ਦ ਮੈਨ ਹੂ ਬੈਂਟ ਲਾਈਟ' ਵਿੱਚ ਦਰਜ ਹਨ। ਕਿਤਾਬ ਵਿੱਚ ਭਾਰਤ-ਪਾਕਿਸਤਾਨ ਵੰਡ ਨਾਲ ਜੁੜੇ ਕੁਝ ਹਵਾਲੇ ਮਿਲਦੇ ਹਨ। ਇੱਕ ਘਟਨਾ ਦਾ ਵੀ ਵਰਣਨ ਹੈ ਜਦੋਂ ਕਪਾਨੀ ਨੇ ਦੰਗਿਆਂ ਮੌਕੇ ਆਪਣੇ ਘਰ ਵਿੱਚ ਕੰਮ ਕਰਦੇ ਇੱਕ ਮੁਸਲਮ ਪਰਿਵਾਰ ਨੂੰ ਦੰਗਕਾਰੀਆਂ ਤੋਂ ਬਚਾਇਆ ਸੀ। ਉਨ੍ਹਾਂ ਨੇ 1955 ਵਿੱਚ ਆਪਣੀ ਪੀਐੱਚਡੀ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਕਈ ਕੰਪਨੀਆਂ ਦੀ ਸ਼ੁਰੂਆਤ ਕੀਤੀ। ਕਪਾਨੀ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਨਾਲ-ਨਾਲ ਹੋਰ ਕਈ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਇਆ ਵੀ। ਸਿਲੀਕੌਨ ਵੈਲੀ ਹਿਸਟੋਰੀਕਲ ਐਸੋਸੀਏਸ਼ਨ ਨੂੰ ਦਿੱਤੇ ਆਪਣੇ ਇੱਕ ਇੰਟਰਵਿਊ ਵਿੱਚ ਕਪਾਨੀ ਕਹਿੰਦੇ ਹਨ ਕਿ ਉਹ ਹਮੇਸ਼ਾ ਤੋਂ ਹੀ ਆਪਣਾ ਕਾਰੋਬਾਰ ਸ਼ੁਰੂ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦਾ ਪਹਿਲਾਂ ਵਿਚਾਰ ਸੀ ਕਿ ਉਹ ਆਪਣੀ ਪੜ੍ਹਾਈ ਖ਼ਤਮ ਕਰਕੇ ਭਾਰਤ ਵਾਪਸ ਆ ਕੇ ਆਪਣੀ ਕੰਪਨੀ ਖੋਲ੍ਹਣਗੇ। ਉਨ੍ਹਾਂ ਨੂੰ ਇੰਪੀਰੀਅਲ ਕਾਲਜ ਵਿੱਚ ਪੜ੍ਹਦਿਆਂ ਰੋਇਲ ਸੁਸਾਇਟੀ ਵੱਲੋਂ ਵਜ਼ੀਫਾ ਮਿਲਿਆ ਤਾਂ ਜੋ ਉਹ ਕੋਡ ਫਾਈਬਰ ਉੱਤੇ ਅਧਿਐਨ ਕਰ ਸਕਣ।

ਉਨ੍ਹਾਂ ਨੇ ਇੱਕ ਸਾਲ ਇਸ ਉੱਤੇ ਕੰਮ ਕੀਤਾ ਕਿ ਉਹ ਕੱਚ ਦੀਆਂ ਅਜਿਹੀਆਂ ਤੰਦਾਂ ਬਣਾ ਸਕਣ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਪਰੋ ਸਕਣ ਤਾਂ ਕੇ ਉਨ੍ਹਾਂ ਵਿੱਚੋਂ ਰੌਸ਼ਨੀ ਅਤੇ ਤਸਵੀਰਾਂ ਇਕੱਠਿਆਂ ਲੰਘ ਸਕਣ। ਉਹ ਇਹ ਦਰਸਾਉਣ ਵਿੱਚ ਸਫ਼ਲ ਰਹੇ



ਸਨ ਅਤੇ ਇਸ ਬਾਰੇ ਉਨ੍ਹਾਂ ਨੇ ਕਈ ਲੇਖ ਵੀ ਲਿਖੇ। ਆਪਣੇ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਸੀ, "ਮੈਂ ਆਪਣੇ ਪ੍ਰੋਫ਼ੈਸਰ ਕੋਲ ਗਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਮੇਰੇ ਕੰਮ ਬਾਰੇ ਕੀ ਸੋਚਦੇ ਹੋ।" "ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਣ ਮੈਂ ਆਪਣਾ ਮਕਸਦ ਪੂਰਾ ਕਰ ਲਿਆ ਹੈ ਅਤੇ ਮੈਂ ਭਾਰਤ ਵਾਪਸ ਜਾ ਕੇ ਆਪਣੀ ਕੰਪਨੀ ਖੋਲ੍ਹਣੀ ਚਾਹੁੰਦਾ ਹਾਂ।" ਕਪਾਨੀ ਕਹਿੰਦੇ ਹਨ,"ਮੇਰੇ ਪ੍ਰੋਫ਼ੈਸਰ ਨੇ ਮੈਨੂੰ ਕਿਹਾ ਕਿ ਮੈਂ ਦੋ ਮਹੀਨੇ ਉਡੀਕ ਕਰਾਂ, ਮੈਨੂੰ ਲੱਗਾ ਕਿ ਸ਼ਾਇਦ ਉਹ ਬੰਦਾ ਲੱਭ ਰਹੇ ਹਨ ਤਾਂ ਜੋ ਜਿਹੜਾ ਕੰਮ ਮੈਂ ਸ਼ੁਰੂ ਕੀਤਾ ਹੈ ਉਸ ਨੂੰ ਪੂਰਾ ਕਰ ਸਕਣ।" "ਪਰ ਉਹ ਯੂਨੀਵਰਸਿਟੀ ਆਫ ਲੰਡਨ ਦੀ ਸੈਨੇਟ ਵਿੱਚ ਗਏ ਅਤੇ ਉੱਥੇ ਜਾ ਕੇ ਕਿਹਾ ਕਿ ਇਸ ਬੰਦੇ ਨੇ ਇਹ ਕੰਮ ਕੀਤਾ ਹੈ ਅਤੇ ਮੈਨੂੰ ਪੀਐੱਚਡੀ ਵਿੱਚ ਦਾਖ਼ਲਾ ਦਿਵਾਇਆ।" ਕਪਾਨੀ ਕਹਿੰਦੇ ਹਨ "ਮੇਰੀ ਪੀਐੱਚਡੀ ਕਰਨ ਦੀ ਕੋਈ ਇੱਛਾ ਨਹੀਂ ਸੀ ਮੈਨੂੰ ਲੱਗਦਾ ਸੀ ਕਿ ਇਹ ਬੰਦੇ ਨੂੰ ਵਿਦਵਾਨ ਜਿਹਾ ਬਣਾ ਦਿੰਦੀ ਹੈ।" ਉਨ੍ਹਾਂ ਨੇ 1954 ਵਿੱਚ ਸਤਿੰਦਰ ਕੌਰ ਨਾਲ ਵਿਆਹ ਕਰਵਾਇਆ। ਉਸ ਸਮੇਂ ਸਤਿੰਦਰ ਕੌਰ ਬਰਤਾਨੀਆਂ ਵਿੱਚ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਕਰ ਰਹੇ ਸਨ। ਇਸ ਮਗਰੋਂ ਉਨ੍ਹਾਂ ਨੇ ਇਟਲੀ ਦੇ ਫਲੋਰੈਂਸ ਵਿੱਚ ਆਪਣਾ ਪਹਿਲਾ ਪਰਚਾ ਪੜ੍ਹਿਆ ਜਿੱਥੇ ਰੋਚੈਸਟਰ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਨੇ ਉਨ੍ਹਾਂ ਨੂੰ ਅਮਰੀਕਾ ਆਉਣ ਲਈ ਕਿਹਾ। ਕਰੀਬ ਇੱਕ ਸਾਲ ਤੱਕ ਨੌਕਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ਵਿੱਚ ਇੱਕ ਕੰਪਨੀ ਸ਼ੁਰੂ ਕੀਤੀ।

## ਮਾਂ ਦੀ ਮੌਤ ਵੇਲੇ ਭਾਰਤ ਨਾ ਆ ਸਕਣਾ

'ਦਿ ਮੈਨ ਹੂ ਬੈਂਟ ਲਾਈਟ' ਵਿੱਚ ਉਹ ਆਪਣੀ ਮਾਂ ਦੀ ਮੌਤ ਸਮੇਂ ਅੰਤਿਮ ਰਸਮਾਂ ਵਿੱਚ ਨਾ ਪਹੁੰਚ ਸਕਣ ਬਾਰੇ ਦੱਸਦੇ ਹਨ, "ਮੇਰੀ ਮਾਂ ਦਾ ਦੇਹਾਂਤ 31 ਅਕਤੂਬਰ 1984 ਨੂੰ ਹੋਇਆ ਉਸੇ ਦਿਨ ਜਿਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ." "ਮੈਂ ਅਮਰੀਕਾ ਵਿੱਚ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਕਤਲੇਆਮ ਬਾਰੇ ਸਿੱਖ ਸਮੂਹਾਂ ਅਤੇ ਅਮਰੀਕੀ ਕਾਂਗਰਸ ਨਾਲ ਰਲਕੇ ਇਸਦੀ ਜਾਂਚ ਕਰਵਾਉਣ ਅਤੇ ਭਾਰਤ ਸਰਕਾਰ ਦੀ ਨਿੰਦਾ ਕੀਤੇ ਜਾਣ ਬਾਰੇ ਕੰਮ ਕਰ ਰਿਹਾ ਸੀ।" "ਮੇਰੀਆਂ ਗਤੀਵਿਧੀਆਂ ਦੇ ਕਾਰਨ ਹੀ ਮੈਨੂੰ ਆਪਣੀ ਮਾਂ ਦੇ ਸਸਕਾਰ ਲਈ ਭਾਰਤ ਨਹੀਂ ਆਉਣ ਦਿੱਤਾ ਗਿਆ।"

## ਕਪਾਨੀ ਅਤੇ ਨੋਬਲ ਪੁਰਸਕਾਰ ਬਾਰੇ ਕੀ ਚਰਚਾ ਰਹਿੰਦੀ ਹੈ

ਡਾਕਟਰ ਕਮਲ ਪੀ ਸਿੰਘ ਜਿਨ੍ਹਾਂ ਨੇ ਤਕਰੀਬਨ 10 ਸਾਲ ਨਰਿੰਦਰ ਸਿੰਘ ਕਪਾਨੀ ਦੇ ਕੰਮ ਦਾ ਅਧਿਐਨ ਕੀਤਾ ਹੈ ਦੱਸਦੇ ਹਨ ਕਿ ਅਕਸਰ ਇਹ ਵੀ ਚਰਚਾ ਰਹਿੰਦੀ ਹੈ ਕਿ ਨਰਿੰਦਰ ਸਿੰਘ ਕਪਾਨੀ, ਜੋ ਕਿ ਭਾਰਤ ਵਿੱਚ ਜਨਮੇ ਸਨ, ਨੋਬਲ ਐਵਾਰਡ ਤੋਂ ਵਾਂਝੇ ਰਹਿ ਗਏ। ਕਮਲ ਮੁਤਾਬਕ ਉਹ ਇਸ ਸਵਾਲ ਨੂੰ ਵੀ ਭਾਵਨਾਤਮਕ ਤੌਰ 'ਤੇ ਲੈਂਦੇ ਹਨ। ਕਮਲ ਪੀ ਸਿੰਘ ਇੰਡੀਅਨ ਇੰਸਟੀਟਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈਆਈਐੱਸਈਆਰ)ਵਿੱਚ ਪ੍ਰੋਫ਼ੈਸਰ ਹਨ ਅਤੇ ਉਨ੍ਹਾਂ ਨੇ ਡਾਕਟਰ ਕਪਾਨੀ ਦੇ ਲਿਖੇ ਪਰਚਿਆਂ ਦਾ ਅਧਿਐਨ ਵੀ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਜਿਸ ਵੇਲੇ ਕਪਾਨੀ ਨੇ 'ਓਪਟੀਕਲ ਫਾਈਬਰ' ਦੀ ਖੋਜ ਕੀਤੀ, ਉਸ ਵੇਲੇ ਲੋਕ ਇਹ ਚਰਚਾ ਕਰ ਰਹੇ ਸਨ ਕਿ ਇਸ ਰਾਹੀਂ ਸੂਚਨਾ ਕਿੰਨੀ ਦੂਰ ਭੇਜੀ ਜਾ ਸਕਦੀ ਹੈ ਅਤੇ ਇਸ ਦੀਆਂ ਕੀ ਕਮੀਆਂ ਹਨ। "ਕਪਾਨੀ ਇਸ ਮਾਮਲੇ ਵਿੱਚ ਥੋੜ੍ਹੇ ਘੱਟ ਖੁਸ਼ਕਿਸਮਤ ਸਨ, ਯੂਕੇ ਵਿੱਚ ਉਹ ਓਪਟੀਕਲ ਫਾਈਬਰ ਬਣਾਉਣ ਲਈ ਉਹ ਜਿਹੜੇ ਕੱਚ ਦੀ ਵਰਤੋਂ ਕਰ ਰਹੇ ਸਨ ਉਸ ਵਿੱਚ ਕਈ ਕਿਸਮ ਦੀਆਂ ਅਸ਼ੁੱਧੀਆਂ ਸਨ।" ਡਾ. ਕਮਲ ਦੱਸਦੇ ਹਨ ਕਿ ਇਹ ਬਹੁਤ ਸ਼ੁਰੂਆਤੀ ਸਮਾਂ ਸੀ ਉਦੋਂ ਅਜਿਹੀਆਂ ਕਾਢਾਂ ਜਾਂ ਯੰਤਰ ਵੀ ਨਹੀਂ ਸਨ ਜੋ ਇੰਨੇ ਬਰੀਕ ਓਪਟੀਕਲ ਫਾਈਬਰ ਨੂੰ ਸੰਭਾਲ ਸਕਦੇ ਹੋਣ।

"ਇਹ ਇੱਕ ਵਾਲ ਜਿੰਨਾ ਬਰੀਕ ਸੀ ਇਸਦੇ ਦਾ ਟੁੱਟਣ ਦਾ ਵੀ ਖਤਰਾ ਹੁੰਦਾ ਸੀ, ਡਾ. ਕਪਾਨੀ ਨੇ ਅਜਿਹੇ ਸਮੇਂ ਆਪਣੀ ਨਿਪੁੰਨਤਾ ਵਿਖਾਈ।" "ਉਨ੍ਹਾਂ ਨੇ ਇਹ ਦਿਖਾਇਆ ਕਿ ਇਨ੍ਹਾਂ ਫਾਈਬਰਾਂ ਰਾਹੀਂ ਰੌਸ਼ਨੀ ਕਈ ਮੀਟਰ ਦੂਰ ਤੱਕ ਜਾ ਸਕਦੀ ਹੈ। ਚੀਨੀ ਪਿਛੋਕੜ ਵਾਲੇ ਵਿਗਿਆਨੀ ਚਾਰਲਸ ਕਾਓ ਜਿਨ੍ਹਾਂ ਨੂੰ 2009 ਵਿੱਚ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਨੋਬਲ ਇਨਾਮ ਮਿਲਿਆ ਨੇ ਆਪਣੀ ਖੋਜ ਦੌਰਾਨ ਇਹ ਦੇਖਿਆ ਕਿ ਕੱਚ ਵਿੱਚ ਅਸ਼ੁੱਧੀਆਂ ਦੇ ਕਾਰਨ ਰੌਸ਼ਨੀ ਇਸ ਵਿੱਚ ਕਈ ਕਿਲੋਮੀਟਰ ਤੱਕ ਸਫ਼ਰ ਨਹੀਂ ਕਰ ਸਕਦੀ। ਉਨ੍ਹਾਂ ਨੇ ਭੌਤਿਕ ਵਿਗਿਆਨ ਦੇ ਕੁਝ ਨਿਯਮਾਂ ਨੂੰ ਲਾਗੂ ਕੀਤਾ ਅਤੇ ਅਸ਼ੁੱਧੀਆਂ ਰਹਿਤ ਕੱਚ ਦੀ ਵਰਤੋਂ ਕੀਤੀ, ਇਸ ਕਾਰਨ ਰੌਸ਼ਨੀ ਦਾ ਦੂਰ ਤੱਕ ਸੰਚਾਰ ਹੋਣਾ ਸੰਭਵ ਸੀ। ਡਾ. ਕਮਲ ਪੀ ਸਿੰਘ ਦੱਸਦੇ ਹਨ ਕਿ ਸ਼ਾਇਦ ਡਾ. ਕਪਾਨੀ ਨੂੰ ਇਸ ਬਾਰੇ ਪਤਾ ਸੀ ਕਿ ਕੱਚ ਵਿੱਚ ਅਸ਼ੁੱਧੀਆਂ ਹਟਾਉਣ ਨਾਲ ਵੱਖਰੇ ਨਤੀਜੇ ਆ ਸਕਦੇ ਹਨ ਪਰ ਉਨ੍ਹਾਂ ਨੇ ਆਪਣਾ ਧਿਆਨ ਵਪਾਰ ਵੱਲ ਕੇਂਦਰਤ ਕਰ ਲਿਆ। 'ਦਿ ਮੈਨ ਹੂ ਬੈਂਟ ਲਾਈਟ' ਮੁਤਾਬਕ ਉਹ ਅਧਿਐਨ ਨਾਲੋਂ ਵੱਧ ਤਰਜੀਹ ਆਪਣੀ ਕੰਪਨੀ ਖੋਲ੍ਹਣ ਨੂੰ ਦਿੰਦੇ ਸਨ।

## ਕੀ ਉਨ੍ਹਾਂ ਨੂੰ ਨੋਬਲ ਪੁਰਸਕਾਰ ਨਾ ਮਿਲਣ ਦਾ ਅਫ਼ਸੋਸ ਸੀ

ਨਰਿੰਦਰ ਕਪਾਨੀ ਦੀ ਧੀ ਕਿੱਕੀ ਕਪਾਨੀ ਦੱਸਦੇ ਹਨ ਕਿ, "ਮੇਰੇ ਪਿਤਾ ਨੇ ਕਦੀ ਵੀ ਕਿਸੇ ਗੱਲ 'ਤੇ ਸ਼ਿਕਵਾ ਨਹੀਂ ਕੀਤਾ। ਉਨ੍ਹਾਂ ਨੋਬਲ ਪੁਰਸਕਾਰ ਨਾ ਮਿਲਣ ਦੀ ਵੀ ਕਦੇ ਸ਼ਿਕਾਇਤ ਨਹੀਂ ਕੀਤੀ, ਬਲਕਿ ਜੋ ਕੁਝ ਹਾਸਿਲ ਸੀ ਉਸ ਲਈ ਸ਼ੁਕਰਾਨਾ ਹੀ ਕੀਤਾ।" ਉਹ ਦੱਸਦੇ ਹਨ ਕਿ ਜਿਸ ਵੇਲੇ ਚਾਰਲਸ ਕਾਓ ਨੂੰ 2009 ਵਿੱਚ ਨੋਬਲ ਪੁਰਸਕਾਰ ਮਿਲਿਆ ਤਾਂ ਵੀ ਉਨ੍ਹਾਂ ਦੇ ਪਿਤਾ ਬਹੁਤ ਖੁਸ਼ ਹੋਏ ਸਨ। ਆਪਣੇ ਪਿਤਾ ਨੂੰ ਯਾਦ ਕਰਦਿਆਂ ਉਹ ਕਹਿੰਦੇ ਹਨ ਕਿ ਉਹ ਬਹੁਤ ਹੱਸਮੁੱਖ ਸੁਭਾਅ ਦੇ ਸਨ ਅਤੇ ਹਮੇਸ਼ਾ ਭਵਿੱਖ ਵੱਲ ਕੇਂਦਰਤ ਰਹਿੰਦੇ ਸਨ। ਉਹ ਦੱਸਦੇ ਹਨ ਕਿ ਡਾ. ਕਪਾਨੀ ਅਤੇ ਉਨ੍ਹਾਂ ਦੀ ਮਾਂ ਸਤਿੰਦਰ ਕਪਾਨੀ ਦਾ ਇੱਕ ਦੂਜੇ ਨਾਲ ਬਹੁਤ ਨਿੱਘਾ ਰਿਸ਼ਤਾ ਸੀ। ਨਹਿਰੂ ਸੁਰੱਖਿਆ ਮੰਤਰਾਲੇ ਦਾ ਸਲਾਹਕਾਰ ਲਾਉਣਾ ਚਾਹੁੰਦੇ ਸਨ 'ਦਿ ਮੈਨ ਹੂ ਬੈਂਟ ਲਾਈਟ' ਵਿੱਚ ਉਹ ਦੱਸਦੇ ਹਨ ਕਿ ਕਿ ਜਦੋਂ ਉਹ ਅਮਰੀਕਾ ਵਿੱਚ ਸਨ ਇੱਕ ਦਿਨ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਉਨ੍ਹਾਂ ਨੂੰ ਮਿਲਣ ਲਈ ਬੁਲਾਇਆ।

ਮਹਾਰਾਜਾ ਪਟਿਆਲਾ ਦੇ ਨਾਲ ਨਾਲ ਉਨ੍ਹਾਂ ਦੀ ਮੁਲਾਕਾਤ ਉਸ ਵੇਲੇ ਭਾਰਤ ਦੇ ਸੰਯੁਕਤ ਰਾਸ਼ਟਰ ਦੇ ਨੁਮਾਇੰਦੇ ਕ੍ਰਿਸ਼ਨਾ ਮੈਨਨ ਨਾਲ ਵੀ ਹੋਈ ਸੀ। ਇਸ ਤੋਂ ਥੋੜ੍ਹੇ ਸਮੇਂ ਬਾਅਦ ਜਦੋਂ ਉਹ ਨਵੀਂ ਦਿੱਲੀ ਵਿਖੇ ਜਵਾਹਰਲਾਲ ਨਹਿਰੂ ਨੂੰ ਮਿਲੇ ਤਾਂ ਨਹਿਰੂ ਨੇ ਉਨ੍ਹਾਂ ਨੂੰ ਉੱਚ ਅਹੁਦੇ ਉੱਤੇ ਲਾਏ ਜਾਣ ਦੀ ਸਿਫ਼ਾਰਿਸ਼ ਅਤੇ ਚੰਗੀ ਤਨਖਾਹ ਦੇਣ ਲਈ ਆਪਣੇ ਹੱਥੀਂ ਲਿਖਿਆ। ਕਪਾਨੀ ਨੂੰ ਦੋ ਮਹੀਨੇ ਤੱਕ ਇੰਤਜ਼ਾਰ ਕਰਨ ਲਈ ਕਿਹਾ ਗਿਆ ਪਰ ਭਾਰਤ ਦੇ ਸਰਕਾਰੀ ਮਹਿਕਮਿਆਂ ਵੱਲੋਂ ਉਨ੍ਹਾਂ ਨੂੰ ਕੋਈ ਜੁਆਬ ਨਹੀਂ ਦਿੱਤਾ ਗਿਆ।

## ਫਾਈਬਰ ਓਪਟਿਕਸ ਦੇ ਨਾਲ ਹੋਰ ਕੀ ਯੋਗਦਾਨ

ਨਰਿੰਦਰ ਸਿੰਘ ਕਪਾਨੀ ਨੇ 'ਫਾਈਬਰ ਓਪਟਿਕਸ' ਦੀ ਸ਼ੁਰੂਆਤੀ ਖੋਜ ਦੇ ਨਾਲ-ਨਾਲ ਮੈਡੀਕਲ, ਸੂਰਜੀ ਉਰਜਾ ਨਾਲ ਸਬੰਧਤ ਯੰਤਰ ਬਣਾਉਣ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਸੀ। ਹਾਈ ਸਪੀਡ ਡਾਟਾ ਟ੍ਰਾਂਸਮਿਸ਼ਨ ਲਈ ਓਪਟੀਕਲ ਫਾਈਬਰ ਇੱਕ ਹਾਰਡਵੇਅਰ ਹੈ। ਕਮਲ ਪੀ ਸਿੰਘ ਦੱਸਦੇ ਹਨ ਕਿ ਅੱਜ ਦੁਨੀਆਂ ਦੀ ਹਰੇਕ ਥਾਂ ਉੱਤੇ ਇੰਟਰਨੈੱਟ ਦਾ ਪਹੁੰਚਣਾ ਵੀ ਇਸੇ ਕਰਕੇ ਸੰਭਵ ਹੋ ਸਕਿਆ ਹੈ। ਉਨ੍ਹਾਂ ਨੇ ਜਿੱਥੇ ਇਸ ਖੇਤਰ ਬਾਰੇ ਕਈ ਪਰਚੇ ਵੀ ਲਿਖੇ ਅਤੇ ਇਸ ਵਿਸ਼ੇ 'ਤੇ ਪਹਿਲੀ ਕਿਤਾਬ ਫਾਈਬਰ ਓਪਟਿਕਸ ਪ੍ਰਿੰਸੀਪਲਸ ਐਂਡ ਐਪਲੀਕੇਸ਼ਨਜ਼ ਲਿਖੀ। ਕਮਲ ਪੀ ਸਿੰਘ ਦੱਸਦੇ ਹਨ ਕਿ ਡਾ. ਕਪਾਨੀ ਨੇ ਮੈਡੀਕਲ ਖੇਤਰ ਵਿੱਚ ਅੱਜ ਵੱਡੇ ਪੱਧਰ 'ਤੇ ਵਰਤੇ ਜਾਂਦੇ ਓਕਸੀਮੀਟਰ ਅਤੇ ਲੇਜ਼ਰ ਰਾਹੀਂ ਰੈਟੀਨਾ(ਅੱਖ ਦੀ ਝਿੱਲੀ) ਦੀ ਮੁਰੰਮਤ ਕਰਨ ਦੀ ਤਕਨੀਕ ਵੀ ਵਿਕਸਿਤ ਕੀਤੀ। ਇਸੇ ਨਾਲ ਹੀ ਉਨ੍ਹਾਂ ਵੱਲੋਂ ਵਿਕਸਿਤ ਕੀਤੇ ਗਏ ਐਂਡੋਸਕੋਪਿਕ ਕੈਮਰੇ ਰਾਹੀਂ ਹੀ ਮਨੁੱਖੀ ਸਰੀਰ ਦੇ ਅੰਦਰ ਕੈਮਰੇ ਰਾਹੀਂ ਵੇਖਣਾ ਜਾਂ ਸਰਜਰੀ ਵਿੱਚ ਇਸਦੀ ਵਰਤੋਂ ਸੰਭਵ ਹੋ ਸਕੀ ਹੈ।

## 'ਸਿੱਖ ਕਲਾਕ੍ਰਿਤੀਆਂ ਦਾ ਵੱਡਾ ਸੰਗ੍ਰਹਿ'

ਨਰਿੰਦਰ ਸਿੰਘ ਕਪਾਨੀ ਨੇ ਇੱਕ ਸਾਇੰਸਦਾਨ ਸਫ਼ਲ ਬਿਜ਼ਨਸਮੈਨ ਹੋਣ ਦੇ ਨਾਲ-ਨਾਲ ਕਲਾ, ਸਿੱਖਿਆ ਅਤੇ ਸਮਾਜ ਸੇਵਾ ਵਿੱਚ ਵੀ ਹਿੱਸਾ ਪਾਇਆ।

ਉਨ੍ਹਾਂ ਨੇ ਜਿੱਥੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸੈਂਟਾ ਬਾਰਬਰਾ ਵਿੱਚ ਸਿੱਖ ਚੇਅਰ ਦੇ ਨਾਲ-ਨਾਲ ਇੰਟਰਪਨਿਊਰਸ਼ਿਪ ਵਿੱਚ ਚੇਅਰ ਸਥਾਪਤ ਕੀਤੀ।

ਆਪਣੀ ਸਵੈ ਜੀਵਨੀ ਵਿੱਚ ਡਾ. ਕਪਾਨੀ ਆਪਣੇ ਇਸ ਉੱਦਮ ਬਾਰੇ ਲਿਖਦੇ ਹਨ ਕਿ 1967 ਵਿੱਚ ਆਪਣੀ ਕੰਪਨੀ ਓਪਟਿਕਸ ਟੈਕਨਾਲਜੀ ਨੂੰ ਜਨਤਕ ਲੈਕੇ ਜਾਣ ਤੋਂ ਬਾਅਦ ਉਹ ਆਰਥਿਕ ਪੱਧਰ ਉੱਤੇ ਮਜ਼ਬੂਤ ਹੋ ਗਏ ਸਨ।

"ਫਿਰ ਮੈਨੂੰ ਖਿਆਲ ਆਇਆ ਕਿ ਮੇਰੇ ਸਿੱਖ ਹੋਣ ਦੇ ਮਾਣ ਅਤੇ ਸਿੱਖ ਕਲਾ ਪ੍ਰਤੀ ਮੇਰੀ ਪ੍ਰਤੀਬੱਧਤਾ ਨੇ ਮੈਨੂੰ ਸਿੱਖ ਆਰਟ ਨਾਲ ਜੁੜੀਆਂ ਚੀਜ਼ਾਂ ਨੂੰ ਇਕੱਠਿਆਂ ਕਰਨ ਪ੍ਰੇਰਿਆ ਅਤੇ ਸਿੱਖ ਫਾਊਂਡੇਸ਼ਨ ਨਾਮ ਦੀ ਸੰਸਥਾ ਹੋਂਦ ਵਿੱਚ ਆਈ।"

ਸਿੱਖ ਫਾਊਂਡੇਸ਼ਨ ਦੇ ਐਗਜ਼ੈਕੇਟਿਵ ਡਾਇਰੈਕਟਰ ਸੋਨੀਆ ਧਾਮੀ ਦੱਸਦੇ ਹਨ ਕਿ ਡਾ. ਕਪਾਨੀ ਚਾਹੁੰਦੇ ਸਨ ਕਿ ਨਵੰਬਰ 1984 ਵਿੱਚ ਹੋਏ ਸਿੱਖ ਕਤਲੇਆਮ ਦੀ ਯਾਦ ਵਿੱਚ ਦਿੱਲੀ ਵਿੱਚ ਇੱਕ ਯਾਦਗਾਰ ਸਥਾਪਤ ਕੀਤੀ ਜਾਵੇ, ਪਰ ਇਹ ਕੰਮ ਨੇਪਰੇ ਨਹੀਂ ਚੜ੍ਹ ਸਕਿਆ।

ਸੋਨੀਆ ਦੱਸਦੇ ਹਨ, 1960ਵਿਆਂ ਦਾ ਅਮਰੀਕਾ ਅੱਜ ਨਾਲੋਂ ਬਹੁਤ ਵੱਖਰਾ ਸੀ, ਲੋਕ ਡਾ. ਕਪਾਨੀ ਨੂੰ ਉਨ੍ਹਾਂ ਦੇ ਧਰਮ ਬਾਰੇ ਪੁੱਛਦੇ ਸਨ ਫਿਰ ਉਨ੍ਹਾਂ ਨੇ ਇਸ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰਨਾ ਸ਼ੁਰੂ ਕੀਤਾ।

ਇਸਨੇ ਉਨ੍ਹਾਂ ਨੂੰ ਸਿੱਖ ਕਲਾਕ੍ਰਿਤੀਆਂ ਨੂੰ ਇਕੱਠੇ ਕਰਨ ਵੱਲ ਪ੍ਰੇਰਿਆ।

ਸਿੱਖ ਫਾਊਂਡੇਸ਼ਨ ਵੱਲੋਂ ਸਿੱਖ ਕਲਾ ਉੱਤੇ ਕੇਂਦਰਤ ਕਈ ਵੱਡੀਆਂ ਪ੍ਰਦਰਸ਼ਨੀਆਂ ਕੀਤੀਆਂ ਜਾ ਚੁੱਕੀਆਂ ਹਨ, ਅਜਿਹੀ ਕੋਈ ਵੀ ਪ੍ਰਦਰਸ਼ਨੀ ਡਾ. ਕਪਾਨੀ ਦੇ ਕਲਾ ਸੰਗ੍ਰਹਿ ਦੇ ਬਿਨ੍ਹਾਂ ਅਧੂਰੀ ਹੁੰਦੀ ਹੈ।

ਉਹ ਦੱਸਦੇ ਹਨ ਸਿੱਖ ਕਲਾ ਬਾਰੇ ਇੰਨੇ ਵੱਡੇ ਪੱਧਰ 'ਤੇ ਕੰਮ ਪਹਿਲਾਂ ਕਦੇ ਨਹੀਂ ਸੀ ਹੋਇਆ, "ਦਰਅਸਲ ਡਾ. ਕਪਾਨੀ ਦੇ ਯਤਨਾਂ ਸਦਕਾ ਹੀ ਸਿੱਖ ਕਲਾ ਨੂੰ ਲੋੜੀਂਦਾ ਧਿਆਨ ਮਿਲਿਆ।"



# ਸਿਹਤ ਸੰਸਾਰ

## ਕਈ ਕਾਰਨ ਹੁੰਦੇ ਹਨ ਬੁਖ਼ਾਰ ਦੇ

ਕਦੀ-ਕਦੀ ਬੁਖਾਰ ਨੂੰ ਮਾਮੂਲੀ ਮੰਨ ਕੇ ਅਸੀਂ ਉਸ ਦਾ ਇਲਾਜ ਨਹੀਂ ਕਰਵਾਉਂਦੇ। ਕਈ ਵਾਰ ਬੁਖਾਰ ਕਿਸੇ ਗੰਭੀਰ ਰੋਗ ਦੇ ਲੱਛਣ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਦੋਂ ਤੱਕ ਅਸਲੀਅਤ ਸਾਨੂੰ ਪਤਾ ਲਗਦੀ ਹੈ, ਉਦੋਂ ਤੱਕ ਦੇਰ ਹੋ ਚੁੱਕੀ ਹੁੰਦੀ ਹੈ। ਕਈ ਵਾਰ ਬੁਖਾਰ ਵਾਇਰਲ ਸੰਕ੍ਰਮਣ ਦੇ ਕਾਰਨ ਹੁੰਦਾ ਹੈ ਜਿਵੇਂ ਫਲੂ, ਖਸਰਾ, ਚਿਕਨਪਾਕਸ, ਵਾਇਰਲ ਹੈਪੇਟਾਈਟਸ ਆਦਿ ਪਰ ਕਈ ਵਾਰ ਇਹ ਗੰਭੀਰ ਸੰਕ੍ਰਮਣ ਦੇ ਕਾਰਨ ਹੁੰਦਾ ਹੈ ਜਿਵੇਂ-ਮਲੇਰੀਆ, ਟਾਈਫਾਈਡ ਤੇ ਟੀ. ਬੀ. ਆਦਿ।

ਕਈ ਵਾਰ ਖੂਨ, ਕਿਡਨੀ ਲਿੰਫ ਗ੍ਰੰਥੀ ਅਤੇ ਲਿਵਰ ਦੇ ਕੈਂਸਰ ਦੇ ਲੱਛਣ ਦੇ ਰੂਪ ਵਿਚ ਵੀ ਬੁਖਾਰ ਪ੍ਰਗਟ ਹੁੰਦਾ ਹੈ ਅਤੇ ਅਸੀਂ ਬਿਨਾਂ ਕਾਰਨ ਜਾਣੇ ਦਵਾਈ ਲੈ ਕੇ ਬੁਖਾਰ ਤੋਂ ਮੁਕਤੀ ਪਾਉਣਾ ਚਾਹੁੰਦੇ ਹਾਂ। ਨਤੀਜਾ ਬਿਮਾਰੀ ਵਧਦੀ ਜਾਂਦੀ ਹੈ, ਅਖੀਰ ਬੁਖਾਰ ਗੰਭੀਰ ਰੋਗਾਂ ਨੂੰ ਬੇਨਕਾਬ ਕਰਦਾ ਹੈ ਜਿਸ ਨਾਲ ਰੋਗ ਦੇ ਇਲਾਜ ਵਿਚ ਆਸਾਨੀ ਹੁੰਦੀ ਹੈ।

ਮਨੁੱਖ ਦਾ ਤਾਪਮਾਨ ਸਵੇਰੇ 6 ਵਜੇ ਘੱਟ ਹੁੰਦਾ ਹੈ ਜਦੋਂ ਕਿ ਸ਼ਾਮ 4 ਤੋਂ 6 ਵਜੇ ਦੇ ਵਿਚਾਲੇ ਜ਼ਿਆਦਾ। ਸਵੇਰੇ 6 ਵਜੇ ਸਮਾਨ ਮੌਖਿਕ ਤਾਪਮਾਨ 98.9 ਡਿਗਰੀ ਫਾਰੇਨਹਾਈਟ ਭਾਵ 37.2 ਡਿਗਰੀ ਸੈਲੀਅਸ ਅਤੇ ਸ਼ਾਮ 4 ਤੋਂ 6 ਵਜੇ 99.9 ਡਿਗਰੀ ਫਾਰੇਨਹਾਈਟ (37.7 ਡਿਗਰੀ ਸੈਲ.)। ਜੇਕਰ ਇਸ ਤੋਂ ਜ਼ਿਆਦਾ ਤਾਪਮਾਨ ਹੋਵੇ ਤਾਂ ਉਸ ਨੂੰ ਬੁਖਾਰ ਕਹਿੰਦੇ ਹਨ। ਕੱਛ ਦਾ ਤਾਪਮਾਨ ਮੂੰਹ ਦੇ ਤਾਪਮਾਨ ਤੋਂ 0.9 ਡਿਗਰੀ ਫਾਰੇਨਹਾਈਟ ਘੱਟ ਰਹਿੰਦਾ ਹੈ। ਉਮਰ ਦੇ ਅਨੁਸਾਰ ਤੇ ਸਰੀਰ ਦੀਆਂ ਕਿਰਿਆਵਾਂ ਅਨੁਸਾਰ ਵੀ ਤਾਪਮਾਨ ਬਦਲਦਾ ਰਹਿੰਦਾ ਹੈ।

ਬੁਖਾਰ ਸਾਡੇ ਲਈ ਕਈ ਤਰ੍ਹਾਂ ਨਾਲ ਲਾਭਦਾਇਕ ਵੀ ਹੁੰਦਾ ਹੈ। ਇਹ ਸਰੀਰ ਨੂੰ ਸੰਕ੍ਰਮਣ ਤੋਂ ਬਚਾਉਣ ਲਈ ਸੰਘਰਸ਼ ਦੀ ਪ੍ਰਕਿਰਿਆ ਹੈ। ਉੱਚ ਬੁਖਾਰ ਦੀ ਸਥਿਤੀ ਵਿਚ ਬੈਕਟੀਰੀਆ (ਵਿਸ਼ੇਸ਼ ਕਰਕੇ ਨਿਮੋਨੀਆ ਬੈਕਟੀਰੀਆ) ਨਸ਼ਟ ਹੋ ਜਾਂਦਾ ਹੈ, ਨਾਲ ਹੀ ਇਹ ਸਫੈਦ ਖੂਨ-ਕੋਸ਼ਿਕਾਵਾਂ ਦੀਆਂ ਸਰਗਰਮੀਆਂ ਨੂੰ ਵਧਾ ਦਿੰਦਾ ਹੈ ਪਰ ਇਸ ਨਾਲ ਨੁਕਸਾਨ ਜ਼ਿਆਦਾ ਹੈ। ਬੁਖਾਰ ਦੇ ਬਾਅਦ ਸਰੀਰ ਨੂੰ ਜ਼ਿਆਦਾ ਆਕਸੀਜਨ ਤੇ ਊਰਜਾ ਦੀ ਜ਼ਰੂਰਤ ਹੁੰਦੀ ਹੈ। ਤਰਲ ਪਦਾਰਥਾਂ ਦੇ ਸੇਵਨ ਦੀ ਜ਼ਰੂਰਤ ਵੀ ਵਧ ਜਾਂਦੀ ਹੈ।

ਬੁਖਾਰ ਦੇ ਕੁਝ ਸਹਿਯੋਗੀ ਲੱਛਣ ਵੀ ਹੁੰਦੇ ਹਨ ਜਿਵੇਂ ਪਿੱਠ ਵਿਚ ਦਰਦ, ਜੋੜਾਂ ਵਿਚ ਦਰਦ, ਠੰਢ ਲੱਗਣਾ, ਭੁੱਖ ਨਾ ਲੱਗਣਾ, ਨੀਂਦ ਨਾ ਆਉਣਾ, ਪਿਆਸ ਲੱਗਣਾ, ਮੂੰਹ ਸੁੱਕਣਾ, ਪਸੀਨਾ ਆਉਣਾ ਆਦਿ।



ਬੁਖਾਰ ਦੀ ਸਥਿਤੀ ਹੈਪੇਟਾਈਟਿਸ ਵੱਲ ਸੰਕੇਤ ਕਰਦੇ ਲੱਛਣ ਹਨ, ਅੱਖਾਂ ਪੀਲੀਆਂ ਤੇ ਪੇਸ਼ਾਬ ਪੀਲਾ ਹੋਣਾ, ਭੁੱਖ ਘੱਟ ਲੱਗਣਾ ਅਤੇ ਪੇਟ ਦੇ ਸੱਜੇ ਹਿੱਸੇ ਵਿਚ ਦਰਦ ਹੋਣਾ ਅਤੇ ਉਲਟੀਆਂ ਆਉਣਾ। ਪੇਸ਼ਾਬ ਵਿਚ ਜਲਨ, ਵਾਰ-ਵਾਰ ਪੇਸ਼ਾਬ ਆਉਣਾ, ਪੇਟ ਦੇ ਹੇਠਲੇ ਹਿੱਸੇ ਵਿਚ ਦਰਦ ਦੇ ਨਾਲ ਹੋਣ ਵਾਲਾ ਬੁਖਾਰ ਗੁਰਦੇ ਜਾਂ ਬਲੈਡਰ ਦੀ ਗੜਬੜੀ ਵੱਲ ਸੰਕੇਤ ਕਰਦਾ ਹੈ। ਨੱਕ ਬੰਦ ਹੋਣਾ, ਨੱਕ 'ਚੋਂ ਪਾਣੀ ਨਿਕਲਣਾ, ਗਲੇ ਵਿਚ ਖਾਰਸ਼, ਸਿਰ ਦਰਦ ਦੇ ਨਾਲ ਹੋਣ ਵਾਲਾ ਬੁਖਾਰ ਵਾਇਰਲ ਸੰਕ੍ਰਮਣ ਦੇ ਕਾਰਨ ਹੁੰਦਾ ਹੈ, ਜੋ 3-4 ਦਿਨ ਤੱਕ ਰਹਿੰਦਾ ਹੈ।

ਉੱਚ ਬੁਖਾਰ, ਛਾਤੀ ਵਿਚ ਦਰਦ, ਰੇਸ਼ਾ, ਨਿਮੋਨੀਆ ਦੇ ਲੱਛਣ ਹਨ, ਸਰੀਰ ਅਦੇ ਗਲੇ ਵਿਚ ਦਰਦ, ਉਲਟੀਆਂ, ਦੋਹਰਾ ਦਿਸਣਾ, ਸਿਰ ਵਿਚ ਤੇਜ਼ ਦਰਦ ਚੱਕਰ ਆਉਣ ਦੇ ਨਾਲ ਜੋ ਬੁਖਾਰ ਹੋਵੇ, ਉਹ ਦਿਮਾਗੀ ਆਵਰਣ ਵਿਚ ਸੋਜ (ਨਿਮਜਾਈਟਿਸ) ਦਾ ਲੱਛਣ ਹੋ ਸਕਦਾ ਹੈ।

ਸ਼ਾਮ ਨੂੰ ਸਰੀਰ ਦਾ ਤਾਪਮਾਨ ਵਧਣਾ, ਰਾਤ ਵੇਲੇ ਪਸੀਨਾ ਆਉਣਾ, ਥੁੱਕ ਜਾਂ ਖੰਘਣ ਸਮੇਂ ਖੂਨ ਆਉਣਾ, ਭੁੱਖ, ਕਮਜ਼ੋਰੀ ਅਤੇ ਵਜ਼ਨ ਘੱਟ ਹੋਣਾ ਟੀ. ਬੀ. ਵੱਲ ਸੰਕੇਤ ਕਰਦਾ ਹੈ। ਲਗਾਤਾਰ ਬੁਖਾਰ ਰਹਿਣਾ ਅਤੇ ਸ਼ਾਮ ਨੂੰ ਵਧ ਜਾਣਾ ਕਬਜ਼, ਸੁੱਕੀ ਖੰਘ, ਤੇਜ਼ ਸਿਰ ਦਰਦ, ਟਾਈਫਾਈਡ ਹੋ ਸਕਦਾ ਹੈ। ਠੰਢ ਤੇ ਸਰੀਰ ਵਿਚ ਤੇਜ਼ ਦਰਦ ਦੇ ਨਾਲ ਅਚਾਨਕ ਹੋਣ ਵਾਲਾ ਤੇਜ਼ ਬੁਖਾਰ ਕਾਫੀ ਸਮੇਂ ਤੱਕ ਚਲਦਾ ਹੈ।

ਕੁਝ ਰੋਗੀਆਂ ਦੇ ਮਾਮਲੇ ਵਿਚ ਬੁਖਾਰ ਦਾ ਇਲਾਜ ਸਾਵਧਾਨੀ ਨਾਲ ਕੀਤਾ ਜਾਣਾ ਜ਼ਰੂਰੀ ਹੈ। ਜਦੋਂ ਬੁਖਾਰ ਵਧਣ ਲੱਗੇ ਅਤੇ 102 ਡਿਗਰੀ ਫਾਰੇਨਹਾਈਟ ਤੋਂ ਕਾਫੀ ਉੱਪਰ ਪਹੁੰਚ ਜਾਵੇ ਤਾਂ ਡਾਕਟਰ ਦੀ ਮਦਦ ਜ਼ਰੂਰ ਲੈਣੀ ਚਾਹੀਦੀ ਹੈ। ਉਦੋਂ ਤੱਕ ਬਿਨਾਂ ਦੇਰੀ ਕੀਤੇ ਸਰੀਰ ਦੇ ਤਾਪਮਾਨ ਨੂੰ ਘੱਟ ਕਰਨ ਲਈ ਸਿਰ 'ਤੇ ਗਿੱਲੇ ਕੱਪੜੇ ਰੱਖਣੇ ਚਾਹੀਦੇ ਹਨ।

ਇਸ ਤਰ੍ਹਾਂ ਦੇ ਮਰੀਜ਼ ਦੇ ਸਿਰ 'ਤੇ ਟੋਪੀ, ਮਫਲਰ ਤੇ ਪੈਰਾਂ ਦੀਆਂ ਜੁਰਾਬਾਂ ਲਾਹ ਦੇਣੀਆਂ ਚਾਹੀਦੀਆਂ ਹਨ। ਜੇਕਰ ਬੁਖਾਰ 106 ਡਿਗਰੀ ਫਾਰੇਨਹਾਈਟ ਹੋ ਜਾਵੇ ਤਾਂ ਰੋਗੀ ਨੂੰ ਤੁਰੰਤ ਹਸਪਤਾਲ ਦਾਖਲ ਕਰਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਹਾਲਤ ਵਿਚ ਆਪਣੀ ਮਰਜ਼ੀ ਜਾਂ ਕੈਮਿਸਟ ਦੀ ਸਲਾਹ 'ਤੇ ਲਈ ਗਈ ਦਵਾਈ ਖ਼ਤਰਨਾਕ ਹੋ ਸਕਦੀ ਹੈ।

ਜ਼ਿਆਦਾ ਸਮੇਂ ਤੱਕ ਬੁਖਾਰ ਦਾ ਬਣਿਆ ਰਹਿਣਾ ਖ਼ਤਰਨਾਕ ਹੁੰਦਾ ਹੈ। ਇਸ ਤਰ੍ਹਾਂ ਦੀ ਹਾਲਤ ਵਿਚ ਸਹੀ ਡਾਕਟਰ ਦੀ ਸਲਾਹ ਲੈਣੀ ਬੇਹੱਦ ਜ਼ਰੂਰੀ ਹੈ।

## ਭੋਜਨ ਤੋਂ ਪਹਿਲਾਂ ਖਾਓ ਸਲਾਦ




ਇਕ ਨਵੀਂ ਖੋਜ ਅਨੁਸਾਰ ਜੇਕਰ ਤੁਸੀਂ ਭੋਜਨ ਦੀ ਸ਼ੁਰੂਆਤ ਘੱਟ ਕੈਲੋਰੀ ਵਾਲੇ ਸਲਾਦ ਨਾਲ ਕਰਦੇ ਹੋ ਤਾਂ ਤੁਸੀਂ ਘੱਟ ਭੋਜਨ ਗ੍ਰਹਿਣ ਕਰਦੇ ਹੋ। ਇਸ ਖੋਜ ਦੇ ਮਾਹਰ ਡਾ: ਬਾਰਬਰਾ ਜੇ. ਰੋਲਸ ਅਨੁਸਾਰ ਘੱਟ ਕੈਲੋਰੀ ਵਾਲੇ ਫਲ, ਸਬਜ਼ੀਆਂ ਤੁਹਾਡੀ ਭੁੱਖ ਨੂੰ ਸ਼ਾਂਤ ਕਰ ਦਿੰਦੇ ਹਨ ਅਤੇ ਤੁਸੀਂ ਇਨ੍ਹਾਂ ਨੂੰ ਖਾਣ ਤੋਂ ਬਾਅਦ ਘੱਟ ਭੁੱਖ ਮਹਿਸੂਸ ਕਰਦੇ ਹੋ ਅਤੇ ਆਮ ਨਾਲੋਂ ਘੱਟ ਭੋਜਨ ਖਾਂਦੇ ਹੋ। ਇਸ ਖੋਜ ਵਿਚ ਕੁਝ ਵਿਅਕਤੀਆਂ ਨੂੰ ਅੰਦਾਜ਼ਨ 3 ਕੱਪ ਸਲਾਦ ਜਿਸ ਵਿਚ 100 ਕੈਲੋਰੀ ਦੀ ਮਾਤਰਾ ਸੀ, ਦਾ ਸੇਵਨ ਕਰਾਇਆ ਗਿਆ ਅਤੇ ਕੁਝ ਵਿਅਕਤੀਆਂ ਨੂੰ ਇਸ ਦਾ ਸੇਵਨ ਨਹੀਂ ਕਰਾਇਆ ਗਿਆ। ਦੋਵੇਂ ਗਰੁੱਪਾਂ ਦਾ ਤੁਲਨਾਤਮਕ ਅਧਿਐਨ ਕਰਨ 'ਤੇ ਇਹ ਸਾਹਮਣੇ ਆਇਆ ਕਿ ਪਹਿਲੇ ਗਰੁੱਪ ਨੇ ਬਾਅਦ ਦੇ ਭੋਜਨ ਵਿਚ 12 ਫੀਸਦੀ ਘੱਟ ਕੈਲੋਰੀ ਗ੍ਰਹਿਣ ਕੀਤੀ। ਇਸ ਖੋਜ ਦੇ ਮਾਹਰਾਂ ਅਨੁਸਾਰ ਇਹ ਵੀ ਮਹੱਤਵਪੂਰਨ ਹੈ ਕਿ ਭੋਜਨ ਦੀ ਸ਼ੁਰੂਆਤ ਘੱਟ ਕੈਲੋਰੀ ਵਾਲੇ ਸਲਾਦ ਨਾਲ ਕਰੋ।

## ਬਚਪਨ ਪ੍ਰਭਾਵਿਤ ਕਰਦਾ ਹੈ ਬੱਚੇ ਦੇ ਭਵਿੱਖ ਨੂੰ

ਹਾਲ ਹੀ ਵਿਚ ਹੋਏ ਇਕ ਅਧਿਐਨ ਵਿਚ ਪਾਇਆ ਗਿਆ ਕਿ ਜੇਕਰ ਵਿਅਕਤੀ ਦਾ ਬਚਪਨ ਆਮ ਵਾਂਗ ਨਾ ਬਤੀਤ ਹੋਇਆ ਹੋਵੇ ਭਾਵ ਉਸ ਨੂੰ ਬਚਪਨ ਵਿਚ ਕਈ ਸਮੱਸਿਆਵਾਂ ਵਿਚੋਂ ਗੁਜ਼ਰਨਾ ਪਿਆ ਹੋਵੇ ਤਾਂ ਵੱਡੇ ਹੋਣ 'ਤੇ ਡਿਪ੍ਰੈਸ਼ਨ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਖੋਜ ਵਿਚ ਵਿਅਕਤੀ ਦੇ ਬਚਪਨ ਵਿਚ ਉਸ ਦੀਆਂ ਵਿਵਹਾਰ ਸਬੰਧੀ ਸਮੱਸਿਆਵਾਂ ਅਤੇ ਡਿਪ੍ਰੈਸ਼ਨ, ਸੋਸ਼ਲ ਫੋਬੀਆ ਆਦਿ ਵਿਚ ਡੂੰਘਾ ਸਬੰਧ ਜਾਣਨ ਦੀ ਕੋਸ਼ਿਸ਼ ਕੀਤੀ ਗਈ। ਇਸ ਵਿਚ ਮਾਹਰਾਂ ਨੇ ਜਦੋਂ ਬੱਚੇ 10-11 ਸਾਲ ਦੇ ਸੀ, ਤਾਂ ਉਨ੍ਹਾਂ ਦੇ ਵਿਵਹਾਰ ਅਤੇ ਸਮੱਸਿਆਵਾਂ ਨਾਲ ਸਬੰਧਤ ਅੰਕੜੇ ਇਕੱਠੇ ਕੀਤੇ ਅਤੇ 10 ਸਾਲ ਬਾਅਦ ਫਿਰ ਉਨ੍ਹਾਂ ਦੇ ਵਿਵਹਾਰ ਦਾ ਅਧਿਐਨ ਕੀਤਾ ਗਿਆ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ 'ਤੇ ਪਾਇਆ ਗਿਆ ਕਿ ਜਿਨ੍ਹਾਂ ਬੱਚਿਆਂ ਦਾ ਬਚਪਨ ਆਮ ਵਾਂਗ ਨਹੀਂ ਸੀ, ਉਨ੍ਹਾਂ ਵਿਚ ਡਿਪ੍ਰੈਸ਼ਨ (ਉਦਾਸੀ) ਦੀ ਸਮੱਸਿਆ ਪਾਈ ਗਈ। ਇਹੀ ਨਹੀਂ, ਕੁਝ ਬੱਚਿਆਂ ਨੇ ਅਪਰਾਧਕ ਕੰਮ ਵੀ ਕੀਤੇ ਅਤੇ 17 ਫੀਸਦੀ ਬੱਚਿਆਂ ਵਿਚ 'ਸੋਸ਼ਲ ਫੋਬੀਆ' ਡਿਸਆਰਡਰ ਵੀ ਪਾਇਆ ਗਿਆ।

## ਠੰਡ ਵਿੱਚ ਖਾਓ ਸ਼ਕਰਕੰਦੀ



ਲਿਖਤ
ਅਨਿਲ ਧੀਰ
647-853-5800



ਠੰਡ ਦੇ ਮੌਸਮ ਵਿੱਚ ਸੁਆਦ ਲਈ ਮਸ਼ਹੂਰ ਮਿੱਠੀ ਲਾਲ ਸਕਿਨ ਵਾਲੀ ਸ਼ਕਰਕੰਦੀ ਹਰ ਗਰੋਸਰੀ ਸਟੋਰ ਤੇ ਵੇਖਣ ਨੂੰ ਮਿਲ ਰਹੀ ਹੈ।ਕਈ ਰੰਗਾਂ ਵਿੱਚ ਮਿਲਣ ਵਾਲੀ ਸ਼ਕਰਕੰਦੀ ਹਰ ਉਮਰ ਦਾ ਆਦਮੀ ਵੱਖ-ਵੱਖ ਤਰੀਕੇ ਨਾਲ ਖਾਣਾ ਪਸੰਦ ਕਰਦਾ ਹੈ। ਅੱਜਕਲ ਇਸਦਾ ਇਸਤੇਮਾਲ ਕਮਰਸ਼ੀਅਲ ਇੰਡਸਟਰੀ ਵਿੱਚ ਬੇਕਰੀ, ਸਨੈਕਸ, ਦਵਾਈਆਂ ਲਈ ਵੀ ਹੋ ਰਿਹਾ ਹੈ। ਇਸ ਵਿੱਚ ਐਂਟੀਆਕਸਿਡ ਵਗੈਰਾ ਤੱਤ ਰੋਗਾਂ ਨਾਲ ਲੜਨ ਦੀ ਤਾਕਤ ਵੀ ਦਿੰਦੇ ਹਨ।

ਸਾਲ 1492 ਵਿਚ ਹੀ ਨੇਟਿਵ ਅਮੇਰੀਕਨ ਸ਼ਕਰਕੰਦੀ ਉਗਾ ਰਹੇ ਸਨ, ਜਦੋਂ ਕੋਲੰਬਸ ਅਮਰੀਕਾ ਵਿਚ ਆਇਆ ਸੀ। ਵਿਸ਼ਵ ਭਰ ਵਿਚ ਚਾਵਲ, ਕਣਕ, ਆਲੂ, ਮੱਕੀ, ਤੋਂ ਬਾਅਦ ਸ਼ਕਰਕੰਦੀ ਦਾ 95% ਵਿਕਾਸਸ਼ੀਲ ਦੇਸ਼ਾਂ ਵਿਚ ਤਕਰੀਬਨ 105 ਮਿਲੀਅਨ ਮੀਟ੍ਰਿਕ ਟਨ ਤੋਂ ਵੱਧ ਉਤਪਾਦਨ ਹੋ ਰਿਹਾ ਹੈ। 1 ਕੱਪ ਯਾਨਿ 200 ਗ੍ਰਾਮ ਭੁੱਜੀ ਹੋਈ ਸ਼ਕਰਕੰਦੀ ਤੋਂ ਕੈਲੋਰੀ-180, ਕਾਰਬ-41.4 ਗ੍ਰਾਮ, ਪ੍ਰੋਟੀਨ-4 ਗ੍ਰਾਮ, ਫੈਟ-0.3 ਗ੍ਰਾਮ, ਫਾਈਬਰ-6.6 ਗ੍ਰਾਮ, ਵਿਟਾਮਿਨ ਏ-769%, ਵਿਟਾਮਿਨ ਸੀ-65%, ਮੈਂਗਨੀਜ਼-50%, ਵਿਟਾਮਿਨ ਬੀ-6 : 29%, ਪੋਟਾਸ਼ੀਅਮ-27%, ਪੈਂਟੋਥੈਨਿਕ ਏਸਿਡ-18%, ਕਾਪਰ-16%, ਅਤੇ ਨਿਆਸਿਨ-15% ਡੀਵੀ ਦੀ ਮਾਤਰਾ ਮੌਜੂਦ ਰਹਿੰਦੀ ਹੈ।

- ਨੈਸ਼ਨਲ ਆਸਟੀਓਪਰੋਸਿਸ ਫਾਊਂਡੇਸ਼ਨ ਮੁਤਾਬਿਕ ਸ਼ਕਰਕੰਦੀ ਵਿੱਚ ਮੌਜੂਦ ਕੈਲਸ਼ੀਅਮ, ਮੈਗਨੀਸ਼ੀਅਮ, ਪੋਟੈਸ਼ਿਅਮ ਹੱਡੀਆਂ ਦੇ ਰੋਗਾਂ ਲਈ ਲਾਭਦਾਈ ਹੈ।ਕਮਜ਼ੋਰ ਹੱਡੀਆਂ ਵਾਲੇ 100-200 ਗ੍ਰਾਮ ਸ਼ਕਰਕੰਦੀ ਨੂੰ ਭੁੰਨ ਕੇ ਕਾਲਾ ਨਮਕ, ਜੀਰਾ ਪਾਊਡਰ, ਨਿੰਬੂ ਨਿਚੋੜ ਕੇ ਸੇਵਨ ਕਰਨਾ ਚਾਹੀਦਾ ਹੈ। ਸ਼ਕਰਕੰਦੀ ਵਿਚ ਮੌਜੂਦ ਵਿਟਾਮਿਨ-ਏ ਸਰੀਰ ਅੰਦਰ ਹੋਣ ਵਾਲੀ ਇਨਫੈਕਸ਼ਨ ਤੋਂ ਬਚਾ ਕੇ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦਾ ਹੈ।ਸ਼ਕਰਕੰਦੀ ਅੰਦਰ ਮਿਲਣ ਵਾਲੇ ਰਸਾਇਣ ਤੱਤ ਐਥੇਨੌਲ ਅਤੇ ਐਸਪਰੀਨ ਪੇਟ ਦੇ ਜਖਮ ਠੀਕ ਕਰਨ ਵਿਚ ਮਦਦ ਕਰਦੇ ਹਨ। ਮਿੱਠੇ ਆਲੂ ਐਂਥਸਾਇਨਿਨ, ਪੋਲੀਫੇਨੌਲ 'ਤੇ ਉਚ ਰੈਡੀਕਲ ਦਿਲ ਦੇ ਰੋਗਾਂ ਵਿਚ ਫਾਇਦਾ ਕਰ ਸਕਦੀ ਹੈ।


ਮਿੱਠੇ ਆਲੂ ਵਿਚ ਮੌਜੂਦ ਕੈਰੋਟਿਨੋਇਡ ਕੋਲੋਰੈਕਟਲ ਕੈਂਸਰ ਹੋਣ ਦੀ ਸੰਭਾਵਨਾ ਨੂੰ ਘਟਾ ਸਕਦਾ ਹੈ। ਦਿਲ ਦੇ ਆਮ ਰੋਗਾਂ ਵਿਚ ਸ਼ਕਰਕੰਦੀ ਤੋਂ ਲਾਭ ਲੈ ਕੇ ਕੋਲੇਸਟ੍ਰਾਲ ਵੀ ਘਟਾ ਸਕਦੇ ਹੋ।

- ਯਾਦਾਸ਼ਤ ਤੇਜ ਕਰਨ ਤੇ ਫੋਕਸ ਲਈ 50-100 ਗ੍ਰਾਮ ਸਵੇਰੇ-ਸ਼ਾਮ ਲਗਾਤਾਰ ਇਸਤੇਮਾਲ ਕਰੋ। ਅੱਖਾਂ ਦੀ ਰੋਸ਼ਨੀ ਬਰਕਰਾਰ ਰੱਖਣ ਲਈ ਅਤੇ ਵੱਧ ਰਹੀ ਉਮਰ ਵਿਚ ਘੱਟ ਰਹੀ ਨਜਰ ਦਰੁਸਤ ਰੱਖਣ ਲਈ ਸ਼ਕਰਕੰਦੀ ਭੁੰਨ ਕੇ ਮੈਸ਼ ਕਰਕੇ ਅੱਧਾ ਚਮਚ ਸ਼ਹਿਦ ਮਿਲਾ ਕੇ ਖਾਓ।
- ਸ਼ਕਰਕੰਦੀ ਵਿੱਚ ਮੌਜੂਦ ਬੀਟਾ-ਕੈਰੋਟਿਨ ਸਾਹ ਦੇ ਰੋਗ ਦਮਾ ਤੋਂ ਬਚਾਅ ਕਰਦੇ ਹਨ। ਸਾਹ ਦੇ ਰੋਗੀ ਭੁੰਨੀ ਸ਼ਕਰਕੰਦੀ ਮੈਸ਼ ਕਰਕੇ ਅਦਰਕ ਰੱਸ, ਚੁਟਕੀ ਭਰ ਕਾਲੀ ਮਿਰਚ ਪਾਊਡਰ ਮਿਲਾ ਕੇ ਵਰਤੋਂ ਕਰੋ।
- ਸਰੀਰ ਨੂੰ ਮਿੱਠੇ ਆਲੂ ਤੋਂ ਵਿਟਾਮਿਨ-ਈ ਨਾਲ ਐਲੋਪਸੀਆ ਦੀ ਰੋਕਥਾਮ, ਚਮੜੀ ਦੇ ਰੋਗ, ਸਿਰ ਦੇ ਕਮਜੋਰ ਵਾਲਾਂ ਅਤੇ ਜਵਾਨੀ ਬਰਕਰਾਰ ਰੱਖਣ ਵਿਚ ਠੰਢੇ ਮੌਸਮ ਦੌਰਾਨ ਬੱਚੇ, ਨੌਜਵਾਨ, ਮੱਧ, ਉਮਰ ਵਾਲੇ 'ਤੇ ਸਨੀਆਰਜ਼ ਫਾਇਦਾ ਲੈ ਸਕਦੇ ਹਨ।
- ਸ਼ਰੀਰ ਅੰਦਰ ਖੂਨ ਦੀ ਕਮੀ ਕਾਰਣ ਆਦਮੀ ਥਕਾਵਕਟ ਮਹਿਸੂਸ ਕਰਦਾ ਹੈ। ਸ਼ਕਰਕੰਦੀ ਵਿਚ ਮੌਜੂਦ ਲੋਹ ਤੱਤ ਖੂਨ ਦੇ ਸੈਲ ਪੈਦਾ ਕਰਨ ਵਿੱਚ ਮਦਦ ਕਰਦੇ ਹਨ। ਠੰਡੇ ਮੌਸਮ ਵਿੱਚ ਖੂਨ ਦੀ ਕਮੀ ਦੇ ਸ਼ਿਕਾਰ ਸ਼ਕਰਕੰਦੀ ਨੂੰ ਆਪਣੀ ਖੁਰਾਕ ਕਰਨਾ ਚਾਹੀਦਾ ਹੈ।
- ਕਮਜੋਰ ਹਾਜਮੇ ਵਾਲੇ ਸ਼ਕਰਕੰਦੀ ਨੂੰ ਚੰਗੀ ਤਰਾਂ ਭੁਨ ਕੇ ਮੈਸ਼ ਕਰਨ ਤੋਂ ਬਾਅਦ ਪਿੰਕ ਸਾਲਟ, ਕਾਲੀ ਮਿਰਚ, ਛੋਟੀ ਇਲਾਚੀ ਦਾ ਪਾਊਡਰ ਬਰੂਰ ਕੇ ਇਸਤੇਮਾਲ ਕਰ ਸਕਦੇ ਹਨ।

ਨੋਟ : ਸ਼ਕਰਕੰਦੀ ਵਿਚ ਮੌਜੂਦ ਵਾਧੂ ਕਾਰਬੋਹਾਈਡ੍ਰੇਟ ਸਰੀਰ ਅੰਦਰ ਡਾਇਬਟੀਜ਼ ਦਿਲ, ਗੁਰਦੇ ਦੇ ਰੋਗ, ਮੋਟਾਪੇ ਦੀ ਸੰਭਾਵਨਾ ਹੋਣ ਕਰਕੇ ਗਰਭਵਤੀ ਔਰਤਾਂ ਨੂੰ ਵੀ ਸ਼ਕਰਕੰਦੀ ਦਾ ਸੇਵਨ ਆਪਣੇ ਡਾਕਟਰ ਦੀ ਸਲਾਹ ਕਰਨਾ ਚਾਹੀਦਾ ਹੈ।

# ਜ਼ਿੰਦਗੀ ਦੀ ਜੰਗ ਲੜ ਰਹੇ
# ਸ਼ਰਨਾਰਥੀ ਅਤੇ ਪ੍ਰਵਾਸੀ

ਲਿਖਤ : ਗੁਰਮੀਤ ਸਿੰਘ ਪਲਾਹੀ



ਦੁਨੀਆ ਭਰ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਘਰੋਂ ਬੇਘਰ ਹੋਣ ਕਾਰਨ ਸ਼ਰਨਾਰਥੀਆਂ ਨੂੰ ਅੰਤਾਂ ਦੇ ਦੁੱਖ ਝੱਲਣੇ ਪੈਂਦੇ ਹਨ। ਪ੍ਰਵਾਸੀਆਂ, ਸ਼ਰਨਾਰਥੀਆਂ ਦੀਆਂ ਭਾਰੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕੀਤਾ ਹੋਇਆ ਹੈ।ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰਨ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਵਿਸ਼ਵ ਪੱਧਰੀ ਜੰਗਾਂ, ਅੰਦਰੂਨੀ ਟਕਰਾਅ, ਸੋਕਾ, ਹੜ੍ਹ, ਅਸੁਰੱਖਿਆ, ਗਰੀਬੀ, ਜ਼ਬਰਨ ਘਰੋਂ ਬੇਘਰ ਕੀਤੇ ਜਾਣਾ ਸ਼ਰਨਾਰਥ ਅਤੇ ਪ੍ਰਵਾਸ ਦੀਆਂ ਜੜ੍ਹਾਂ ਹਨ। ਇਸ ਸਮੇਂ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਗੰਭੀਰ ਟਕਰਾ ਚੱਲ ਰਹੇ ਹਨ। ਵੱਡੀ ਗਿਣਤੀ ਵਿੱਚ ਮਾਸੂਮ, ਬੇਦੋਸ਼ੇ ਮਰ ਰਹੇ ਹਨ। ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਇਸਦੀ ਕੀਮਤ ਚੁਕਾਉਣੀ ਪੈ ਰਹੀ ਹੈ। ਇੱਕ ਰਿਪੋਰਟ ਅਨੁਸਾਰ ਸਾਲ 2021 ਦੇ ਆਖਰੀ ਅੰਕੜਿਆਂ ਦੇ ਮੁਕਾਬਲੇ 2022 ਵਿੱਚ ਸ਼ਰਨਾਰਥੀਆਂ ਦੀ ਗਿਣਤੀ 1.9 ਕਰੋੜ ਤੋਂ ਜ਼ਿਆਦਾ ਹੋ ਗਈ। ਦੁਨੀਆ ਭਰ ਵਿੱਚ ਘਰੋਂ ਬੇਘਰ ਹੋਏ ਕੁੱਲ 10.84 ਕਰੋੜ ਲੋਕਾਂ ਵਿੱਚੋਂ 3.53 ਕਰੋੜ ਸ਼ਰਨਾਰਥੀ ਹਨ, ਜੋ ਜੀਵਨ ਸੁਰੱਖਿਆ ਲਈ ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰ ਗਏ। ਪਿਛਲੇ ਸਾਲ 2022 ਵਿੱਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਯੂਕਰੇਨ ਦੀ ਲੜਾਈ ਰਹੀ। ਹੁਣ ਫਲਸਤੀਨ ਅਤੇ ਇਜ਼ਰਾਇਲ ਕਾਰਨ ਹਜ਼ਾਰਾਂ ਲੋਕ ਤਬਾਹ ਹੋ ਰਹੇ ਹਨ, ਘਰ ਛੱਡ ਰਹੇ ਹਨ, ਪੀੜਤ ਹੋ ਰਹੇ ਹਨ ਅਤੇ ਵੱਡਾ ਦਰਦ ਹੰਢਾ ਰਹੇ ਹਨ। ਸਾਲ 2022 ਦੇ ਅਖੀਰ ਤਕ 1.6 ਕਰੋੜ ਯੂਕਰੇਨੀਆ ਦੇ ਨਾਗਰਿਕ ਆਪਣੇ ਘਰ ਛੱਡ ਕੇ ਹੋਰ ਥਾਵਾਂ ’ਤੇ ਪਨਾਹ ਲੈਣੀ ਪਈ। ਇਹਨਾਂ ਵਿੱਚ 59 ਲੱਖ ਆਪਣੇ ਦੇਸ਼ ਅੰਦਰ ਅਤੇ 57 ਲੱਖ ਗੁਆਂਢੀ ਦੇਸ਼ਾਂ ਵੱਲ ਤੁਰ ਗਏ। ਡੈਮੋਕਰੈਟਿਕ ਰੀਪਬਲਿਕ ਆਫ ਕਾਂਗੋ, ਇਥੋਪੀਆ ਅਤੇ ਮੀਆਂਮਾਰ ਵਿੱਚੋਂ 10 ਲੱਖ ਤੋਂ ਵੱਧ ਲੋਕ, ਦੇਸ਼ ਦੇ ਅੰਦਰੂਨੀ ਟਕਰਾਵਾਂ ਕਾਰਨ ਘਰੋਂ ਬੇਘਰ ਹੋਏ। ਸੁਡਾਨ ਦੇ 11 ਕਰੋੜ ਲੋਕਾਂ ਨੂੰ ਘਰ ਛੱਡਣੇ ਪਏ।

ਜੰਗ ਤੋਂ ਬਿਨਾਂ ਕੁਦਰਤੀ ਆਫਤਾਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਹਨ, ਉਹਨਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ ਉਹਨਾਂ ਦੇ ਘਰ ਤਬਾਹ ਕਰਦੀਆਂ ਹਨ, ਉਹਨਾਂ ਨੂੰ ਘਰ ਛੱਡਣੇ ਨੂੰ ਮਜਬੂਰ ਕਰਦੀਆਂ ਹਨ। ਕੁਦਰਤੀ ਆਫਤਾਂ ਕਾਰਨ ਬੇਘਰ ਹੋਣ ਵਾਲਿਆਂ ਦੀ ਗਿਣਤੀ 3.26 ਕਰੋੜ ਰਹੀ ਅਤੇ ਸਾਲ ਦੇ ਅੰਤ ਤਕ ਪੱਕੇ ਤੌਰ ’ਤੇ ਲਗਭਗ 87 ਲੱਖ ਲੋਕਾਂ ਦੇ ਘਰ ਤਬਾਹ ਹੋ ਗਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ 90 ਫੀਸਦੀ ਆਬਾਦੀ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲੋਕਾਂ ਦੀ ਹੈ। ਇਹਨਾਂ ਲੋਕਾਂ ਦੀ ਬਾਂਹ ਵੀ ਗਰੀਬ ਦੇਸ਼ਾਂ ਨੇ ਹੀ ਫੜੀ। ਲਗਭਗ 76 ਫੀਸਦੀ ਸ਼ਰਨਾਰਥੀਆਂ ਨੇ ਇਹਨਾਂ ਦੇਸ਼ਾਂ ਵਿੱਚ ਹੀ ਸ਼ਰਨ ਲਈ। ਪਰ ਇਹਨਾਂ ਦੇਸ਼ਾਂ ਵਿੱਚ ਰਹਿ ਕੇ ਉਹਨਾਂ ਨੂੰ ਨਾ ਸਿਹਤ ਸਹੂਲਤਾਂ ਮਿਲੀਆਂ, ਨਾ ਹੀ ਉਹਨਾਂ ਦੀ ਸਿੱਖਿਆ ਦਾ ਕੋਈ ਪ੍ਰਬੰਧ ਹੋਇਆ, ਨਾ ਰੁਜ਼ਗਾਰ ਮਿਲਿਆ ਅਤੇ ਇਹ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਅਤਿ ਤਰਸਯੋਗ ਹਾਲਾਤ ਵਿੱਚ ਰਹਿਣ ਲਈ ਮਜਬੂਰ ਹੋ ਗਏ। ਅਮੀਰ ਦੇਸ਼ਾਂ ਨੇ ਇਹਨਾਂ ਸ਼ਰਨਾਰਥੀਆਂ ਦੀ ਬਾਂਹ ਨਹੀਂ ਫੜੀ। ਇੱਥੇ ਕਿਸੇ ਨਾ ਕਿਸੇ ਕਾਰਨ ਪ੍ਰਵਾਸ ਹੰਢਾਉਣ ਲਈ ਸਰਹੱਦਾਂ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਤ ਦੇ ਮੂੰਹ ਵਿੱਚ ਜਾਣਾ ਪਿਆ। ਉਹ ਏਜੰਟਾਂ ਦੇ ਹੱਥੀਂ ਚੜ੍ਹੇ ਜਾਂ ਨਿੱਜੀ ਕੋਸ਼ਿਸ਼ਾਂ ਨਾਲ ਸਰਹੱਦਾਂ ਪਾਰ ਕਰਦੇ ਆਪਣੀ ਜਾਨ ਜੋਖ਼ਮ ਵਿੱਚ ਪਾਉਂਦੇ ਰਹੇ। ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ (ਆਈ.ਓ.ਐੱਮ) ਦੇ ਇੱਕ ਅੰਦਾਜ਼ੇ ਮੁਤਾਬਕ ਸਾਲ 2014 ਤੋਂ ਬਾਅਦ ਅਮਰੀਕਾ ਅਤੇ ਯੂਰਪ ਸੰਘ ਦੇ ਦੇਸ਼ਾਂ ਵਿੱਚ ਪਹੁੰਚਣ ਦੇ ਚਾਹਵਾਨ 50 ਹਜ਼ਾਰ ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਜੰਗਲਾਂ, ਸਮੁੰਦਰਾਂ ਵਿੱਚ ਲਾਪਤਾ ਹੋ ਚੁੱਕੇ ਹਨ।

ਅਮਰੀਕਾ ਮੈਕਸੀਕੋ ਸਰਹੱਦ ’ਤੇ ਮਨੁੱਖੀ ਤਸਕਰ ਸਰਹੱਦ ਪਾਰ ਕਰਾਉਂਦੇ ਹਨ ਅਤੇ ਇੰਜ ਕਰਦਿਆਂ ਕਰਾਉਂਦਿਆਂ 3000 ਤੋਂ ਵੱਧ ਸ਼ਰਨਾਰਥੀ ਜਾਂ ਮੈਕਸੀਕੋ ਸਰਹੱਦਾਂ ’ਤੇ ਜਾਂ ਮੈਕਸੀਕੋ ਦੇ ਜੰਗਲਾਂ ਵਿੱਚ ਮਾਰੇ ਜਾ ਚੁੱਕੇ ਹਨ। ਭਾਰਤ ਵਿੱਚ ਘਰੋਂ ਬੇਘਰੇ ਹੋਣ ਦਾ ਮੁੱਖ ਕਾਰਨ ਵਿਕਾਸ ਦੀਆਂ ਪ੍ਰਯੋਜਨਾਵਾਂ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਡੇ-ਵੱਡੇ ਹਾਈਵੇਅ, ਦਰਿਆ ਉੱਤੇ ਬੰਨ੍ਹ, ਬਿਜਲੀ ਪੈਦਾ ਕਰਨ ਲਈ ਡੈਮ ਆਦਿ ਉਸਾਰੀ ’ਤੇ ਜ਼ੋਰ ਦਿੰਦੀਆਂ ਹਨ। ਖਣਣ ਦੀਆਂ ਯੋਜਨਾਵਾਂ ਵੀ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਕਰਦੀਆਂ ਹਨ। ਇਹਨਾਂ ਯੋਜਨਾਵਾਂ ਦੇ ਚੱਲਦਿਆਂ ਦੇਸ਼ ਭਰ ਦੇ ਕੁੱਲ ਪੇਂਡੂ ਖੇਤਰਾਂ ਦੇ 10 ਫੀਸਦੀ ਲੋਕ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਦੀਆਂ ਜ਼ਮੀਨਾਂ, ਘਰ ਇਹਨਾਂ ਪ੍ਰਯੋਜਨਾਵਾਂ ਦੀ ਭੇਂਟ ਚੜ੍ਹ ਰਹੀਆਂ ਹਨ। ਵੱਡੀ ਗਿਣਤੀ ਦੇਸ਼ ਦੇ ਜਨਜਾਤੀ ਕਬੀਲਿਆਂ ਨੂੰ ਆਪਣੇ ਮੂਲ ਥਾਵਾਂ ਤੋਂ ਪਲਾਇਨ ਕਰਨਾ ਪਿਆ ਹੈ। ਇਸ ਨਾਲ ਵਾਤਾਵਰਣ ਦਾ ਬੇਤਿਹਾਸ਼ਾ ਵਿਨਾਸ਼ ਹੋ ਰਿਹਾ ਹੈ। ਆਦਿਵਾਸੀਆਂ ਦਾ ਜੀਵਨ ਅਤੇ ਉਪਜੀਵਕਾ ਜੰਗਲ ਦੀ ਸੰਸਕ੍ਰਿਤੀ ’ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਜੰਗਲਾਂ, ਕਬੀਲਿਆਂ ਦੀ ਸੁਰੱਖਿਆ ਦਾ ਕਾਨੂੰਨ “ਓਪਨ ਨਿਵੇਸ਼ ਭੂਮੀ ਅਧਿਗ੍ਰਹਿਣ ਅਧਿਨਿਯਮ 1894” ਦਾ ਕਾਨੂੰਨ ਬਣਿਆ ਹੈ ਪਰ ਉਹ ਵੀ ਵਿਕਾਸ ਦੀ ਅੰਧਾਂ ਧੁੰਦ ਦੌੜ ਦੀ ਭੇਂਟ ਚੜ੍ਹ ਚੁੱਕਾ ਹੈ। ਦਲਿਤ, ਪਛੜੇ ਅਤੇ ਆਦਿ ਵਾਸੀਆਂ ਦੇ ਆਪਣੇ ਮੂਲ ਰਿਵਾਇਤੀ ਢਿੱਡ ਭਰਨ ਦੇ ਢੰਗ ਤਰੀਕੇ ਇਹਨਾਂ ਪ੍ਰਯੋਜਨਾਵਾਂ ਨੇ ਖ਼ਤਮ ਕਰ ਦਿੱਤੇ ਹਨ ਅਤੇ ਇਹਨਾਂ ਜਨਜਾਤੀ ਦੇ ਲੋਕਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਗਈ ਹੈ।ਭਾਰਤ ਵਿੱਚ ਕਈ ਥਾਵਾਂ ਉੱਤੇ ਆਪਸੀ ਸੰਗਰਸ਼ ਅਤੇ ਹਿੰਸਾ ਨਾਲ ਭਗਦੜ ਮਚੀ ਹੈ। ਸੂਬਾ ਮਨੀਪੁਰ ਇਸਦੀ ਉਦਾਹਰਣ ਹੈ। ਕੁਝ ਲੋਕ ਗਰੀਬੀ ਤੋਂ ਤੰਗ ਆ ਕੇ ਬਿਹਤਰ ਜ਼ਿੰਦਗੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਘਰ ਛੱਡਦੇ ਹਨ। ਵੱਡੀ ਸਮੱਸਿਆ ਇਹ ਹੈ ਕਿ ਬੇਰੁਜ਼ਗਾਰੀ ਤੋਂ ਪੀੜਤ ਲੋਕ ਕੰਮ ਕਾਜ ਦੀ ਤਲਾਸ਼ ਵਿੱਚ ਦੂਜੇ ਸੂਬਿਆਂ ਵੱਲ ਪਲਾਇਨ ਕਰਦੇ ਹਨ। ਬਿਹਾਰ, ਯੂ.ਪੀ. ਆਦਿ ਰਾਜਾਂ ਦੇ ਪ੍ਰਵਾਸੀ ਪੰਜਾਬ, ਹਰਿਆਣਾ, ਦਿੱਲੀ, ਮਹਾਰਾਸ਼ਟਰ ਆਦਿ ਸੂਬਿਆਂ ਵੱਲ ਕੰਮ ਦੀ ਤਲਾਸ਼ ਵਿੱਚ ਜਾਂਦੇ ਹਨ ਅਤੇ ਉੱਥੋਂ ਦੇ ਬਾਸ਼ਿੰਦੇ ਬਣ ਰਹੇ ਹਨ। ਇਸ ਨਾਲ ਉੱਥੋਂ ਦੇ ਸਮਾਜ ਉੱਤੇ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਭਾਵ ਪਿਆ ਹੈ। ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਪ੍ਰਵਾਸ ਦੇ ਰਾਹ ਪਏ ਹਨ। ਜ਼ਮੀਨਾਂ, ਜਾਇਦਾਦਾਂ ਵੇਚਕੇ ਕੈਨੇਡਾ, ਅਮਰੀਕਾ, ਅਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ ਆਦਿ ਦੇਸ਼ਾਂ ਵਿੱਚ ਪੱਕੇ ਬਾਸ਼ਿੰਦੇ ਬਣ ਗਏ ਹਨ ਅਤੇ ਵੱਡੀ ਗਿਣਤੀ ਅਰਬ ਦੇਸ਼ਾਂ ਵੱਲ ਗਏ ਹਨ ਜਾਂ ਜਾ ਰਹੇ ਹਨ।ਰੀਫੀਊਜ਼ੀ ਜਾਂ ਸ਼ਰਨਾਰਥੀ ਸ਼ਬਦ ਲਚਾਰੀ ਦਾ ਦੂਜਾ ਨਾਂਅ ਹੈ। ਭਾਰਤ ਵਿੱਚ ਸ਼ਰਨਾਰਥੀਆਂ ਦਾ ਇਤਿਹਾਸ ਪੁਰਾਣਾ ਹੈ ਅਤੇ ਭਾਰਤ ਵਿੱਚ ਵਸੇ ਕਾਨੂੰਨੀ, ਗੈਰ-ਕਾਨੂੰਨੀ ਸ਼ਰਨਾਰਥੀਆਂ ਦੀ ਜਨਸੰਖਿਆ ਕਈ ਵਿਕਸਿਤ ਦੇਸ਼ਾਂ ਦੀ ਜਨਸੰਖਿਆ ਤੋਂ ਵੀ ਵੱਧ ਹੈ। ਭਾਰਤ ਦੀ ਵੰਡ ਵੇਲੇ ਪਾਕਿਸਤਾਨੋਂ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਹ ਇਸ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਹਿੰਸਾ ਦੌਰਾਨ ਬੇਵੱਸ ਲੋਕ ਮਾਰੇ ਗਏ। ਔਰਤਾਂ ਉਧਾਲੀਆਂ ਗਈਆਂ। ਲੋਕ ਆਪਣੇ ਰੁਜ਼ਗਾਰ, ਜ਼ਮੀਨਾਂ, ਘਰ ਗੁਆ ਬੈਠੇ। ਇਹੋ ਹਾਲਾਤ ਭਾਰਤ ਤੋਂ ਪਰਵਾਸ ਹੰਢਾਉਣ ਵਾਲੇ ਲੋਕਾਂ ਦੇ ਹਨ। ਜਦੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਮਜਬੂਰ ਜਾਂ ਆਪਣੇ ਚੰਗੇ ਭਵਿੱਖ ਲਈ ਆਪਣੀ ਮਰਜ਼ੀ ਨਾਲ ਜਾ ਰਹੇ ਹਨ, ਪਰ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਉਹਨਾਂ ਨੂੰ ਹਾਲਾਤ ਤੋਂ ਮਜਬੂਰ ਹੋ ਕੇ ਆਪਣਾ ਘਰ, ਆਪਣਾ ਦੇਸ਼, ਆਪਣੀ ਬੋਲੀ, ਆਪਣਾ ਸੱਭਿਆਚਾਰ ਤਕ ਤਿਆਗਣਾ ਪੈਂਦਾ ਹੈ। ਹਰ ਸਾਲ 25 ਲੱਖ ਭਾਰਤੀ ਆਪਣਾ ਦੇਸ਼ ਛੱਡ ਕੇ ਪ੍ਰਦੇਸ਼ਾਂ ਵਿੱਚ ਵਸ ਰਹੇ ਹਨ। ਇਹ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ।ਅਸਲ ਵਿੱਚ ਸ਼ਰਨਾਰਥੀ ਅਤੇ ਪ੍ਰਵਾਸੀ ਜ਼ਿੰਦਗੀ ਦੀ ਜੰਗ ਲੜਦੇ ਹਨ। ਇਹ ਜੰਗ ਉਜਾੜੇ ਤੋਂ ਬਾਅਦ ਮੁੜ ਸਥਾਪਿਤ ਹੋਣ ਦੀ ਹੈ। ਇਸ ਜੰਗ ਵਿੱਚ ਵੱਡੀਆਂ ਔਕੜਾਂ, ਦੁਸ਼ਵਾਰੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਥਾਵਾਂ ਉੱਤੇ ਮਜਬੂਰਨ ਜਾਣਾ ਪੈਂਦਾ ਹੈ, ਜਿੱਥੇ ਉਹਨਾਂ ਦਾ ਆਪਣਾ ਘਰ ਨਹੀਂ, ਆਪਣੀ ਬੋਲੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਜਿੱਥੇ ਉਹਨਾਂ ਲਈ ਕੁਝ ਵੀ ਪਰੋਸ ਕੇ ਨਹੀਂ ਰੱਖਿਆ ਹੁੰਦਾ, ਸਭ ਕੁਝ ਦੀ ਪ੍ਰਾਪਤੀ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਸਧਾਰਨ ਰੋਟੀ ਤੋਂ ਲੈ ਕੇ ਚੰਗੇ ਭਵਿੱਖ ਲਈ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਤਕ, ਇਸ ਸਮੇਂ ਦੌਰਾਨ ਉਸ ਦੇ ਸੁਪਨੇ ਨਿੱਤ ਟੁੱਟਦੇ ਹਨ। ਕਈ ਹਾਲਾਤ ਵਿੱਚ ਉਹ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ। ਇਸ ਤੋਂ ਵੱਡਾ ਮਨੁੱਖੀ ਜ਼ਿੰਦਗੀ ਦਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ? ਸ਼ਰਨਾਰਥ ਅਤੇ ਪ੍ਰਵਾਸ ਨੂੰ ਰੋਕਣ ਦੇ ਸਾਰੇ ਉਪਾਅ ਅੰਤਰਰਾਸ਼ਟਰੀ ਪੱਧਰ ’ਤੇ ਫੇਲ ਹੋ ਰਹੇ ਹਨ। ਨਾ ਜੰਗਾਂ ਰੁਕ ਰਹੀਆਂ, ਨਾ ਹਿੰਸਾ ਰੁਕ ਰਹੀ, ਨਾ ਜੰਗਲਾਂ ਦਾ ਉਜਾੜਾ ਰੁਕ ਰਿਹਾ ਅਤੇ ਨਾ ਹੀ ਅੰਨ੍ਹੇਵਾਹ ਹੁੰਦੀਆਂ ਬੇਲੋੜੀਆਂ ਵਿਕਾਸ ਯੋਜਨਾਵਾਂ ਨੂੰ ਨੱਥ ਪਾਈ ਜਾ ਰਹੀ ਹੈ।ਬੇਰੁਜ਼ਗਾਰੀ ਦਾ ਦੈਂਤ ਸਾਂਭਿਆ ਹੀ ਨਹੀਂ ਜਾ ਰਿਹਾ ਹੈ। ਉਹ ਸਾਰੇ ਕਾਰਕ ਜਿਹੜੇ ਸ਼ਰਨਾਰਥ ਅਤੇ ਪ੍ਰਵਾਸ ਵਿੱਚ ਵਾਧਾ ਕਰ ਰਹੇ ਹਨ, ਉਹਨਾਂ ਨੂੰ ਰੋਕਣ ਲਈ ਨਾ ਯੂ.ਐੱਨ.ਓ. ਅਤੇ ਨਾ ਹੀ ਕੋਈ ਹੋਰ ਸੰਸਥਾਵਾਂ ਸਫਲ ਹੋ ਰਹੀਆਂ ਹਨ।ਹਾਂ, ਆਪੋ-ਆਪਣੇ ਦੇਸ਼ਾਂ ਵਿੱਚ ਪ੍ਰਵਾਸ ਅਤੇ ਸ਼ਰਨਾਰਥੀਆਂ ਦੀ ਸੰਖਿਆ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਜ਼ਰੂਰ ਇਹ ਦੇਸ਼ ਯਤਨ ਕਰ ਰਹੇ ਹਨ। ਜਰਮਨ ਅਤੇ ਯੂਰਪ ਦੇਸ਼ਾਂ ਦੀਆਂ ਸਰਹੱਦਾਂ ’ਤੇ 2 ਲੱਖ ਤੋਂ ਵੱਧ ਸ਼ਰਨਾਰਥੀ ਪ੍ਰਵਾਸੀ ਬੈਠੇ ਹਨ, ਜੋ ਹਰ ਹੀਲਾ ਵਸੀਲਾ ਵਰਤ ਕੇ ਸਰਹੱਦਾਂ ਪਾਰ ਕਰਦੇ ਹਨ।ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਂਝੇ ਯਤਨ ਨਾਲ ਸੰਭਵ ਹੈ। ਅੰਤਰਰਾਸ਼ਟਰੀ ਸ਼ਰਨਾਰਥੀ ਕਾਨੂੰਨ, ਮਨੁੱਖ ਅਧਿਕਾਰ ਸੁਰੱਖਿਆ ਕਾਨੂੰਨ, ਸ਼ਰਨਾਰਥ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਹੋ ਸਕਦੇ ਹਨ।

---

# ਮੁਸ਼ਕਲਾਂ ਨਾਲ
## ਲੜਨਾ ਸਿੱਖੀਏ

ਲਿਖਤ : ਬਰਜਿੰਦਰ ਕੌਰ ਬਿਸਰਾਓ

ਵਿਗਿਆਨ ਨੇ ਐਨੀ ਤਰੱਕੀ ਕਰ ਲਈ ਹੈ ਕਿ ਪੁਰਾਣੇ ਜ਼ਮਾਨੇ ਦੇ ਮੁਕਾਬਲੇ ਅੱਜ ਦੇ ਇੱਕ ਆਮ ਜਿਹੇ ਸ਼ਖਸ ਦੀ ਜ਼ਿੰਦਗੀ ਵੀ ਸੁਖ ਸਹੂਲਤਾਂ ਭਰਪੂਰ ਬਹੁਤ ਖ਼ਾਸ ਜਿਹੀ ਬਣ ਗਈ ਹੈ। ਵਿਗਿਆਨ ਦੀਆਂ ਨਿੱਤ ਨਵੀਆਂ ਕਾਢਾਂ ਨੇ ਸਾਡੀ ਜ਼ਿੰਦਗੀ ਵਿੱਚ ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਵੇਲੇ ਤਕ, ਖਾਣ-ਪੀਣ, ਰਹਿਣ-ਸਹਿਣ, ਜਾਣ-ਆਉਣ, ਕੰਮਾਂ ਕਾਰਾਂ ਭਾਵ ਮਨੁੱਖ ਦਾ ਹਰ ਪਲ ਅਤੇ ਹਰ ਕੰਮ ਸੁਖ ਸੁਵਿਧਾਵਾਂ ਨਾਲ ਭਰਪੂਰ ਬਣਾ ਦਿੱਤਾ ਹੈ। ਤੇਜ਼ੀ ਨਾਲ ਹੋ ਰਹੇ ਬਦਲਾਅ ਦੇ ਕਾਰਨ ਮਨੁੱਖ ਐਨਾ ਐਸ਼ ਪ੍ਰਸਤ ਹੋ ਗਿਆ ਹੈ ਕਿ ਉਸ ਨੂੰ ਥੋੜ੍ਹਾ ਜਿਹਾ ਵੀ ਸੰਘਰਸ਼ ਕਰਨਾ ਔਖਾ ਲਗਦਾ ਹੈ। ਅੱਜ ਦੇ ਮਨੁੱਖ ਕੋਲ ਚਾਹੇ ਹਰ ਸੁਖ ਸੁਵਿਧਾ ਮੌਜੂਦ ਹੈ ਤੇ ਉਸ ਦੀ ਜ਼ਿੰਦਗੀ ਪਦਾਰਥਕ ਤੌਰ ’ਤੇ ਭਰਪੂਰ ਹੈ ਪਰ ਫਿਰ ਵੀ ਉਹ ਅਸੰਤੁਸ਼ਟ ਤੇ ਖ਼ਾਲੀ ਖ਼ਾਲੀ ਨਜ਼ਰ ਆਉਂਦਾ ਹੈ। ਉਹ ਚਿੰਤਾਵਾਂ ਵਿੱਚ ਘਿਰਿਆ ਹੋਇਆ ਦਿਸਦਾ ਹੈ। ਉਸ ਦੇ ਚਿਹਰੇ ’ਤੇ ਅੰਦਰੋਂ ਉੱਠ ਰਹੀਆਂ ਪ੍ਰੇਸ਼ਾਨੀਆਂ ਦੀਆਂ ਲਕੀਰਾਂ ਉੱਕਰੀਆਂ ਨਜ਼ਰ ਆਉਂਦੀਆਂ ਹਨ। ਸਭ ਕੁਝ ਹੁੰਦਿਆਂ ਵੀ ਉਹ ਅਸੰਤੁਸ਼ਟ ਤੇ ਭਟਕਦਾ ਹੋਇਆ ਦਿਸਦਾ ਹੈ। ਅੱਜ ਦੇ ਮਨੁੱਖ ਨੂੰ ਮੁਸ਼ਕਲਾਂ ਨਾਲ ਦੋ ਚਾਰ ਹੱਥ ਕਰਨਾ ਨਹੀਂ ਆਉਂਦਾ ਜਿਸਦੇ ਕਾਰਨ ਉਹ ਮਾਨਸਿਕ ਤੌਰ ’ਤੇ ਬਿਮਾਰ ਦਿਸਦਾ ਹੈ। ਦਰ ਅਸਲ ਜ਼ਮਾਨੇ ਨੇ ਸੱਚਮੁੱਚ ਹੀ ਕਰਵਟ ਲਈ ਹੈ। ਜਿੱਥੇ ਅਸੀਂ ਬਹੁਤ ਕੁਝ ਨਵਾਂ ਪ੍ਰਾਪਤ ਕੀਤਾ ਹੈ, ਪਦਾਰਥਕ ਤੌਰ ’ਤੇ ਅਸੀਂ ਬਹੁਤ ਕੁਝ ਇਕੱਠਾ ਕਰਕੇ ਆਪਣੇ ਘਰ ਭਰ ਲਏ ਹਨ, ਉੱਥੇ ਹੀ ਅਸੀਂ ਆਪਣਾ ਅਮੀਰ ਵਿਰਸਾ ਅਤੇ ਉਸ ਤੋਂ ਸਹਿਜ ਸੁਭਾਅ ਹੀ ਪ੍ਰਾਪਤ ਕੀਤੀਆਂ ਸਿੱਖਿਆਵਾਂ ਗਵਾ ਕੇ ਅੰਦਰੋਂ ਖੋਖਲੇ ਅਤੇ ਖ਼ਾਲੀ ਹੋ ਗਏ ਹਾਂ। ਪੁਰਾਣੇ ਜ਼ਮਾਨੇ ਵਿੱਚ ਬੱਚਾ ਬਚਪਨ ਦੀਆਂ ਛੋਟੀਆਂ ਛੋਟੀਆਂ ਖੇਡਾਂ ਰਾਹੀਂ ਹੀ ਆਪਸੀ ਏਕਤਾ, ਲੜਨਾ ਝਗੜਨਾ, ਰੁੱਸਣਾ ਤੇ ਮਨਾਉਣਾ ਸਿੱਖ ਜਾਂਦਾ ਸੀ। ਬਚਪਨ ਵਿੱਚ ਹੀ ਉਹ ਮਾਪਿਆਂ, ਅਧਿਆਪਕਾਂ ਦੀ ਡਾਂਟ, ਫਿਟਕਾਰ, ਕੁੱਟ ਖਾ ਖਾ ਕੇ ਸਹੀ ਰਸਤਿਆਂ ਨੂੰ ਚੁਣਨਾ ਸਿੱਖ ਜਾਂਦਾ ਸੀ ਤੇ ਵੱਡਿਆਂ ਪ੍ਰਤੀ ਆਦਰ ਭਾਵ, ਸਹਿਣਸ਼ੀਲਤਾ ਵਰਗੇ ਗੁਣਾਂ ਦਾ ਧਾਰਨੀ ਬਣ ਜਾਂਦਾ ਸੀ ਜੋ ਉਸ ਦੀ ਜ਼ਿੰਦਗੀ ਦੀ ਮਜ਼ਬੂਤ ਨੀਂਹ ਦੀ ਉਸਾਰੀ ਦਾ ਕੰਮ ਕਰਦਾ ਸੀ। ਇਹ ਨੀਂਹ ਐਨੀ ਮਜ਼ਬੂਤ ਹੁੰਦੀ ਸੀ ਕਿ ਵੱਡੇ ਹੋ ਕੇ ਹਰ ਤਰ੍ਹਾਂ ਦੇ ਸੰਘਰਸ਼ ਨਾਲ ਦੋ ਹੱਥ ਕਰਨ ਲਈ ਪੂਰੀ ਤਰ੍ਹਾਂ ਤਿਆਰ ਰਹਿੰਦਾ ਸੀ।

ਜਿੰਨੇ ਵੱਡੇ ਪਰਿਵਾਰ ਵਿੱਚੋਂ ਗੁਜ਼ਰ ਕੇ ਵਿਅਕਤੀ ਦੁਨੀਆਂ ਵਿੱਚ ਵਿਚਰਦਾ ਸੀ ਓਨਾ ਹੀ ਸਿਆਣਾ ਅਤੇ ਵਿਸ਼ਾਲ ਹਿਰਦੇ ਦਾ ਧਾਰਨੀ ਹੁੰਦਾ ਸੀ। ਵਕਤ ਦੇ ਨਾਲ ਇਕਹਿਰੇ ਪਰਿਵਾਰਾਂ ਦੀ ਹੋਂਦ ਨੇ ਮਨੁੱਖ ਦੇ ਅੰਦਰ ਵੀ ਇਕਹਿਰੀ ਜਿਹੀ ਸੋਚ ਪੈਦਾ ਕਰਕੇ ਆਪਸੀ ਮਿਲਵਰਤਨ, ਭਾਈਚਾਰੇ ਦੀਆਂ ਸਾਂਝਾਂ ਤੋਂ ਮੁਕਤ ਕਰਕੇ ਸਿਰਫ਼ ਨਿੱਜਤਾ ਤਕ ਸੀਮਤ ਕਰਕੇ ਰੱਖ ਦਿੱਤਾ। ਨਿੱਜਤਾ ਨੇ ਮਨੁੱਖ ਨੂੰ ਐਨਾ ਇਕੱਲਾ ਕਰ ਦਿੱਤਾ ਹੈ ਕਿ ਉਹ ਮਾਨਸਿਕ ਤੌਰ ’ਤੇ ਕਮਜ਼ੋਰ ਹੋ ਗਿਆ ਹੈ, ਜ਼ਿੰਦਗੀ ਵਿੱਚ ਆਉਣ ਵਾਲੀਆਂ ਨਿੱਕੀਆਂ ਮੋਟੀਆਂ ਮੁਸ਼ਕਲਾਂ ਸਾਹਮਣੇ ਵੀ ਗੋਡੇ ਟੇਕਣ ਲੱਗ ਪਿਆ ਹੈ। ਮੰਨਿਆ ਕਿ ਪੁਰਾਣੀ ਜੀਵਨ ਸ਼ੈਲੀ ਮੁਤਾਬਕ ਜ਼ਿੰਦਗੀ ਬਤੀਤ ਕਰਨੀ ਹੁਣ ਸੰਭਵ ਨਹੀਂ ਹੈ ਪਰ ਕੀ ਮਨੁੱਖ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨਾਲ ਲੜਨ ਲਈ ਆਪਣੇ ਆਪ ਨੂੰ ਤਿਆਰ ਕਰਨ ਦੇ ਯੋਗ ਵੀ ਨਹੀਂ ਰਿਹਾ ਹੈ? ਅੱਜ ਮਨੁੱਖ ਅੰਦਰ ਸਹਿਣਸ਼ੀਲਤਾ ਦੀ ਕਮੀ ਐਨੀ ਆ ਗਈ ਹੈ ਕਿ ਉਹ ਛੋਟੀਆਂ ਛੋਟੀਆਂ ਗੱਲਾਂ ’ਤੇ ਵੱਡੇ ਵੱਡੇ ਝਗੜੇ ਕਰ ਬੈਠਦਾ ਹੈ। ਅਸੰਤੁਸ਼ਟਤਾ ਐਨੀ ਵਧ ਗਈ ਹੈ ਕਿ ਬਿਨਾਂ ਮਿਹਨਤ ਕੀਤਿਆਂ ਦੂਜਿਆਂ ਦੇ ਮੁਕਾਬਲੇ ਮਹਿੰਗੀਆਂ ਵਸਤੂਆਂ ਘਰਾਂ ਵਿੱਚ ਸਜਾਉਣਾ ਚਾਹੁੰਦਾ ਹੈ।

ਥੋੜ੍ਹੀ ਜਿਹੀ ਮੁਸ਼ਕਲ ਆਉਣ ’ਤੇ ਮਰਨ ਭੱਜਦਾ ਹੈ। ਗੁਰਬਤ ਦਾ ਸਾਹਮਣਾ ਸਖ਼ਤ ਮਿਹਨਤ ਨਾਲ ਕਰਨ ਦੀ ਬਜਾਏ ਜ਼ਿੰਦਗੀ ਨੂੰ ਖ਼ਤਮ ਕਰਕੇ ਕਰਦਾ ਹੈ। ਕੀ ਇਹ ਗੱਲਾਂ ਮਨੁੱਖ ਨੂੰ ਆਪਣੇ ਸਮਾਜ ਵਿੱਚ ਮਾਣ ਦਿਵਾ ਸਕਦੀਆਂ ਹਨ? ਅੱਜ ਮਨੁੱਖ ਦੇ ਤਣਾਓ ਦਾ ਕਾਰਨ ਉਹ ਆਪ ਹੈ, ਉਸ ਦੀ ਪਦਾਰਥਵਾਦੀ ਸੋਚ ਹੈ, ਕਿਉਂਕਿ ਉਹ ਛੋਟਿਆਂ ਰਸਤਿਆਂ ਰਾਹੀਂ ਵੱਡੀਆਂ ਮੰਜ਼ਿਲਾਂ ਨੂੰ ਸਰ ਕਰਨਾ ਚਾਹੁੰਦਾ ਹੈ। ਉਹ ਆਪਣੇ ਹਾਸੇ ਹੱਸਣ ਦੀ ਬਜਾਏ ਦੂਜਿਆਂ ਦੇ ਹਾਸਿਆਂ ਤੋਂ ਪ੍ਰੇਸ਼ਾਨ ਹੋਣ ਲੱਗ ਪਿਆ ਹੈ, ਜਿਸ ਕਰਕੇ ਉਹ ਆਪਣੇ ਖ਼ੁਸ਼ੀਆਂ ਦੇ ਛੋਟੇ ਛੋਟੇ ਪਲ ਵੀ ਗਵਾ ਕੇ ਦੁੱਖ ਸਹੇੜਨ ਲੱਗ ਪਿਆ ਹੈ। ਉਸ ਨੂੰ ਆਪਣਾ ਛੋਟਾ ਘਰ ਸੁਖ ਨਹੀਂ ਦਿੰਦਾ ਕਿਉਂਕਿ ਉਸ ਨੂੰ ਦੂਜਿਆਂ ਦੇ ਬਣਾਏ ਆਸ਼ਿਆਨੇ ਦੁੱਖ ਦਿੰਦੇ ਹਨ, ਜਿਸ ਕਰਕੇ ਮਨੁੱਖ ਆਪਣੀ ਚਾਰਦੀਵਾਰੀ ਅੰਦਰ ਦੀਆਂ ਖ਼ੁਸ਼ੀਆਂ ਨੂੰ ਮਨਾਉਣਾ ਭੁੱਲ ਗਿਆ ਹੈ। ਜਿਸ ਦਿਨ ਮਨੁੱਖ ਆਪਣੀਆਂ ਮੁਸ਼ਕਲਾਂ ਦੇ ਹੱਲ ਲੱਭਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ ’ਤੇ ਤਿਆਰ ਕਰਨਾ ਸ਼ੁਰੂ ਕਰ ਦੇਵੇਗਾ, ਦੂਜਿਆਂ ਨੂੰ ਵੇਖ ਕੇ ਸੜਨਾ ਬੰਦ ਕਰ ਦੇਵੇਗਾ ਤੇ ਆਪਣੇ ਘਰ ਦੀ ਚਾਰਦੀਵਾਰੀ ਅੰਦਰਲੀ ਦੁਨੀਆਂ ਵਿੱਚ ਖੁੱਲ੍ਹ ਕੇ ਜਿਊਣਾ ਸ਼ੁਰੂ ਕਰ ਦੇਵੇਗਾ, ਸਮਝੋ ਉਸ ਦਿਨ ਤੋਂ ਹੀ ਮਨੁੱਖ ਆਪਣੀ ਜ਼ਿੰਦਗੀ ਦੀ ਲੜਾਈ ਜਿੱਤਣ ਦੇ ਯੋਗ ਹੋ ਜਾਵੇਗਾ।



# ਚੰਗੀਆਂ ਆਦਤਾਂ ਅਪਣਾਓ



**ਲਿਖਤ : ਮੈਡਮ ਰਜਨੀ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ।**


ਪਿਆਰੇ ਬੱਚਿਓ, ਤੁਸੀਂ ਸਕੂਲ ਵਿਚ ਆਪਣੇ ਅਧਿਆਪਕਾਂ ਪਾਸੋਂ ਅਤੇ ਆਪਣੇ ਮਾਤਾ-ਪਿਤਾ ਪਾਸੋਂ ਹਮੇਸ਼ਾ ਚੰਗੀਆਂ ਗੱਲਾਂ ਤੇ ਚੰਗੀਆਂ ਆਦਤਾਂ ਬਾਰੇ ਜ਼ਰੂਰ ਸੁਣਦੇ ਹੋਵੋਗੇ। ਬੱਚਿਓ! ਸਾਨੂੰ ਜ਼ਿੰਦਗੀ ਵਿਚ ਕਾਮਯਾਬ ਹੋਣ ਲਈ ਆਪਣੇ ਅਧਿਆਪਕਾਂ ਤੇ ਮਾਤਾ-ਪਿਤਾ ਵਲੋਂ ਦੱਸੀਆਂ ਹੋਈਆਂ ਚੰਗੀਆਂ ਆਦਤਾਂ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ ਅਤੇ ਉਨ੍ਹਾਂ 'ਤੇ ਅਮਲ ਕਰਨਾ ਚਾਹੀਦਾ ਹੈ। ਇਕ ਛੋਟੀ ਜਿਹੀ ਗੱਲ.... ਕਈ ਵਾਰ ਬੱਚੇ ਆਮ ਤੌਰ 'ਤੇ ਆਪਣੇ ਨੱਕ, ਕੰਨ, ਅੱਖ, ਮੂੰਹ ਆਦਿ ਵਿਚ ਵਾਰ-ਵਾਰ ਉਂਗਲੀ ਪਾਉਂਦੇ ਰਹਿੰਦੇ ਹਨ। ਬੱਚਿਓ ! ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਕਈ ਤਰ੍ਹਾਂ ਦੇ ਕੀਟਾਣੂ ਸਾਡੇ ਸਰੀਰ ਵਿਚ ਦਾਖ਼ਲ ਹੋ ਸਕਦੇ ਹਨ ਅਤੇ ਅਸੀਂ ਬਿਮਾਰ ਹੋ ਸਕਦੇ ਹਾਂ। ਬੱਚਿਓ! ਇਸ ਤਰ੍ਹਾਂ ਕਰਨ ਨਾਲ ਸਾਡੀ ਤੰਦਰੁਸਤੀ, ਸਾਡੀ ਸਿਹਤ ਤੇ ਸਾਡੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਸਾਨੂੰ ਕਦੇ ਵੀ ਆਪਣੇ ਹੱਥਾਂ ਦੀਆਂ ਉਂਗਲੀਆਂ ਆਪਣੇ ਕੰਨਾਂ, ਅੱਖਾਂ, ਮੂੰਹ ਅਤੇ ਨੱਕ ਵਿਚ ਨਹੀਂ ਪਾਉਣੀਆਂ ਚਾਹੀਦੀਆਂ। ਇਹ ਬਹੁਤ ਬੁਰੀ ਆਦਤ ਹੈ। ਸਾਨੂੰ ਹਮੇਸ਼ਾ ਅਧਿਆਪਕਾਂ ਵਲੋਂ ਦੱਸੀਆਂ ਹੋਈਆਂ ਚੰਗੀਆਂ ਆਦਤਾਂ ਅਪਣਾਉਣੀਆਂ ਚਾਹੀਦੀਆਂ ਹਨ। ਸਾਨੂੰ ਹਰ ਰੋਜ਼ ਜਲਦੀ ਉੱਠ ਕੇ ਸਵੇਰ ਦੀ ਸੈਰ ਕਰਨੀ ਚਾਹੀਦੀ ਹੈ। ਹਰ ਰੋਜ਼ ਇਸ਼ਨਾਨ ਕਰਨਾ ਚਾਹੀਦਾ ਹੈ। ਦੰਦਾਂ ਨੂੰ ਬਰੱਸ਼ ਕਰਨਾ ਚਾਹੀਦਾ ਹੈ। ਭੋਜਨ ਖਾਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋ ਲੈਣੇ ਚਾਹੀਦੇ ਹਨ। ਆਪਣੇ ਮਾਤਾ-ਪਿਤਾ ਅਤੇ ਅਧਿਆਪਕ ਵਲੋਂ ਦੱਸੀਆਂ ਗਈਆਂ ਚੰਗੀਆਂ ਆਦਤਾਂ ਨੂੰ ਅਪਣਾਉਣਾ ਚਾਹੀਦਾ ਹੈ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਜ਼ਿੰਦਗੀ ਵਿਚ ਬਹੁਤ ਤਰੱਕੀ ਕਰੋਗੇ।

# ਮੱਛਰ ਮਨੁੱਖ ਨੂੰ ਕਿਉਂ ਕੱਟਦੇ ਹਨ

**ਲਿਖਤ : ਮਨਜੀਤ ਮਾਨ, ਮੋਬਾਈਲ 7009898044**


ਇਸ ਧਰਤੀ ਤੇ ਜੀਵ ਜੰਤੂਆਂ ਦਾ ਆਪਣਾ ਵੱਖਰਾ ਤੇ ਬੜਾ ਵਚਿੱਤਰ ਸੰਸਾਰ ਹੈ ਜਿਸ ਵਿੱਚ ਸਾਨੂੰ ਬੜਾ ਕੁਝ ਅਦਭੁੱਤ ਵੇਖਣ ਨੂੰ ਮਿਲਦਾ ਹੈ।ਇਹਨਾਂ ਨਿੱਕੇ ਨਿੱਕੇ ਜੀਵ ਜੰਤੂਆਂ ਵਿੱਚ ਹੀ ਮੱਛਰ ਆਉਂਦਾ ਹੈ।ਆਓ ਅੱਜ ਮੱਛਰ ਬਾਰੇ ਉਹਨਾਂ ਤੱਥਾਂ ਨੂੰ ਜਾਣਦੇ ਹਾਂ ਜੋ ਇਸ ਨੂੰ ਦੂਜੇ ਜੀਵਾਂ ਤੋਂ ਅਲੱਗ ਬਣਾਉਂਦੇ ਹਨ।

ਮੱਛਰ ਕੁਤੜੀ-ਨੁਮਾ ਮੱਖੀਆਂ ਦੇ ਪਰਿਵਾਰ ਨਾਲ ਸੰਬੰਧਤ ਇੱਕ ਛੋਟਾ ਜਿਹਾ ਜੀਵ ਹੈ। ਜਦੋਂ ਇਹ ਕੱਟਦਾ ਹੈ ਤਾਂ ਮਨੁੱਖ ਸਮੇਤ ਵੱਡੇ ਵੱਡੇ ਪਸ਼ੂਆਂ ਨੂੰ ਤੜਫ਼ਣ ਲਗਾ ਦਿੰਦਾ ਹੈ। ਇਸ ਦਾ ਰੈਣ ਬਸੇਰਾ ਜ਼ਿਆਦਤਰ ਗੰਦੇ ਨਾਲਿਆਂ, ਟੋਭਿਆਂ, ਤਲਾਬਾਂ ਤੇ ਘਾਹ ਬੂਟਿਆਂ ਦੇ ਪੱਤਿਆਂ ਉੱਤੇ ਹੁੰਦਾ ਹੈ।ਇਹ ਇੱਕਲਿੰਗੀ ਜੀਵ ਹੈ ਭਾਵ ਨਰ ਤੇ ਮਾਦਾ ਮੱਛਰ ਦਾ ਸਰੀਰ ਅਲੱਗ ਅਲੱਗ ਹੁੰਦਾ ਹੈ।




ਧਰਤੀ ਤੇ ਮੱਛਰ ਦੀਆਂ ਲਗਭਗ 3500 ਕਿਸਮਾਂ ਮਿਲਦੀਆਂ ਹਨ। ਜੇਕਰ ਇਸ ਦੇ ਜੀਵਨ ਪੜ੍ਹਾਅ ਦੀ ਗੱਲ ਕੀਤੀ ਜਾਵੇ ਤਾਂ ਇਸ ਦੇ ਜੀਵਨ ਵਿਕਾਸ ਦੀਆਂ ਚਾਰ ਮੰਜ਼ਿਲਾਂ ਅੰਡਾ,ਲਾਰਵਾ, ਪਿਊਪਾ ਤੇ ਪੂਰਾ ਮੱਛਰ ਹਨ।ਇਸ ਦੇ ਜੀਵਨ ਵਿਕਾਸ ਦੇ ਪਹਿਲੇ ਤਿੰਨ ਪੜ੍ਹਾਅ ਇੱਕ ਤੋਂ ਦੋ ਹਫ਼ਤਿਆਂ ਵਿੱਚ ਹੀ ਪੂਰੇ ਹੋ ਜਾਂਦੇ ਹਨ। ਜੇਕਰ ਇੱਕ ਮੱਛਰ ਆਪਣੀ ਕੁਦਰਤੀ ਮੌਤ ਮਰੇ ਤਾਂ ਉਸਦੀ ਉਮਰ 30 ਦਿਨ ਦੇ ਲਗਪਗ ਹੁੰਦੀ ਹੈ।ਪਰ ਆਮ ਤੌਰ ਤੇ ਇਹ ਦੋ ਤੋਂ ਤਿੰਨ ਹਫ਼ਤੇ ਹੀ ਜ਼ਿੰਦਾ ਰਹਿੰਦੇ ਹਨ।ਨਰ ਮੱਛਰ ਤਾਂ ਆਪਣੀ ਕੁਦਰਤੀ ਮੌਤ ਹੀ ਮਰਦੇ ਹਨ ਪਰ ਮਾਦਾ ਮੱਛਰ ਜ਼ਿਆਦਤਰ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ।ਇਸ ਕਰਕੇ ਹੀ ਮਾਦਾ ਮੱਛਰ ਦੀ ਨਰ ਮੱਛਰ ਦੇ ਮੁਕਾਬਲੇ ਗਿਣਤੀ ਘੱਟ ਹੁੰਦੀ ਹੈ।ਇਸ ਤੋਂ ਇਲਾਵਾ ਇਹ ਵੇਖਿਆ ਜਾਂਦਾ ਹੈ ਕਿ ਕਈ ਵਿਅਕਤੀਆਂ ਨੂੰ ਮੱਛਰ ਘੱਟ ਕੱਟਦਾ ਹੁੰਦਾ ਹੈ ਉਸਦਾ ਕਾਰਨ ਇਹ ਹੈ ਕਿ ਉਸ ਵਿਅਕਤੀ ਦੇ ਲਹੂ ਵਿੱਚ ਸੋਡੀਅਮ ਕਲੋਰਾਈਡ ਦੀ ਮਾਤਰਾ ਘੱਟ ਹੁੰਦੀ ਹੈ ਇਸ ਲਈ ਜੇਕਰ ਉਸ ਵਿਅਕਤੀ ਨੂੰ ਮਾਦਾ ਮੱਛਰ ਕੱਟ ਵੀ ਲਵੇ ਤਾਂ ਉਸ ਦੀ ਅੰਡੇ ਦੇਣ ਤੋਂ ਪਹਿਲਾਂ ਹੀ ਮੌਤ ਹੋ ਜਾਂਦੀ ਹੈ। ਇਹ ਕਾਰਨ ਵੀ ਮਾਦਾ ਮੱਛਰ ਦੀ ਬੇਵਕਤੀ ਮੌਤ ਦਾ ਕਾਰਨ ਬਣਦਾ ਹੈ।ਮੱਛਰਾਂ ਦੀ ਮੂਲ ਖਾਧ ਖੁਰਾਕ ਵਿੱਚ ਫ਼ਲ, ਫੁੱਲਾਂ ਤੇ ਪੌਦਿਆਂ ਦਾ ਰਸ ਹੁੰਦਾ ਹੈ। ਇੱਥੇ ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਸਾਰੇ ਮੱਛਰ ਕੱਟਦੇ ਨਹੀਂ ਹੁੰਦੇ ਹਨ। ਸਾਡੇ ਲੋਕਾਂ ਵਿੱਚ ਇਹ ਆਮ ਧਾਰਨਾ ਬਣੀ ਹੋਈ ਹੈ ਕਿ ਮੱਛਰ ਤਾਂ ਖ਼ੂਨ ਚੂਸਦੇ ਹਨ।ਪਰ ਮੱਛਰਾਂ ਵਿੱਚੋਂ ਸਿਰਫ਼ ਮਾਦਾ ਮੱਛਰ ਹੀ ਮਨੁੱਖ ਨੂੰ ਕੱਟਦਾ ਹੈ ਉਹ ਵੀ ਇਸ ਕਰਕੇ ਕਿਉਂਕਿ ਮਾਦਾ ਮੱਛਰ ਨੂੰ ਆਂਡੇ ਦੇਣ ਲਈ ਇਸਪਾਤ ਤੇ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ ਜੋ ਉਸਨੂੰ ਖ਼ੂਨ ਵਿੱਚੋਂ ਮਿਲਦਾ ਹੈ॥ਮਾਦਾ ਮੱਛਰ ਖ਼ੂਨ ਚੂਸ ਲੈਣ ਤੋਂ ਬਾਅਦ ਦੋ ਤੋਂ ਤਿੰਨ ਦਿਨਾਂ ਤੱਕ ਆਰਾਮ ਕਰਦੀ ਹੈ ਤੇ ਫੇਰ ਆਂਡੇ ਦਿੰਦੀ ਹੈ।ਇਸ ਕਰਕੇ ਹੀ ਮਾਦਾ ਮੱਛਰ ਮਨੁੱਖ ਦੀ ਮੌਜੂਦਗੀ ਦਾ ਪਤਾ ਮਨੁੱਖੀ ਚਮੜੀ ਦੀ ਗੰਧ ਤੋਂ ਲਗਾ ਲੈਂਦੀ ਹੈ।ਇਸ ਤੋਂ ਇਲਾਵਾ ਪਸੀਨੇ ਵਿਚਲਾ ਲੈਕਟਿਕ ਤੇਜ਼ਾਬ ਵੀ ਮਾਦਾ ਮੱਛਰ ਨੂੰ ਆਪਣੇ ਵੱਲ ਖਿੱਚਦਾ ਹੈ।ਇਹ ਮਨੁੱਖ ਦੁਆਰਾ ਸਾਹ ਰਾਹੀਂ ਛੱਡੀ ਕਾਰਬਨ ਡਾਈਅਕਸਾਈਡ ਨੂੰ ਵੀ ਲਗਭਗ 160 ਫੁੱਟ ਦੀ ਦੂਰੀ ਤੋਂ ਅਨੁਭਵ ਕਰ ਲੈਂਦਾ ਹੈ।ਇਹ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਤੇ ਬੱਚਿਆਂ ਨੂੰ ਜ਼ਿਆਦਾ ਕੱਟਦਾ ਹੈ।ਮੱਛਰ ਦੇ ਦੰਦ ਨਹੀਂ ਹੁੰਦੇ ਹਨ ਪਰ ਉਸਦੀ ਸੁੰਡ ਵਿੱਚ ਦੋ ਨਲੀਆਂ ਹੁੰਦੀਆਂ ਹਨ।ਉਹ ਜਦੋਂ ਕਿਸੇ ਮਨੁੱਖ ਨੂੰ ਕੱਟਦਾ ਹੈ ਤਾਂ ਉਹ ਇੱਕ ਨਲੀ ਰਾਹੀਂ ਥੁੱਕ ਮਨੁੱਖ ਦੇ ਸਰੀਰ ਅੰਦਰ ਜਾਂਦਾ ਹੈ।ਮੱਛਰ ਦੇ ਇਸ ਥੁੱਕ ਵਿੱਚ ਇੱਕ ਖ਼ਾਸ ਕਿਸਮ ਦੇ ਪ੍ਰੋਟੀਨ ਹੁੰਦੇ ਹਨ ਜੋ ਖ਼ੂਨ ਨੂੰ ਜੰਮਣ ਤੋਂ ਰੋਕਦੇ ਹਨ ਤੇ ਕੱਟੀ ਹੋਈ ਥਾਂ ਨੂੰ ਸੁੰਨ ਕਰ ਦਿੰਦੇ ਹਨ।ਇਸ ਕਰਕੇ ਹੀ ਮਨੁੱਖ ਨੂੰ ਮੱਛਰ ਦੇ ਕੱਟਣ ਦਾ ਪਤਾ ਨਹੀਂ ਲੱਗਦਾ ਹੈ। ਇਸ ਤੋਂ ਬਾਅਦ ਮੱਛਰ ਆਪਣੀ ਦੂਜੀ ਨਲੀ ਰਾਹੀਂ ਖ਼ੂਨ ਚੂਸਦਾ ਹੈ।ਇਸ ਤੋਂ ਇਲਾਵਾ ਇਸ ਧਰਤੀ ਤੇ ਮੱਛਰਾਂ ਦੀਆਂ ਕੁਝ ਕਿਸਮਾਂ ਅਜਿਹੀਆਂ ਵੀ ਹਨ ਜੋ ਲਗਾਤਾਰ ਚਾਰ ਘੰਟੇ ਉੱਡ ਸਕਦੀਆਂ ਹਨ ਤੇ ਇਹ ਸਾਰੀ ਰਾਤ ਵਿੱਚ ਲਗਭਗ ਬਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਦੀਆਂ ਹਨ।ਇਹ ਕਿਸਮਾਂ ਜ਼ਿਆਦਾ ਗਰਮ ਸਿੱਲ੍ਹੇ ਖ਼ੇਤਰਾਂ ਵਿੱਚ ਪਾਈਆਂ ਜਾਂਦੀਆਂ ਹਨ। ਇੱਕ ਹੋਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਮੱਛਰ ਇੱਕ ਸਕਿੰਟ ਵਿੱਚ ਲਗਭਗ ਪੰਜ ਸੌ ਵਾਰ ਆਪਣੇ ਖੰਭ ਫੜਫੜਾਉਂਦਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੱਛਰ ਇਸ ਦੁਨੀਆਂ ਤੇ ਮਨੁੱਖ ਜਾਤੀ ਦਾ ਸਭ ਤੋਂ ਵੱਡਾ ਹਤਿਆਰਾ ਹੈ। ਇੱਕ ਅਨੁਮਾਨ ਅਨੁਸਾਰ ਹਰ ਸਾਲ ਵੀਹ ਲੱਖ ਲੋਕਾਂ ਦੀ ਇਸ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਡੇਂਗੂ, ਚਿਕਨਗੁਨੀਆ ਫਾਈਲੇਰੀਆ,ਜੀਕਾ ਵਾਇਰਸ, ਪੀਲਾ ਬੁਖ਼ਾਰ,ਮਲੇਰੀਏ ਆਦਿ ਨਾਲ ਮੌਤ ਹੋ ਜਾਂਦੀ ਹੈ।ਇਸ ਵਿੱਚ ਵੀ ਵੱਡੀ ਗਿਣਤੀ ਏਸ਼ੀਆਈ ਤੇ ਅਫ਼ਰੀਕੀ ਲੋਕਾਂ ਦੀ ਹੁੰਦੀ ਹੈ। ਸੰਸਾਰ ਭਰ ਵਿੱਚ 20 ਅਗਸਤ ਮੱਛਰ ਦਿਵਸ ਦੇ ਰੂਪ ਮਨਾਇਆ ਜਾਂਦਾ ਹੈ।ਇਸ ਦਿਨ 1897 ਵਿੱਚ ਸਰ ਰੋਨਾਲਡ ਰੌਸ ਜੋ ਕਿ ਪੇਸ਼ੇ ਵਜੋਂ ਡਾਕਟਰ ਸਨ ਨੇ ਖੋਜ ਰਾਹੀਂ ਦੱਸਿਆ ਸੀ ਕਿ ਮਾਦਾ ਮੱਛਰ ਹੀ ਇਨਸਾਨ ਵਿੱਚ ਮਲੇਰੀਆ ਫੈਲਾਉਣ ਦਾ ਵਾਹਕ ਬਣਦਾ ਹੈ।ਇਸ ਲਈ ਮੱਛਰਾਂ ਨੂੰ ਮਾਮੂਲੀ ਜੀਵ ਨਹੀਂ ਸਮਝਣਾ ਚਾਹੀਦਾ ਹੈ ਕਿਉਂਕਿ ਇੱਕ ਨਿੱਕੇ ਜਿਹੇ ਮੱਛਰ ਦਾ ਕੱਟਣਾ ਹੀ ਬਹੁਤ ਵੱਡੇ ਖ਼ਤਰੇ ਦੀ ਅਗਵਾਈ ਕਰਦਾ ਹੈ।ਇਸ ਕਰਕੇ ਸਾਨੂੰ ਮੱਛਰਾਂ ਤੋਂ ਬਚਣ ਲਈ ਆਪਣੇ ਆਲ਼ੇ ਦੁਆਲ਼ੇ ਨੂੰ ਸਾਫ਼ ਸੁਥਰਾ ਰੱਖਣਾ ਚਾਹੀਦਾ ਹੈ।

## ਰਸਤਾ ਲੱਭੋ





## ਬਿੰਦੂ ਮਿਲਾਓ



*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*





# ਕਾਵਿ-ਲਹਿਰਾਂ

## ਚੋਜੀ ਪ੍ਰੀਤਮ ਦਸ਼ਮੇਸ਼ ਪਿਤਾ

ਸਿਫ਼ਤ ਕੋਈ ਕਲਮ ਲਿੱਖ ਨਹੀਂ ਸਕਦੀ
ਕਿਸੇ ਕਵੀ ਦੇ ਬੋਲਾਂ ਤੋਂ ਤੇਰਾ ਅਲੰਕਾਰ ਵੱਡਾ
ਤੇਰੇ ਅਦੁੱਤੀ ਸਨ ਸਾਰੇ ਚੋਜ ਦਾਤਿਆ
ਤੁਸਾਂ ਦਿੱਤਾ ਸਾਨੂੰ ਅਨੰਦਪੁਰ ਪਹਿਰੇਦਾਰ ਵੱਡਾ
ਗਿੱਦੜਾਂ ਨੂੰ ਬਣਾ ਦਿੱਤਾ ਸ਼ੇਰ ਮਾਲਕਾ
ਅਣਖ ਇੱਜਤ ਦਾ ਦਿੱਤਾ ਸਾਨੂੰ ਹਥਿਆਰ ਵੱਡਾ
ਚਿੜੀਆਂ ਕੋਲੋਂ ਤੁੜਾ ਦਿੱਤੇ ਬਾਜ਼ ਵੀ
ਤੇਰੇ ਬਖਸ਼ੇ ਘੁੱਟ ਪਾਹੁਲ ਦਾ ਉਹ ਸੰਸਕਾਰ ਵੱਡਾ
ਸਰਬੰਸ ਦਿੱਤਾ ਵਾਰ ਸਾਡੇ ਲਈ
ਅੱਜ ਫ਼ਿਰਦਾ ਜਹਾਨ ਤੇ ਤੇਰਾ ਪੰਥ ਪਰਿਵਾਰ ਵੱਡਾ
ਕਾਗਜ ਕਲਮ ਸਿਆਹੀ ਨਹੀਂ ਬਣੀ ਅਜੇ ਤੱਕ
ਜੋ ਲਿੱਖ ਦੇਵੇ ਕਲਗੀਧਰ ਤੇਰੇ ਗੁਣਾਂ ਦਾ ਭੰਡਾਰ ਵੱਡਾ
ਜਿਹੜਾ ਲਿੱਖ ਦੇਵੇ ਤੇਰਾ ਇਕ ਗੁਣ
ਅਸੀਂ ਮੰਨ ਲਵਾਂਗੇ ਓਹਨੂੰ ਜਹਾਨ ਤੇ ਕਲਮਕਾਰ ਵੱਡਾ
ਪੰਥ ਗੁਰੂ ਦਾ ਮੰਨਣਾ ਪੈਣਾ ਏ ਹੁਕਮ ਸਾਨੂੰ
ਚੇਲਾ ਬਣ ਦੱਸਿਆ ਕਰਨਾ ਪੰਥ ਗੁਰੂ ਦਾ ਸਤਿਕਾਰ ਵੱਡਾ
ਰਹਿਣੀ ਰਹੈ ਸੋਈ ਸਿੱਖ ਮੇਰਾ ਦੇ ਬੋਲ ਤੇਰੇ
ਤੁਸਾਂ ਕਰਨਾ ਦੱਸ ਦਿੱਤਾ ਰਹਿਣੀ ਤੇ ਰਹਿਤ ਨੂੰ ਪਿਆਰ ਵੱਡਾ
ਪਰ ਇਸਤਰੀ ਨੂੰ ਮੰਨਣਾ ਮਾਂ ਭੈਣ ਹੈ
ਕਰ ਦਿੱਤਾ ਆਪਣੇ ਸਿੰਘਾਂ ਦਾ ਤੁਸਾਂ ਸੁੱਚਾ ਕਿਰਦਾਰ ਵੱਡਾ
ਫ਼ਰਕ ਨਹੀਂ ਕੀਤਾ ਪੁੱਤਾਂ ਤੇ ਸਿੰਘਾਂ ਵਿੱਚ
ਦੱਸ ਦਿੱਤਾ ਤੁਸੀਂ ਜੱਗ ਨੂੰ ਹੁੰਦਾ
ਸਦਾ ਤੇਰਾ ਸਿੰਘਦਾਰ ਵੱਡਾ

**ਲਿਖਤ : ਸਿੰਘਦਾਰ ਇਕਬਾਲ ਸਿੰਘ**
**ਫ਼ੋਨ ਨੰਬਰ 713-918-9611**

## ਘੋੜੀ ਸਾਹਿਬਜ਼ਾਦਿਆਂ ਦੀ

ਗਾਈਏ ਦਸ਼ਮੇਸ਼ ਦਿਆਂ, ਲਾਲਾਂ ਦੀਆਂ ਘੋੜੀਆਂ।
ਜੋੜੀ ਜੋੜੀ ਕਰ ਜੀਹਨੇ, ਤੋਰੀਆਂ ਸੀ ਜੋੜੀਆਂ।
ਪਹਿਲੀ ਜੰਞ ਚੜ੍ਹੀ, ਚਮਕੌਰ ਵਾਲੀ ਗੜ੍ਹੀ ਏ।

ਲਾੜੀ ਦੋਹਾਂ ਲਾਲਾਂ ਦਿਆਂ, ਮੁੱਖਾਂ ਉਤੇ ਚੜ੍ਹੀ ਏ।
ਮੌਤ ਲਾੜੀ ਸਾਹਮਣੇ ਹੈ, ਚੜ੍ਹੀ ਆਉਂਦੀ ਘੋੜੀਆਂ
ਗਾਈਏ...
ਖੂਨ ਵਾਲੀ ਮਹਿੰਦੀ ਅੱਜ, ਹੱਥਾਂ ਉਤੇ ਲਾਈ ਏ।
ਗੋਬਿੰਦ ਨੇ ਆਪ ਜੋੜੀ, ਲਾਲਾਂ ਦੀ ਸਜਾਈ ਏ।
ਸਜਦੀ ਏ ਕਲਗੀ, ਨਾ ਪਾਈਆਂ ਮੱਥੇ ਤਿਉੜੀਆਂ
ਗਾਈਏ...
ਦੂਜੀ ਜੰਞ ਚੜ੍ਹਨੀ ਹੈ, ਵਿੱਚ ਸਰਹੰਦ ਦੇ।
ਦਾਦੀ ਨੇ ਸਜਾਏ ਛੋਟੇ, ਲਾਲ ਫਰਜ਼ੰਦ ਦੇ।
ਗੰਗੂ ਏ ਵਿਚੋਲਾ, ਸੁੱਚਾ ਨੰਦ ਵੰਡੇ ਰਿਉੜੀਆਂ
ਗਾਈਏ...
'ਬੋਲੇ ਸੋ ਨਿਹਾਲ' ਦੇ, ਜੈਕਾਰੇ 'ਦੀਸ਼' ਗੱਜਦੇ।
ਇਹੋ ਜਿਹੇ ਵਿਆਹ ਨਿੱਤ, ਨਿੱਤ ਨਹੀਉਂ ਸਜਦੇ।
ਦਾਦੇ ਕੋਲ ਲੈਣ ਲਈ, ਅਸੀਸਾਂ ਅੱਜ ਬਹੁਤੀਆਂ
ਗਾਈਏ...

**ਲਿਖਤ : ਗੁਰਦੀਸ਼ ਕੌਰ ਗਰੇਵਾਲ- ਕੈਲਗਰੀ**
**ਵਟਸਐਪ: +91 98728 60488**

## ਲਾਸਾਨੀ ਸ਼ਹਾਦਤ

ਹੰਝੂ ਕੇਰਦੇ ਤਾਹੀਂ ਅੱਖ ਵਿੱਚੋਂ,
ਅਕਾਲ ਪੁਰਖ 'ਤੇ ਨਾ ਯਕੀਨ ਹੁੰਦਾ।

ਪਿਤਾ ਹੁੰਦਾ ਨਾ ਪੁੰਜ ਕੁਰਬਾਨੀਆਂ ਦਾ,
ਕਬੂਲ ਪੁੱਤਰਾਂ ਨੇ ਲਿਆ ਦੀਨ ਹੁੰਦਾ।

ਖੇਰ ਸਾਹਾਂ ਦੀ ਜੇ ਮੰਗਣੀ ਸੀ,
ਰੱਖ ਕੰਧ 'ਚ ਲਿਆ ਬਹੀਨ ਹੁੰਦਾ।

ਭੱਜ ਨਿਕਲਣਾ ਸੀ ਅੱਜ ਦੇ ਗਿਰਗਟਾਂ ਨੇ,
ਚਿਣਦੇ ਕੰਧਾਂ 'ਚ ਵੇਖਿਆ ਸੀਨ ਹੁੰਦਾ।

ਰਾਜ ਭਾਗ ਲੈ ਬੇਗਮਾਂ ਵਿਆਹ ਲੈਂਦੇ,
ਜੀਵਨ ਮਾਨਣਾ ਜੇ ਰੰਗੀਨ ਹੁੰਦਾ।

ਖੂਨ ਸਿੱਖੀ ਨੂੰ ਜੜ੍ਹਾਂ 'ਚ ਪਾਵਣਾ ਸੀ,
ਨਹੀਂ ਤਾਂ 'ਭਗਤਾ' ਕਬੂਲਿਆ ਦੀਨ ਹੁੰਦਾ।

ਸਿੱਖੀ ਸਿਦਕ ਸੀ ਜਾਣਾ ਉੱਖੜ ਜੜ੍ਹੋਂ,
ਜੇ ਕਰ ਉੱਘਿਆ ਵਿੱਚ ਜ਼ਮੀਨ ਹੁੰਦਾ।

ਜੜ੍ਹਾਂ ਪਤਾਲ ਸਿਦਕ ਨਾ ਹੁੰਦਾ।
ਜੀਵਨ ਸਿੱਖੀ ਦਾ ਗਮਗੀਨ ਹੁੰਦਾ।

**ਲਿਖਤ : ਬਰਾੜ ਭਗਤਾ ਭਾਈ ਕਾ,**
**1-604-751-1113**

## ਸ਼ਰਧਾਂਜਲੀ ਨਿੱਕੀਆਂ ਜਿੰਦਾਂ ਨੂੰ

ਸੂਬੇ ਦੀ ਕਚਹਿਰੀ ਵਿੱਚ ਬਾਲ ਬੋਲਦੇ
ਕਰਦੇ ਕਤਲ ਸਿਦਕੋਂ ਨੀ ਡੋਲਦੇ
ਪਿਤਾ ਦਸ਼ਮੇਸ਼ ਦੇ ਹਾਂ ਲਾਲ ਸੂਬਿਆ
ਸਿਰ ਉੱਤੇ ਕੂਕੇ ਤੇਰੇ ਕਾਲ਼ ਸੂਬਿਆ
ਤਖ਼ਤਾਂ ਤੇ ਤਾਜ਼ਾਂ ਨੂੰ ਨਾ ਅਸੀਂ ਜਾਣਦੇ
ਸ਼ਹੀਦੀਆਂ ਦਾ ਰਹੇ ਸਦਾ ਮਾਣ ਮਾਣਦੇ
ਜਾਣੀ ਨਾ ਤੂੰ ਸਾਨੂੰ ਨਿੱਕੇ ਬਾਲ ਸੂਬਿਆ
ਸਿਰ ਉੱਤੇ ਕੂਕੇ ਤੇਰੇ ਕਾਲ਼ ਸੂਬਿਆ
ਦੇਖ ਲੈ ਇਤਿਹਾਸ ਸਾਡਾ ਤੂੰ ਫਰੋਲ ਕੇ
ਦਾਦੇ ਦੀ ਸ਼ਹੀਦੀ ਪੜ੍ਹੀਂ ਅੱਖ ਖੋਲ੍ਹ ਕੇ
ਅਣਖਾਂ ਦਾ ਰੱਖੀਏ ਖਿਆਲ ਸੂਬਿਆ
ਸਿਰ ਉੱਤੇ ਕੂਕੇ ਤੇਰੇ ਕਾਲ਼ ਸੂਬਿਆ
ਕਾਜ਼ੀਆਂ ਦੇ ਫਤਵੇ ਦੀ ਲੋੜ ਕੋਈ ਨਾ
ਦੇਖ ਅਜ਼ਮਾ ਕੇ ਹੋਰ ਤੋੜ ਕੋਈ ਨਾ
ਵਾਅਦਾ ਸਾਡਾ ਅੱਜ ਤੇਰੇ ਨਾਲ ਸੂਬਿਆ
ਸਿਰ ਉੱਤੇ ਕੂਕੇ ਤੇਰੇ ਕਾਲ਼ ਸੂਬਿਆ
ਸਿਜ਼ਦਾ ਸ਼ਹੀਦੀ ਨੂੰ ਐ 'ਜੀਤ' ਕਰਦਾ
ਅਣਖਾਂ ਤੋਂ ਬਿਨਾਂ ਨਾ ਕੋਈ ਮੌਤ ਵਰਦਾ
ਜਾਗਦੇ ਜ਼ਮੀਰ ਜਿਉਂਦੇ ਨਾਲ਼ ਸੂਬਿਆ
ਸਿਰ ਉੱਤੇ ਕੂਕੇ ਤੇਰੇ ਕਾਲ਼ ਸੂਬਿਆ

**ਲਿਖਤ : ਸਰਬਜੀਤ ਸਿੰਘ ਨਮੋਲ਼**
**ਸੰਪਰਕ : 9877358044**

## ਠੰਡਾ ਬੁਰਜ

ਅੱਜ ਦੇ ਸਮੇਂ ਦੀ ਗੱਲ ਕਰਨ ਲੱਗਾਂ ਵਾਂ
ਇੱਥੇ ਤਾਂ ਸਭ ਹੋਏ ਪਏ ਨੇ ਖੁਦਗਰਜ਼,
ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਭੁੱਲ
ਅੱਜ ਦੇ ਸਿੱਖ ਭੁੱਲ ਬੈਠੇ ਨੇ ਠੰਡਾ ਬੁਰਜ

ਇਹ ਓਹ ਥਾਂ ਹੈ ਇਤਿਹਾਸ ਦੀ ਜਿਸ ਨੂੰ
ਦੇਖ ਦੇਖ ਲੂ ਕੰਡੇ ਖੜ ਜਾਂਦੇ ਨੇ ਮੇਰੇ,
ਰਜਾਈ ਕੰਬਲ ਦੀ ਬੁੱਕਲ ਵਿੱਚ ਬਹਿ
ਨਿੰਦਿਆ ਕਰ ਕਰ ਮੁੱਖ ਥੱਕਦੇ ਨਾ ਤੇਰੇ

ਸਿੱਖ ਹੁੰਦੇ ਆਪਣੇ ਆਪ ਵਿੱਚ ਇਕ ਸੇਵਾ
ਗੁਰੂਆਂ ਦੇ ਦੱਸੇ ਮਾਰਗ ਤੇ ਚੱਲਣਾ ਹੈ,
ਦਸਵੰਦ ਆਪਣਾ ਕੱਢ, ਕਿਰਤ ਕਰਕੇ
ਜ਼ਰੂਰਤਮੰਦ ਨਾਲ ਸਦਾ ਹੀ ਖੜ੍ਹਨਾ ਹੈ

ਆਓ ਆਪਣੀ ਆਉਣ ਵਾਲੀ ਪਨੀਰੀ ਨੂੰ
ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਜੋੜੀਏ,
ਬਥੇਰੇ ਕਰਮ ਕਾਂਡਾ ਵਿੱਚ ਫਸ ਬੈਠੇ ਹਾਂ
ਦਿੱਤੀਆਂ ਕੁਰਬਾਨੀਆਂ ਵੱਲ ਧੀ ਪੁੱਤ ਨੂੰ ਮੋੜੀਏ

ਦਸੰਬਰ ਦੇ ਮਹੀਨੇ ਦੀ ਹੈ ਇਕ ਖਾਸੀਅਤ
ਇਹ ਸ਼ਹਾਦਤ ਦਾ ਇਕ ਰੂਹਾਨੀ ਮਹੀਨਾ ਹੈ
ਜੇਹੜੇ ਬੇਮੁੱਖ ਹੋ ਕੇ ਸਭ ਭੁੱਲ ਬੈਠੇ ਨੇ
ਓਹਨਾ ਰੂਹਾਂ ਦਾ ਜੀਣਾ ਵੀ ਕੋਈ ਜੀਣਾ ਹੈ

ਸਿੱਖ ਕੌਮ ਕਦੇ ਭੁੱਲੇਗੀ ਨਹੀਂ ਸ਼ਹਾਦਤ ਨੂੰ
ਅਰਸ਼ ਵੀ ਨਤਮਸਤਕ ਹੋ ਬੇਨਤੀ ਸਭ ਨੂੰ ਕਰਦਾ
ਕੌਮ ਨੂੰ ਕੱਠੇ ਹੋ ਚੱਲਣਾ ਹੈ ਭਵਿੱਖ ਵਿੱਚ
ਨਹੀਂ ਤਾਂ ਧੁੰਧ ਹੁੰਦਾ ਇਤਿਹਾਸ ਦੇਖ ਦਿਲ ਡਰਦਾ ॥

**ਲਿਖਤ : ਅਵਤਾਰ ਸਿੰਘ ਢਿੱਲੋਂ**
**ਕਰੋਲ ਬਾਗ਼, ਨਵੀਂ ਦਿੱਲੀ**

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

20-21 ਦਸੰਬਰ 1704 ਈ: ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਤੇ ਸਿੰਘਾਂ ਨੇ ਅਨੰਦ ਪੁਰ ਛੱਡ ਦਿੱਤਾ।
ਉਨ੍ਹਾਂ ਦੇ ਕੀਰਤ ਪੁਰ ਪਹੁੰਚਣ ਤੋਂ ਪਹਿਲਾਂ ਹੀ ਪਿੱਛੋਂ ਦੁਸ਼ਮਣ ਫੌਜਾਂ ਨੇ ਹਮਲਾ ਕਰ ਦਿੱਤਾ।
21 ਦਸੰਬਰ 1704 ਈ: ਦੀ ਸਵੇਰ ਨੂੰ ਸਰਸਾ ਨਦੀ ਕੰਢੇ ਭਿਆਨਕ ਜੰਗ ਹੋਈ।
ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦੇ ਪਰਿਵਾਰ ਦੀ ਤਿੰਨ ਹਿੱਸਿਆਂ 'ਚ ਵੰਡ ਹੋਈ।
ਅਨੰਦ ਪੁਰ ਛੱਡਣ ਵੇਲੇ ਗੁਰੂ ਜੀ ਦੇ ਨਾਲ 1500 ਸਿੰਘ ਸਨ।
ਸਰਸਾ ਨਦੀ ਪਾਰ ਕਰਨ ਪਿੱਛੋਂ ਉਨ੍ਹਾਂ ਨਾਲ ਕੇਵਲ 40 ਸਿੰਘ ਸਨ।
ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਨਾਲ ਦਿੱਲੀ ਪਹੁੰਚ ਗਏ।
ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਕੰਢੇ ਚਲਦੇ ਮੋਰਿੰਡੇ ਪਹੁੰਚ ਗਏ।
ਉੱਥੋਂ ਉਨ੍ਹਾਂ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ।
ਘਰ ਜਾ ਕੇ ਗੰਗੂ ਨੇ ਲਾਲਚ ਵੱਸ ਮੋਰਿੰਡੇ ਦੇ ਠਾਣੇਦਾਰ ਨੂੰ ਇਹ ਦੱਸਿਆ,
"ਮੇਰੇ ਘਰ ਵਿੱਚ ਠਹਿਰੇ ਹੋਏ ਨੇ ਗੁਰੂ ਜੀ ਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ।
ਉਨ੍ਹਾਂ ਨੂੰ ਫੜ ਕੇ ਲੈ ਜਾਉ ਤੇ ਸੂਬਾ ਸਰਹੰਦ ਦੇ ਕਰ ਦਿਉ ਹਵਾਲੇ।"
ਥਾਣੇਦਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਸੂਬਾ ਸਰਹੰਦ ਦੇ ਹਵਾਲੇ ਕਰ ਦਿੱਤਾ।
ਪਹਿਲੀ ਰਾਤ ਉਨ੍ਹਾਂ ਨੂੰ ਠੰਢੇ ਬੁਰਜ ਵਿੱਚ ਰੱਖਿਆ ਗਿਆ।
ਦੂਜੇ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।
ਉਨ੍ਹਾਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਦਿੱਤੇ ਤੇ ਡਰਾਇਆ ਗਿਆ।
ਪਰ ਉਹ ਘਬਰਾਏ ਨਾ, ਸਗੋਂ ਉਨ੍ਹਾਂ ਆਪਣੇ ਦਾਦੇ ਵਾਂਗ ਹੌਸਲਾ ਰੱਖਿਆ।
ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹੰਦ ਨੂੰ ਕਾਫੀ ਭੜਕਾਇਆ।
ਤੇ ਕਾਜ਼ੀ ਪਾਸੋਂ ਉਨ੍ਹਾਂ ਵਿਰੁੱਧ ਮੌਤ ਦਾ ਫਤਵਾ ਜਾਰੀ ਕਰਵਾਇਆ।
27 ਦਸੰਬਰ 1704 ਈ:ਨੂੰ ਉਨ੍ਹਾਂ ਨੂੰ ਫਿਰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।
ਉਨ੍ਹਾਂ ਤੇ ਦੀਨ ਕਬੂਲ ਕਰਨ ਲਈ ਫਿਰ ਦਬਾਅ ਪਾਇਆ ਗਿਆ।
ਉਨ੍ਹਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਤੇ ਮਾਤਾ ਗੁਜਰੀ ਦਾ ਉਪਦੇਸ਼ ਜ਼ਿਹਨ 'ਚ ਰੱਖਿਆ।
ਫਿਰ ਫੁੱਲਾਂ ਵਰਗੇ ਕੋਮਲ ਬੱਚਿਆਂ ਨੂੰ ਕੰਧ ਵਿੱਚ ਚਿਣਆ ਜਾਣ ਲੱਗਾ।
ਕੰਧ ਹੋ ਨਾ ਜਾਵੇ ਟੇਢੀ ਕਿਤੇ ਇਸ ਦਾ ਵੀ ਧਿਆਨ ਰੱਖਿਆ ਜਾਣ ਲੱਗਾ।
ਜਦ ਉਨ੍ਹਾਂ ਦੇ ਮੋਢਿਆਂ ਤੱਕ ਆਈ,ਤਾਂ ਇਹ ਡਿਗ ਪਈ।
ਡਿਗ ਕੇ ਇਹ ਚੰਦਰੀ ਉਨ੍ਹਾਂ ਨੂੰ ਬੇਹੋਸ਼ ਕਰ ਗਈ।
ਹੁਣ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਸੁਣਾਇਆ ਗਿਆ।
ਸਾਸ਼ਲ ਬੇਗ ਤੇ ਬਾਸ਼ਲ ਬੇਗ ਜੱਲਾਦਾਂ ਨੇ ਉਨ੍ਹਾਂ ਨੂੰ ਗੋਡਿਆਂ ਹੇਠ ਲੈ ਲਿਆ।
ਉਨ੍ਹਾਂ ਨੇ ਉਨ੍ਹਾਂ ਦੇ ਸੀਨਿਆਂ 'ਚ ਖੰਜ਼ਰ ਚੋਭੇ ਤੇ ਫਿਰ ਹੌਲੀ ਹੌਲੀ ਜ਼ਿਬਹ ਕੀਤਾ।
ਉਨ੍ਹਾਂ ਦੀ ਸ਼ਹੀਦੀ ਦੀ ਖਬਰ ਸੁਣ ਕੇ ਮਾਤਾ ਗੁਜਰੀ ਨੇ ਵਾਹਿਗੁਰੂ ਦਾ ਧੰਨਵਾਦ ਕੀਤਾ।
ਵਾਹਿਗੁਰੂ ਦਾ ਜਾਪ ਕਰਦਿਆਂ ਉਨ੍ਹਾਂ ਨੇ ਆਪਣਾ ਸਰੀਰ ਤਿਆਗ ਦਿੱਤਾ।

**ਲਿਖਤ : ਮਹਿੰਦਰ ਸਿੰਘ ਮਾਨ, 99158-03554**

## ਲਾਲਾਂ ਦੇ ਹੌਸਲੇ

ਹਿੰਮਤ ਨਾ ਹਾਰਿਓ ਗੋਬਿੰਦ ਦੇ ਜਾਇਓ ਵੇ
ਜਾ ਕੇ ਕਚਹਿਰੀ ਫਤਿਹ ਗੱਜ ਕੇ ਬੁਲਾਇਓ ਵੇ

ਭੁੱਲਿਓ ਨਾ ਤੁਸੀ ਦਾਦਾ ਜੀ ਦੇ ਬਲੀਦਾਨ ਨੂੰ
ਝੂਲ ਦਾ ਹੀ ਰੱਖਿਓ ਕੇਸਰੀ ਨਿਸ਼ਾਨ ਨੂੰ

ਦਾਦੀ ਮਾਂ ਦੀ ਗੱਲ ਸੁਣ ਫਤਿਹ ਸਿੰਘ ਬੋਲਿਆ,
ਛੋਟੀ ਜਿਹੀ ਜਿੰਦ ਇੱਕ ਭੇਦ ਵੱਡਾ ਖੋਲਿਆ

ਸ਼ਹੀਦੀਆਂ ਤੇ ਕੁਰਬਾਨੀਆਂ ਜਿਉਣਾ ਸਿਖਾਇਆ ਏ
ਸਬਰ ਤੇ ਸਿਦਕ ਸਾਡੀ ਝੋਲੀ ਪਾਇਆ ਏ

ਹੋਇਆ ਕੀ ਵਜ਼ੀਰ ਖਾਂ ਫਤਵਾ ਸੁਣਾਇਆ ਏ
ਕੰਧਾਂ ਵੀ ਗੁਰੂ ਮਾਂ ਵਾਂਗ ਗਲ ਨਾਲ ਲਾਇਆ ਏ

ਜੋਰਾਵਰ ਆਖੇ ਦਾਦੀ ਮਾਂ ਏਵੇ ਘਬਰਾਉ ਨਾ
ਲਾਲਾਂ ਆਪਣਿਆਂ ਨੂੰ ਘੁੱਟ ਸੀਨੇ ਨਾਲ ਲਾਓ ਨਾ

ਤੁਰਨਾ ਸਵੇਰੇ ਅਸਾਂ ਲਾੜੀ ਮੌਤ ਨੂੰ ਵਿਆਹੁਣ ਲਈ
ਹੋ ਜਾਓ ਤਿਆਰ ਗੀਤ ਸ਼ਗਨਾਂ ਦੇ ਗਾਉਣ ਲਈ

ਕਲਗੀਆਂ ਸਜਾ ਦਾਦੀ ਚਾਈਂ ਚਾਈਂ ਤੋਰਿਆ
ਬੁਰਜ ਦੇ ਬੂਹਿਆ ਵੀ ਰੁੱਖ ਮਹਿਲ ਵੱਲ ਮੋੜਿਆ

ਅੱਜ ਏ ਵਕਤ ਡਾਢਾ ਕਹਿਰ ਜਿਹਾ ਕਮਾ ਗਿਆ
ਜੱਗਦੇ ਦੋ ਸੂਰਜਾਂ ਨੂੰ ਜੱਗ ਤੋਂ ਮਿਟਾ ਗਿਆ

ਹੱਸ ਹੱਸ ਲਾਲ ਦੋਵੇ ਨੀਹਾਂ ਵਿੱਚ ਆ ਗਏ
ਹੋ ਕੇ ਸ਼ਹੀਦ ਸਬਕ ਜੱਗ ਨੂੰ ਸਿਖਾ ਗਏ

**ਲਿਖਤ : ਸਿਮਰਨਜੀਤ ਕੌਰ ਸਿਮਰ**
**ਪਿੰਡ : ਮਵੀ ਸੱਪਾਂ(ਸਮਾਣਾ)**

## ਲਾਲ ਗੋਬਿੰਦ ਦੇ

ਛੋਟੇ-ਛੋਟੇ ਲਾਲ ਗੋਬਿੰਦ ਦੇ
ਵੈਰੀ ਮੂਹਰੇ ਅੜ ਗਏ ਸੀ।
ਪੂਰੀ ਥਾਪਣਾ ਦਸਮ ਪਿਤਾ ਦੀ,
ਬਿਨ ਹਥਿਆਰੋਂ ਲੜ ਗਏ ਸੀ।
ਰਾਜ ਪਾਟ ਨੂੰ ਮਾਰ ਕੇ ਠੋਕਰ,
ਅਣਖ਼ ਦੀ ਸੂਲੀ ਚੜ੍ਹ ਗਏ ਸੀ,
ਵਿੱਚ ਕੰਧਾਂ ਦੇ ਖੜ ਕੇ ਸਾਡੀਆਂ,
ਨੀਹਾਂ ਪੱਕੀਆਂ ਕਰ ਗਏ ਸੀ।
ਕਰ ਕੇ ਵੱਡਾ ਜਿਗਰਾ ਰੱਖਿਆ,
ਔਖਾ ਵੇਲਾ ਜ਼ਰ ਗਏ ਸੀ।
ਉਹ ਤਾਂ ਹੋ ਸੀ ਅਮਰ ਗਏ,
ਕੌਣ ਕਹਿੰਦਾ ਕਿ ਮਰ ਗਏ ਸੀ।

**ਲਿਖਤ : ਮਨਜੀਤ ਕੌਰ**
**ਲੁਧਿਆਣਵੀ,**
**ਸੰਪਰਕ : 94646-33059**

## "ਪਰਿਵਾਰ ਵਿਛੋੜਾ"

ਆਪ ਵਸਾਈ "ਪੁਰੀ" ਨੂੰ ਛੱਡ ਦਾਤਾਰ ਹੈ ਤੁਰਿਆ
ਅੱਜ ਵੱਖੋ ਵੱਖਰੇ ਰਾਹਾਂ ਤੇ ਪਰਿਵਾਰ ਹੈ ਤੁਰਿਆ।
ਭੁੱਖਣ ਭਾਣੇ ਸਿੰਘ ਪਿਆਰੇ ਨਾਲ ਨੇ ਚਲਦੇ
ਹਰ ਕੋਈ ਦਿਲੀ ਸਮੋ ਕੇ,ਗੁਰੂ ਪਿਆਰ ਹੈ ਤੁਰਿਆ।
ਸੀਸਗੰਜ ਨੂੰ ਸੀਸ ਨਿਵਾ ਕੇ,ਕਲਗੀਧਰ ਚਲੇ
ਬਾਪੂ ਕੋਲੋਂ ਅਸੀਸ ਲੈ,ਰੱਖ ਇਤਬਾਰ ਹੈ ਤੁਰਿਆ।
ਹੋਣੀ ਤੋਂ ਅਣਜਾਣ ਨਹੀਂ,ਸੱਚਖੰਡ ਦਾ ਮਾਲਿਕ
ਅੰਮੜੀ ਦਾ ਲੈ ਆਖਰੀ ਦੀਦਾਰ ਹੈ ਤੁਰਿਆ।
ਉਸ ਰੂੰ ਤੋਂ ਕੋਮਲ ਨਿੱਕੜੇ ਲਾਲਾਂ ਵੱਲ ਤੱਕਿਆ
ਜ਼ੁਲਮਾਂ ਨੂੰ ਠੰਢ ਪਾਉਣ ਨੂੰ,ਆਬਸ਼ਾਰ ਹੈ ਤੁਰਿਆ।
ਕਹਿਰ ਦੀ ਸਰਦੀ,ਪਿੰਡਿਆਂ ਤੇ ਗਿੱਲੇ ਲੀੜੇ
ਮਰਜੀਵੜਿਆਂ ਦਾ ਜੱਥਾ,ਸਰਸਾ ਪਾਰ ਹੈ ਤੁਰਿਆ।
ਦੋ ਪੁੱਤ ਗੜ੍ਹੀ ਵਿੱਚ ਵਾਰਨੇ,ਦੋ ਸਰਹਿੰਦ ਦੇ ਅੰਦਰ
ਖੁਦਾ ਲਈ, ਕਰ ਖੁਦਾ ਨਾਲ ਇਕਰਾਰ ਹੈ ਤੁਰਿਆ।
"ਮੁਸਾਫ਼ਿਰ" ਓਹਦੇ ਸਿਦਕ ਦੀ ਕਿਤੇ ਮਿਸਾਲ ਨਹੀਂ
ਅੱਜ ਹੋਣ ਸੁਰਖ਼ਰੂ ਨਾਨਕ ਦਾ,ਅਨਵਾਰ ਹੈ ਤੁਰਿਆ।

**(ਨਰਪਿੰਦਰ ਸਿੰਘ ਮੁਸਾਫ਼ਿਰ,ਖਰੜ)**



# ਨਾਰੀ ਸੰਸਾਰ





## ਪਹਿਲਾਂ ਹੁਨਰ ਜ਼ਰੂਰੀ ਜਾਂ ਵਿਆਹ



ਲਿਖਤ
ਕੰਵਰਪ੍ਰੀਤ ਕੌਰ ਮਾਨ



ਜਸਵੰਤ ਸਿੰਘ ਲੁਧਿਆਣੇ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਸੀ।ਉਹ ਇੱਕ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਸ ਦਾ ਇੱਕ ਛੋਟਾ ਜਿਹਾ ਟੱਬਰ ਸੀ।ਜਸਵੰਤ ਸਿੰਘ ਦੇ ਘਰ ਕੋਈ ਬੱਚਾ ਨਹੀਂ ਸੀ ਜਿਸ ਕਾਰਨ ਉਸ ਦੀ ਮਾਂ ਉਸ ਦੀ ਪਤਨੀ ਨੂੰ ਤਾਅਨੇ- ਮਿਹਣੇ ਦਿੰਦੀ ਰਹਿੰਦੀ ਅਤੇ ਇਸ ਕਾਰਨ ਘਰ ਦਾ ਮਾਹੌਲ ਵਿਗੜਿਆ ਰਹਿੰਦਾ । ਹਰ ਰੋਜ਼ ਲੜਾਈ- ਝਗੜੇ ਕਾਰਨ ਜਸਵੰਤ ਸਿੰਘ ਪ੍ਰੇਸ਼ਾਨ ਰਹਿਣ ਲੱਗਾ ਦੇਰ ਰਾਤ ਨੂੰ ਖੇਤੋਂ ਘਰ ਆਉਦਾ।

ਕੁਝ ਸਮੇਂ ਬਾਅਦ ਉਸ ਦੇ ਘਰ ਇੱਕ ਧੀ ਦੀ ਕਿਲਕਾਰੀ ਗੂੰਜੀ ਅਤੇ ਘਰ ਵਿਚ ਚਹਿਲ- ਪਹਿਲ ਆਈ ਬੱਚੀ ਦਾ ਨਾਂ ਉਸ ਦੀ ਦਾਦੀ ਨੇ ਸਤਵੀਰ ਕੌਰ ਰੱਖਿਆ, ਕਾਫ਼ੀ ਸਮੇਂ ਬਾਅਦ ਬੱਚਾ ਹੋਣ ਕਾਰਨ ਉਸ ਨੂੰ ਬੜੇ ਲਾਡਾਂ ਨਾਲ ਪਾਲਿਆ ।ਥੱਕਿਆ ਹੋਇਆ ਜਸਵੰਤ ਸਿੰਘ ਜਦੋਂ ਖੇਤੋਂ ਘਰ ਆਉਂਦਾ ਤੇ ਵਿਹੜੇ ਵਿੱਚ ਖੇਡ ਦੀ ਆਪਣੀ ਧੀ ਨੂੰ ਦੇਖ ਕੇ ਸਾਰੀ ਥਕਾਨ ਭੁੱਲ ਜਾਂਦਾ।

ਜਦੋਂ ਸਤਵੀਰ ਪੰਜ ਸਾਲ ਦੀ ਹੋਈ ਤਾਂ ਉਸ ਨੂੰ ਉਸ ਦਾ ਪਿਤਾ ਸਕੂਲ ਆਪ ਛੱਡਣ ਤੇ ਲੈਣ ਜਾਂਦਾ। ਜਿਵੇਂ- ਜਿਵੇਂ ਉਹ ਸੁਰਤ ਸੰਭਾਲਦੀ ਗਈ ਉਸ ਦੇ ਅੰਦਰ ਨਵੇਂ ਸੁਪਨੇ ਪਨਪਣ ਲੱਗੇ ।

ਸਤਵੀਰ ਕੌਰ ਪੜ੍ਹ- ਲਿਖ ਕੇ ਕਿਸੇ ਅਹੁਦੇ ਤੇ ਪਹੁੰਚਣਾ ਚਾਹੁੰਦੀ ਸੀ ।ਹੁਣ ਉਹ ਸੁਪਨਿਆਂ ਦੇ ਨਾਲ ਨਾਲ ਜਵਾਨ ਹੋਈ ਅਤੇ ਕਾਲਜ ਵਿਚ ਪੜ੍ਹਾਈ ਕਰਨ ਲੱਗੀ, ਉਸ ਦੇ ਸੁਪਨੇ ਆਸਮਾਨ ਛੂਹਣ ਲੱਗੇ । ਜਵਾਨ ਹੋਈ ਕੁੜੀ ਨੂੰ ਦੇਖ ਕੇ ਰਿਸ਼ਤੇਦਾਰ ਤੇ ਪਿੰਡ ਦੇ ਲੋਕ ਜਸਵੰਤ ਸਿੰਘ ਨੂੰ ਵਿਆਹ ਲਈ ਕਹਿਣ ਲੱਗੇ।

ਉਸ ਦਾ ਇਕ ਰਿਸ਼ਤੇਦਾਰ ਉਨ੍ਹਾਂ ਦੇ ਘਰ ਆਇਆ ਮੁੰਡੇ ਤੇ ਉਸ ਦੇ ਪਰਿਵਾਰ ਘਰ -ਬਾਰ ਦੀਆਂ ਸਿਫ਼ਤਾਂ ਕਰਨ ਲੱਗਾ। ਜਸਵੰਤ ਸਿੰਘ ਮੁੰਡੇ ਦੀ ਨੌਕਰੀ ਤੇ ਉਸ ਦਾ ਘਰ -ਬਾਰ ਦੇਖ ਕੇ ਵਿਆਹ ਲਈ ਰਾਜ਼ੀ ਹੋ ਗਿਆ ਸਤਵੀਰ ਦੀ ਇੱਛਾ ਸੀ ਕਿ ਉਹ ਆਪਣੇ ਪੈਰਾਂ ਤੇ ਖੜ੍ਹੀ ਹੋਵੇ, ਪਰ ਆਪਣੇ ਪਰਿਵਾਰ ਦੀ ਜ਼ਿੱਦ ਅੱਗੇ ਆਪਣੇ ਸੁਪਨਿਆਂ ਨੂੰ ਉਡਾਣ ਨਾ ਦੇ ਸਕੀ ।

ਵਿਆਹ ਤੋਂ ਬਾਅਦ ਸਤਵੀਰ ਆਪਣੇ ਘਰ ਦੇ ਕੰਮਾਂ ਵਿੱਚ ਰੁੱਝ ਗਈ ਅਤੇ ਆਪਣੇ ਬੱਚੇ ਸੰਭਾਲਣ ਲੱਗੀ। ਉਸ ਦੇ ਸੁਪਨੇ ਪੂਰੇ ਨਾ ਹੋਣ ਕਰ ਕੇ ਉਸ ਨੂੰ ਦੁੱਖ ਹੁੰਦਾ। ਕਈ ਵਾਰ ਉਹ ਆਪਣੀ ਸੱਸ ਤੇ ਪਤੀ ਨੂੰ ਪੜ੍ਹਾਈ ਕਰਨ ਲਈ ਕਹਿੰਦੀ ਤਾਂ ਉਸ ਨੂੰ ਜਵਾਬ ਮਿਲਦਾ ਕਿ ਆਪਣੇ ਮਾਤਾ - ਪਿਤਾ ਕੋਲੋਂ ਪੜ੍ਹ ਕੇ ਹੀ ਆਉਣਾ ਸੀ। "ਪਰ ਹੁਣ ਘਰ ਸੰਭਾਲ"। ਸੁਪਨੇ ਪੂਰੇ ਨਾ ਹੋਣ ਕਾਰਨ ਸਤਵੀਰ ਖ਼ੁਦ ਨੂੰ ਜਿਉਂਦੀ ਲਾਸ਼ ਮਹਿਸੂਸ ਕਰਦੀ।

ਸਮਾਂ ਇਸ ਇਸੇ ਤਰ੍ਹਾਂ ਲੰਘਦਾ ਗਿਆ ਇੱਕ ਦਿਨ ਅਚਾਨਕ ਉਸ ਦੇ ਪਤੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ । ਸਤਵੀਰ ਨੂੰ ਬਹੁਤ ਸਦਮਾ ਲੱਗਿਆ ਜੋ ਕਿ ਉਸ ਲਈ ਅਸਹਿ ਸੀ ,ਪਰ ਆਪਣੇ ਬੱਚਿਆਂ ਖਾਤਰ ਉਸ ਨੇ ਖ਼ੁਦ ਨੂੰ ਸੰਭਾਲਿਆ ।

ਉਸ ਦੇ ਘਰ ਦਾ ਖਰਚ ਉਸ ਦੇ ਪਤੀ ਦੀ ਤਨਖਾਹ ਤੇ ਚੱਲਦਾ ਸੀ। ਘਰ ਵਿੱਚ ਕਮਾਈ ਦਾ ਸਾਧਨ ਨਹੀਂ ਸੀ। ਪੈਸੇ ਮੰਗਣ ਤੇ ਉਸ ਦੀ ਸੱਸ ਉਸ ਨੂੰ ਤਾਅਨੇ - ਮਿਹਣੇ ਦਿੰਦੀ ਤੇ ਕਈ ਵਾਰ, ਕੋਈ ਖ਼ਰਚ ਵੀ ਨਾ ਦਿੰਦੀ ।ਸਤਵੀਰ ਲਈ ਆਪਣੇ ਬੱਚਿਆਂ ਦਾ ਪਾਲਣ -ਪੋਸ਼ਣ ਔਖਾ ਹੋ ਗਿਆ।


ਜਦੋਂ ਸਤਬੀਰ ਦੇ ਮਾਂ -ਬਾਪ ਉਸ ਦੀ ਇਹ ਹਾਲਤ ਵੇਖਦੇ ਹਨ ਤਾਂ ਉਹ ਸਤਵੀਰ ਦੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀਆਂ ਗੱਲਾਂ ਯਾਦ ਕਰਦੇ ਹਨ ਤੇ ਬਹੁਤ ਦੁਖੀ ਹੁੰਦੇ ਹਨ ।ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਕਾਸ਼!ਆਪਣੀ ਧੀ ਦੇ "ਵਿਆਹ ਦੀ ਬਜਾਏ ਪਹਿਲਾਂ ਸੁਪਨਿਆਂ ਨੂੰ ਖੰਭ ਦਿੱਤੇ ਹੁੰਦੇ ਤੇ ਦਹੇਜ ਦੀ ਥਾਂ ਹੁਨਰ ਦਿੱਤਾ ਹੁੰਦਾ ਤਾਂ ਅੱਜ ਆਪਣੀ ਧੀ ਦੀ ਮੁਥਾਜਗੀ ਭਰੀ ਜ਼ਿੰਦਗੀ ਨਾ ਦੇਖਣੀ ਪੈਂਦੀ ਤੇ ਉਸ ਦੇ ਲਾਚਾਰ ਹੋਏ ਬੱਚਿਆਂ ਨੂੰ ਦੁਖੀ ਨਾ ਹੋਣਾ ਪੈਂਦਾ।

## ਪੈਰਾਂ ਦੀ ਖ਼ੂਬਸੂਰਤੀ ਲਈ ਇਹ ਅਪਣਾਓ ਦੇਸੀ ਨੁਸਖੇ

ਲਿਖਤ : ਅਮਨਦੀਪ ਸਿੰਘ ਬਾਪਲਾ 9914611496

1) ਅੱਡੀਆਂ ਦੇ ਫਟਣ ‘ਤੇ ਅੰਬ ਦੇ ਮੁਲਾਇਮ ਅਤੇ ਤਾਜ਼ੇ ਪੱਤੇ ਤੋੜਨ ‘ਤੇ ਉਸ ‘ਚੋਂ ਨਿਕਲਣ ਵਾਲਾ ਪਦਾਰਥ ਜ਼ਖਮਾਂ ‘ਤੇ ਲਗਾਓ। ਅਜਿਹਾ ਕਰਨ ਨਾਲ ਬਹੁਤ ਜਲਦੀ ਆਰਾਮ ਮਿਲਦਾ ਹੈ ਅਤੇ ਫਟੀਆਂ ਅੱਡੀਆਂ ਠੀਕ ਹੋ ਜਾਂਦੀਆਂ ਹਨ।

2) ਤ੍ਰਿਫਲਾ ਚੂਰਨ ਨੂੰ ਖਾਣ ਵਾਲੇ ਤੇਲ ‘ਚ ਤਲ ਕੇ ਮਲ੍ਹਮ ਵਰਗਾ ਗਾੜ੍ਹਾ ਕਰ ਲਵੋ। ਰਾਤ ਨੂੰ ਸੌਂਦੇ ਸਮੇਂ ਇਸ ਪੇਸਟ ਨੂੰ ਫਟੇ ਪੈਰਾਂ ‘ਤੇ ਲਗਾ ਲਵੋ। ਕੁਝ ਦਿਨਾਂ ਤੱਕ ਇਸ ਲੇਪ ਨੂੰ ਲਗਾਉਣ ਨਾਲ ਫਟੀਆਂ ਅੱਡੀਆਂ ਠੀਕ ਹੋ ਜਾਣਗੀਆਂ ਅਤੇ ਪੈਰ ਮੁਲਾਇਮ ਹੋਣਗੇ।



3) ਰਾਤ ਨੂੰ ਸੌਣ ਤੋਂ ਪਹਿਲਾਂ ਪੈਰਾਂ ਨੂੰ ਚੰਗੀ ਤਰ੍ਹਾਂ ਸਾਫ ਕਰ ਲਓ। ਪਿੱਛੋਂ ਕੱਚੇ ਘਿਓ ਵਿਚ ਬੋਰਿਕ ਪਾਊਡਰ ਮਿਲਾ ਕੇ ਦਰਾੜਾਂ ‘ਚ ਭਰ ਦਿਓ। ਉਸ ਤੋਂ ਬਾਅਦ ਜੁਰਾਬਾਂ ਪਾ ਕੇ ਸੌਂ ਜਾਓ। 3-4 ਦਿਨ ਅਜਿਹਾ ਕਰਨ ਨਾਲ ਫਟੀਆਂ ਅੱਡੀਆਂ ਠੀਕ ਹੋ ਜਾਣਗੀਆਂ।

4) ਅਮਚੂਰ ਦਾ ਤੇਲ 50 ਗ੍ਰਾਮ, ਮੋਮ 20 ਗ੍ਰਾਮ, ਸੱਤਿਆਨਾਸ਼ੀ ਦੇ ਬੀਜਾਂ ਦਾ ਪਾਊਡਰ 10 ਗ੍ਰਾਮ ਅਤੇ 20 ਗ੍ਰਾਮ ਘਿਓ ਲਵੋ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਇਕ ਜਾਰ ‘ਚ ਪਾਓ। ਰਾਤ ਨੂੰ ਸੌਂਦੇ ਸਮੇਂ ਪੈਰਾਂ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ ਕਰਕੇ ਇਸ ਪੇਸਟ ਨੂੰ ਲਗਾਓ ਅਤੇ ਜੁਰਾਬਾਂ ਪਾ ਲਓ।

5) ਗੇਂਦੇ ਦੇ ਪੱਤਿਆਂ ਦਾ ਰੱਸ ਵੈਸਲੀਨ ‘ਚ ਮਿਲਾ ਕੇ ਲਗਾਉਣ ਨਾਲ ਆਰਾਮ ਮਿਲਦਾ ਹੈ।

6) ਕੱਚਾ ਪਿਆਜ਼ ਪੀਸ ਕੇ ਪਾਊਡਰ ਬਣਾ ਕੇ ਮਲਨ ਨਾਲ ਵੀ ਆਰਾਮ ਮਿਲਦਾ ਹੈ।

7) ਜਦੋਂ ਅੱਡੀਆਂ ਫਟ ਗਈਆਂ ਹੋਣ ਤਾਂ ਨੰਗੇ ਪੈਰ ਜ਼ਮੀਨ ‘ਤੇ ਤੁਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਪਾਣੀ ‘ਚ ਜ਼ਿਆਦਾ ਦੇਰ ਪੈਰ ਨਹੀਂ ਰੱਖਣੇ ਚਾਹੀਦੇ।

8) ਦੇਸੀ ਘਿਓ ਅਤੇ ਲੂਣ ਨੂੰ ਮਿਲਾ ਕੇ ਪਾਟੀਆਂ ਅੱਡੀਆਂ ‘ਤੇ ਲਗਾਓ। ਅਜਿਹਾ ਕਰਨ ਨਾਲ ਅੱਡੀਆਂ ਠੀਕ ਹੋ ਜਾਣਗੀਆਂ ਅਤੇ ਪੈਰਾਂ ਦੀ ਚਮੜੀ ਮੁਲਾਇਮ ਰਹੇਗੀ।

9) ਪਪੀਤੇ ਦੇ ਛਿਲਕਿਆਂ ਨੂੰ ਸੁਕਾ ਕੇ ਪੀਸ ਕੇ ਚੂਰਨ ਬਣਾ ਲਵੋ। ਇਸ ਚੂਰਨ ‘ਚ ਗਲੈਸਰੀਨ ਮਿਲਾ ਕੇ ਦਿਨ ‘ਚ ਦੋ ਵਾਰ ਫਟੀਆਂ ਅੱਡੀਆਂ ‘ਤੇ ਲਗਾਉਣ ਨਾਲ ਬਹੁਤ ਜਲਦੀ ਆਰਾਮ ਮਿਲਦਾ ਹੈ।

10) ਜਦੋਂ ਅੱਡੀਆਂ ‘ਚੋਂ ਖ਼ੂਨ ਨਿਕਲ ਰਿਹਾ ਹੋਵੇ ਤਾਂ ਉਨ੍ਹਾਂ ਨੂੰ ਰਾਤ ਨੂੰ ਗਰਮ ਪਾਣੀ ਨਾਲ ਧੋ ਕੇ ਕੋਸੀ ਮੋਮ ਲਗਾਉਣ ਨਾਲ ਖ਼ੂਨ ਨਿਕਲਣਾ ਬੰਦ ਹੋ ਜਾਂਦਾ ਹੈ ਅਤੇ ਫਟੀਆਂ ਅੱਡੀਆਂ ਠੀਕ ਹੁੰਦੀਆਂ ਹਨ।

11) ਪੈਰਾਂ ਨੂੰ ਗਰਮ ਪਾਣੀ ਨਾਲ ਧੋ ਕੇ ਉਸ ‘ਚ ਏਰੇਂਡ ਦਾ ਤੇਲ ਲਗਾਉਣ ਨਾਲ ਫਟੀਆਂ ਅੱਡੀਆਂ ਠੀਕ ਹੁੰਦੀਆਂ ਹਨ।

## ਆਪਣੇ ਆਪ ਦੀ ਕਦਰ ਕਰੋ



ਲਿਖਤ : ਹਰਪ੍ਰੀਤ ਕੌਰ ਸੰਧੂ

ਤੁਹਾਡੀ ਅਹਿਮੀਅਤ ਘੱਟ ਜਾਵੇ ਤਾਂ ਪਿੱਛੇ ਹਟ ਜਾਣਾ ਬਿਹਤਰ ਹੁੰਦਾ ਹੈ ਜੇਕਰ ਤੁਹਾਡੀ ਗੱਲ ਸੁਣੀ ਨਹੀਂ ਜਾ ਰਹੀ ਤਾਂ ਚੁੱਪ ਕਰ ਜਾਣਾ ਬਿਹਤਰ ਹੈ। ਜੇਕਰ ਅਸੀਂ ਅਜਿਹੀ ਥਾਂ ਤੇ ਬਣੇ ਰਹਿੰਦੇ ਹਨ ਜਿੱਥੋਂ ਸਾਡੀ ਕਦਰ ਨਾ ਹੋਵੇ ਅਸੀਂ ਆਪਣੀ ਕਦਰ ਆਪ ਘਟਾਉਂਦੇ ਹਾਂ।

ਇਕ ਫਕੀਰ ਨੇ ਮਰਨ ਲੱਗਿਆਂ ਆਪਣੇ ਚੇਲਿਆਂ ਨੂੰ ਕਿਹਾ ਕਿ ਮੇਰਾ ਜਿੰਦਗੀ ਵਿਚ ਕਦੀ ਅਪਮਾਨ ਨਹੀ ਹੋਇਆ। ਚੇਲੇ ਬਹੁਤ ਨਰਾਜ਼ ਹੋਏ। ਓਹਨਾਂ ਕਿਹਾ ਅਸੀਂ ਵੀ ਇਹੀ ਚਾਹੁੰਦੇ ਹਾਂ ਕਿ ਹਰ ਕੋਈ ਸਾਡਾ ਸਨਮਾਨ ਕਰੇ। ਤੁਸੀਂ ਇਹ ਗੁਰ ਸਾਨੂੰ ਪਹਿਲਾਂ ਕਿਉਂ ਨਹੀਂ ਦੱਸਿਆ। ਫ਼ਕੀਰ ਨੇ ਕਿਹਾ ਮੈਂ ਇਹ ਨਹੀਂ ਕਿਹਾ ਕਿ ਮੇਰਾ ਸਨਮਾਨ ਹੋਇਆ ਸਗੋਂ ਇਹ ਕਿਹਾ ਕਿ ਮੇਰਾ ਕਦੀ ਅਪਮਾਨ ਨਹੀਂ ਹੋਇਆ ਕਿਉਂਕਿ ਮੈਂ ਕਦੀ ਸਨਮਾਨ ਦੀ ਇੱਛਾ ਹੀ ਨਹੀਂ ਰੱਖੀ। ਜੇਕਰ ਤੁਸੀਂ ਚਾਹੁੰਦੇ ਹੋ ਕੀ ਤੁਹਾਡਾ ਅਪਮਾਨ ਨਾ ਹੋਵੇ ਤਾਂ ਤੁਸੀਂ ਸਨਮਾਨ ਦੀ ਇੱਛਾ ਛੱਡ ਦਿਓ। ਸਲਾਹ ਓਥੇ ਦਿਓ ਜਿਥੇ ਤੁਹਾਡੇ ਸ਼ਬਦਾਂ ਦੀ ਕਦਰ ਕੀਤੀ ਜਾਵੇ। ਜੇਕਰ ਤੁਹਾਨੂੰ ਲੱਗਦਾ ਹੈ ਕਿ ਸਾਹਮਣੇ ਵਾਲਾ ਤੁਹਾਡੀ ਗੱਲ ਨਹੀ ਸੁਣਨਾ ਚਾਹੁੰਦਾ ਆਪਣੀ ਗੱਲ ਨਾ ਕਹੋ।

ਅੱਜ ਦੇ ਸਮੇਂ ਵਿਚ ਹਰ ਕੋਈ ਸਿਆਣਾ ਹੈ। ਕੋਈ ਨਹੀਂ ਚਾਹੁੰਦਾ ਕਿ ਉਸ ਦੀ ਜ਼ਿੰਦਗੀ ਵਿਚ ਦਖਲ ਦਿੱਤਾ ਜਾਵੇ। ਆਪਣੀ ਬੇਕਦਰੀ ਕਰਵਾਉਣ ਨਾਲੋਂ ਚੰਗਾ ਹੈ ਕਿ ਚੁੱਪ ਰਿਹਾ ਜਾਵੇ। ਪਹਿਲਾਂ ਕਹਿੰਦੇ ਹਨ ਇੱਕ ਚੁੱਪ ਸੌ ਸੁੱਖ। ਜਿਸ ਰਿਸ਼ਤੇ ਵਿੱਚ ਤੁਹਾਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਉਸ ਰਿਸ਼ਤੇ ਤੋਂ ਦੂਰੀ ਬਣਾ ਲਓ। ਉਸ ਰਿਸ਼ਤੇ ਨੇ ਅੱਜ ਨਹੀਂ ਤਾਂ ਕੱਲ ਮੁੱਕਣਾ ਹੀ ਹੈ। ਜੇਕਰ ਤੁਸੀਂ ਪਹਿਲਾਂ ਤੋਂ ਹੀ ਦੂਰੀ ਬਣਾ ਲਵੋਗੇ ਤਾਂ ਤੁਹਾਨੂੰ ਦੁੱਖ ਘੱਟ ਹੋਵੇਗਾ।

ਅੱਜ ਦੇ ਸਮੇਂ ਵਿਚ ਹਰ ਚੀਜ਼ ਐਕਸਪਾਇਰੀ ਡੇਟ ਨਾਲ ਆਉਦੀ ਹੈ। ਇੱਥੇ ਕੁਝ ਵੀ ਸਦੀਵੀ ਨਹੀਂ। ਆਪਣੇ ਆਪ ਵਿਚ ਰਹੋ। ਖੁਸ਼ ਰਹਿਣਾ ਹੈ ਤਾਂ ਉਮੀਦ ਕਿਸੇ ਤੋਂ ਨਾ ਰੱਖੋ। ਇਹ ਮੁਸ਼ਕਿਲ ਜ਼ਰੂਰ ਹੈ ਪਰ ਅਸੰਭਵ ਨਹੀਂ।

## ਨੇਕ ਮਨੁੱਖ ਬਣੋ

ਦੋਸਤੋ ਇਹ ਸ਼ੋਹਰਤਾਂ ਤੇ ਬੁਲੰਦੀਆਂ ਕਿਸੇ ਕੰਮ ਦੀਆਂ ਨਹੀਂ ਜੇ ਅਸੀਂ ਚੰਗੇ ਮਨੁੱਖ ਹੀ ਨਾ ਬਣ ਸਕੇ। ਜੇ ਅਸੀਂ ਆਪਣੀ ਤੇ ਆਪਣਿਆਂ ਦੇ ਕੰਮ ਨਾ ਆ ਸਕੇ ਤਾਂ ਅਸੀਂ ਕਾਹਦੇ ਮਨੁੱਖ ਹੋਏ। ਬੁਲੰਦੀਆਂ ਤੇ ਪਹੁੰਚ ਕੇ ਵੀ ਮਨੁੱਖ ਅਧੂਰਾ ਰਹਿੰਦਾ ਹੈ ਜੇਕਰ ਉਸਦੇ ਆਪਣੇ ਉਸ ਦੇ ਨਾਲ ਨਾ ਹੋਣ। ਮਨੁੱਖ ਲਈ ਮਨੁੱਖ ਹੋਣਾ ਜ਼ਿਆਦਾ ਜ਼ਰੂਰੀ ਹੈ। ਸ਼ੁਹਰਤਾਂ ਤੇ ਦੌਲਤਾਂ ਬੇਮਾਨੀ ਹੋ ਜਾਂਦੀ ਹੈ ਜਦੋਂ ਅਸੀਂ ਮਨੁੱਖਤਾ ਤੋਂ ਮੁਨਕਰ ਹੋ ਜਾਂਦੇ ਹਾਂ। ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਕਦਮ ਜ਼ਮੀਨ ਤੇ ਰੱਖ ਕੇ ਤੁਰੀਏ। ਜ਼ਮੀਨ ਨਾਲ ਜੁੜਿਆ ਹੋਇਆ ਮਨੁੱਖ ਹੀ ਕਿਸੇ ਦੀ ਮਦਦ ਕਰ ਸਕਦਾ ਹੈ। ਵੱਡਿਆਂ ਤੋਂ ਹੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ ਕਿ ਉਹ ਆਮ ਬੰਦੇ ਖੜ੍ਹੇ ਹੋਣਗੇ। ਵੱਡਾ ਹੋ ਕੇ ਤਾਂ ਬੰਦਾ ਆਪਣੀ ਵਡਿਆਈ ਵਿੱਚ ਹੀ ਗੁਆਚ ਜਾਂਦਾ ਹੈ। ਮਨੁੱਖ ਲਈ ਮਨੁੱਖ ਰਹਿਣਾ ਹੀ ਜ਼ਰੂਰੀ ਹੈ। ਜਦੋਂ ਮਨੁੱਖ ਆਪਣੇ ਨੂੰ ਨਾਲ ਦਿਆਂ ਨਾਲੋਂ ਵੱਖ ਸਮਝਣ ਲੱਗ ਜਾਂਦਾ ਹੈ ਜਾਂ ਉਨ੍ਹਾਂ ਤੋਂ ਉੱਚਾ ਸਮਝਣ ਲੱਗ ਜਾਂਦਾ ਹੈ ਤਾਂ ਸਮਝੋ ਉਹ ਕੁਰਾਹੇ ਪੈ ਜਾਂਦਾ ਹੈ। ਫਿਰ ਉਸ ਤੋਂ ਕਿਸੇ ਦੀ ਮਦਦ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਮਨੁੱਖਤਾ ਦਾ ਧਰਮ ਇਹ ਕਹਿੰਦਾ ਹੈ ਕਿ ਅਸੀਂ ਆਪਣੇ ਨਾਲ ਆਪਣਿਆਂ ਦਾ ਵੀ ਖਿਆਲ ਰੱਖੀਏ। ਤਰੱਕੀ ਦੀਆਂ ਪੌੜੀਆਂ ਚੜ੍ਹਦੇ ਹੋਏ ਅਸੀਂ ਇਹ ਨਾ ਭੁੱਲ ਜਾਈਏ ਕਿ ਅਸੀਂ ਆਮ ਹੀ ਰਹਿੰਦੇ ਜੇਕਰ ਸਾਨੂੰ ਹੱਲਾ ਸ਼ੇਰੀ ਸਾਡੇ ਆਪਣਿਆਂ ਨੇ ਨਾ ਦਿੱਤੀ ਹੁੰਦੀ। ਅਸੀਂ ਜੋ ਕੁਝ ਆਪਣੇ ਮਾਂ-ਬਾਪ ਤੇ ਆਪਣੇ ਸਾਥੀਆਂ ਦੀ ਬਦੌਲਤ ਹਾਂ। ਅਕਿਰਤਘਣ ਹੁੰਦੇ ਨੇ ਉਹ ਲੋਕ ਜੋ ਆਪਣਿਆਂ ਨੂੰ ਭੁੱਲ ਜਾਂਦੇ ਹਨ। ਨਾ ਦੌਲਤ ਸਦਾ ਰਹਿੰਦੀ ਹੈ ਨਾ ਹੀ ਸ਼ੋਹਰਤ। ਇਹ ਸਭ ਆਉਣੀਆਂ ਜਾਣੀਆਂ ਚੀਜ਼ਾਂ ਹਨ। ਮਨੁੱਖ ਤੋਂ ਬਾਅਦ ਉਸ ਦੀ ਚੰਗਿਆਈ ਹੀ ਯਾਦ ਰਹਿ ਜਾਂਦੀ ਹੈ। ਇਹ ਸਫ਼ਲ ਕਾਰੋਬਾਰੀ ਬਣਨ ਨਾਲੋ ਇਕ ਸਫਲ ਮਨੁੱਖ ਬਣਨਾ ਜ਼ਿਆਦਾ ਜ਼ਰੂਰੀ ਹੈ। ਹਿੰਦੁਸਤਾਨ ਵਿੱਚ ਅਨੇਕਾਂ ਕਾਰੋਬਾਰੀ ਹਨ ਪਰ ਜਿਸ ਸ਼ਿੱਦਤ ਨਾਲ ਰਤਨ ਟਾਟਾ ਦਾ ਨਾਮ ਲਿਆ ਜਾਂਦਾ ਹੈ ਉਸ ਦੀ ਕੋਈ ਮਿਸਾਲ ਨਹੀਂ। ਉਹਨਾਂ ਨੂੰ ਉਹਨਾਂ ਦੇ ਪੈਸੇ ਲਈ ਨਹੀਂ ਉਹਦੇ ਕੰਮ ਲਈ ਇੱਜ਼ਤ ਦਿੱਤੀ ਜਾਂਦੀ ਹੈ। ਨੇਕ ਕੰਮ ਕਰੋ ਤਾਂ ਕਿ ਲੋਕ ਦਿਲੋਂ ਤੁਹਾਡੀ ਇੱਜ਼ਤ ਕਰਨ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## CHANGE OF NAME

I, Amritpal Singh son of Kuldeep Singh resident of 10-8455 115 street Delta, BC, V4C 5N7, do hereby change my name from Amritpal Singh to Amritpal Singh Randhawa with immediate effect.

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਹਵਾ, ਪਾਣੀ ਤੇ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਹੈ ਸਾਡਾ ਸਾਰਿਆਂ ਦਾ ਫ਼ਰਜ਼


**ਲਿਖਤ : ਪਰਮਜੀਤ ਕੌਰ ਬਬਲੀ**
**ਸੰਪਰਕ : 97818-00860**


ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਵਾ ਦੀ ਤੁਲਨਾ ਗੁਰੂ , ਪਾਣੀ ਦੀ ਤੁਲਨਾ ਪਿਤਾ ਤੇ ਧਰਤੀ ਦੀ ਤੁਲਨਾ ਮਾਤਾ ਨਾਲ ਕੀਤੀ ਸੀ। ਇਸ ਉਪਦੇਸ਼ ਰਾਹੀਂ ਗੁਰੂ ਸਾਹਿਬ ਨੇ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਦੇ ਨਾਲ ਹੀ ਗੁਰੂ , ਪਿਤਾ ਤੇ ਮਾਤਾ ਦਾ ਆਦਰ-ਸਤਿਕਾਰ ਕਰਨ ਤੇ ਉਨ੍ਹਾਂ ਦੀ ਸੇਵਾ-ਸੰਭਾਲ ਕਰਨ ਦਾ ਸੰਦੇਸ਼ ਵੀ ਦਿੱਤਾ ਸੀ। ਮੌਜੂਦਾ ਸਮੇਂ 'ਚ ਹਾਲਾਤ ਇਹ ਹਨ ਕਿ ਬਹੁਤੇ ਲੋਕ ਜ਼ਿੰਦਗੀ ਦੀ ਅੰਨੀ ਦੌੜ 'ਚ ਏਨੇ ਜ਼ਿਆਦਾ ਰੁੱਝੇ ਹੋਏ ਹਨ ਕਿ ਉਹ ਨਾ ਤਾਂ ਗੁਰੂ, ਪਿਤਾ ਤੇ ਮਾਤਾ ਨੂੰ ਸਤਿਕਾਰ ਦਿੰਦੇ ਹਨ ਤੇ ਨਾ ਹੀ ਉਨ੍ਹਾਂ ਦੀ ਸੇਵਾ-ਸੰਭਾਲ ਵੱਲ ਧਿਆਨ ਦੇ ਰਹੇ ਹਨ।

ਉਹ ਹਵਾ, ਪਾਣੀ ਤੇ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਵੱਲ ਵੀ ਕੋਈ ਤਵੱਜੋ ਨਹੀਂ ਦੇ ਰਹੇ। ਬਹੁਤ ਘੱਟ ਲੋਕ ਹਨ ਜੋ ਗੁਰੂ ਸਾਹਿਬ ਦੇ ਉਪਦੇਸ਼ ਤੇ ਸੰਦੇਸ਼ ਮੁਤਾਬਕ ਆਪਣਾ ਜੀਵਨ ਬਤੀਤ ਕਰ ਰਹੇ ਹਨ। ਜੇ ਮੌਜੂਦਾ ਸਮੇਂ ਹਵਾ ਦੇ ਪ੍ਰਦੂਸ਼ਣ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਸਮੇਤ ਸਾਰੇ ਦੇਸ਼ ਦੀ ਆਬੋ-ਹਵਾ ਏਨੀ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕੀ ਹੈ ਕਿ ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਲ ਹੋ ਗਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ' ਚ ਤਾਂ ਪ੍ਰਦੂਸ਼ਣ ਏਨਾ ਜ਼ਿਆਦਾ ਵਧ ਗਿਆ ਸੀ ਕਿ ਬੱਚਿਆਂ ਲਈ ਸਕੂਲਾਂ 'ਚ ਛੁੱਟੀਆਂ ਤੱਕ ਕਰਨੀਆਂ ਪੈ ਗਈਆਂ ਤਾਂ ਜੋ ਮਾਸੂਮ ਬੱਚਿਆ ਨੂੰ ਪ੍ਰਦੂਸ਼ਣ ਦੀ ਮਾਰ ਤੋਂ ਬਚਾਇਆ ਜਾ ਸਕੇ। ਪਿਛਲੇ ਦਿਨੀਂ ਪੰਜਾਬ ਦਾ ਏਕਿਊਆਈ (ਹਵਾ ਦੀ ਗੁਣਵੱਤਾ ਦਾ ਪੱਧਰ) 400 ਤੋਂ ਪਾਰ ਹੋ ਗਿਆ ਜਿਸ ਵਿਚ ਆਮ ਇਨਸਾਨ ਲਈ ਸਾਹ ਲੈਣਾ ਵੀ ਔਖਾ ਹੋ ਗਿਆ ਸੀ। ਜੇਕਰ ਤੰਦਰੁਸਤ ਮਨੁੱਖ ਦਾ ਹਾਲ ਬੁਰਾ ਹੈ ਤਾਂ ਘੱਟ ਇਮਿਊਨਿਟੀ ਵਾਲੇ ਬੱਚਿਆਂ, ਬਜ਼ੁਰਗਾਂ ਤੇ ਬਿਮਾਰਾਂ ਲਈ ਤਾਂ ਹੋਰ ਵੀ ਮੁਸ਼ਕਲ ਹਾਲਾਤ ਪੈਦਾ ਹੋ ਗਏ ਹਨ। ਗੁਰੂ ਨਗਰੀ ਸ੍ਰੀ ਅੰਮ੍ਰਿਤਸਰ 'ਚ ਇਸ ਵਾਰ ਪ੍ਰਦੂਸ਼ਣ ਪੱਧਰ ਇਸ ਕਦਰ ਵਧ ਗਿਆ ਕਿ ਉੱਥੋਂ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਸਮੋਗ ਕਾਰਨ ਜਹਾਜ਼ਾਂ ਦਾ ਆਉਣਾ ਮੁਸ਼ਕਲ ਹੋ ਗਿਆ ਤੇ ਉਨ੍ਹਾਂ ਦਾ ਰਾਹ ਬਦਲਣਾ ਪਿਆ। ਧੜਾਧੜ ਵਧ ਰਹੀ ਗੱਡੀਆਂ ਦੀ ਗਿਣਤੀ ਅਤੇ ਕਾਰਖਾਨਿਆਂ ਦੀਆਂ ਚਿਮਨੀਆਂ 'ਚੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਵਾਤਾਵਰਨ ਮਾਹਿਰਾਂ ਮੁਤਾਬਕ 0-50 ਤੱਕ ਏਕਿਊਆਈ ਵਾਲੀ ਹਵਾ ਨੂੰ ਚੰਗਾ ਮੰਨਿਆ ਜਾਂਦਾ ਹੈ, 51-100 ਤੱਕ ਤਸੱਲੀਬਖ਼ਸ਼ ਹੈ ਤੇ ਸੰਵੇਦਨਸ਼ੀਲ ਲੋਕਾਂ ਲਈ ਸਾਹ ਲੈਣ 'ਚ ਔਖ ਹੁੰਦੀ ਹੈ।

101-200 ਤੱਕ ਦੇ ਏਕਿਊਆਈ 'ਚ ਫੇਫੜਿਆਂ, ਦਮੇ ਤੇ ਦਿਲ ਦੀਆਂ ਬਿਮਾਰੀਆਂ ਵਾਲੇ ਲੋਕਾਂ ਲਈ ਸਾਹ ਲੈਣ 'ਚ ਤਕਲੀਫ਼ ਹੋ ਸਕਦੀ ਹੈ। ਤਿੰਨ ਸੌ ਤੋਂ ਵੱਧ ਏਕਿਊਆਈ ਵਾਲੀ ਹਵਾ ਮਨੁੱਖ ਲਈ ਬਹੁਤ ਮਾੜੀ ਹੈ ਤੇ ਲੰਬੇ ਸਮੇਂ ਤੱਕ ਸੰਪਰਕ 'ਚ ਰਹਿਣ 'ਤੇ ਸਾਹ ਦੀ ਬਿਮਾਰੀ ਹੋ ਸਕਦੀ ਹੈ। ਇਸੇ ਤਰ੍ਹਾਂ 401-500 ਏਕਿਊਆਈ ਵਾਲੀ ਹਵਾ ਸਿਹਤਮੰਦ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਤੇ ਬਿਮਾਰੀਆਂ ਵਾਲੇ ਲੋਕਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦੀ ਹੈ।

ਡਾਕਟਰਾਂ ਮੁਤਾਬਕ ਪਰਾਲੀ ਦੀ ਅੱਗ ਤੇ ਪਟਾਕਿਆਂ ਦੇ ਧੂੰਏਂ 'ਚ ਰਲ਼ਿਆ ਸਲਫਰ ਡਾਈਆਕਸਾਈਡ ਤੇ ਪੀਐੱਮ 2.5 ਅੱਖਾਂ ਲਈ ਹਾਨੀਕਾਰਕ ਹੁੰਦਾ ਹੈ ਅਤੇ ਇਸ ਨਾਲ ਅੱਖਾਂ 'ਚ ਜਲਨ ਹੋਣ ਲੱਗਦੀ ਹੈ ਤੇ ਪਾਣੀ ਵੀ ਵਗਣ ਲਗਦਾ ਹੈ। ਜੇ ਪਾਣੀ ਦੀ ਗੱਲ ਕੀਤੀ ਜਾਵੇ ਤਾਂ ਇਸ ਦੇ ਮੁੱਖ ਸਰੋਤ ਮੀਂਹ , ਨਦੀਆਂ ਤੇ ਧਰਤੀ ਹੇਠਲਾ ਪਾਣੀ ਹਨ। ਜਲਵਾਯੂ ਤਬਦੀਲੀ ਕਾਰਨ ਮੀਂਹ ਦੀ ਮਾਤਰਾ ਘਟ ਚੁੱਕੀ ਹੈ , ਨਦੀਆਂ ਤੇ ਦਰਿਆ ਗੰਦੇ ਨਾਲੇ ਬਣ ਚੁੱਕੇ ਹਨ ਅਤੇ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਕਦੇ ਆਮ ਲੋਕਾਂ ਦੇ ਪੀਣ ਤੇ ਇਸ਼ਨਾਨ ਕਰਨ ਲਈ ਵਰਤੇ ਜਾਂਦੇ ਕੁਦਰਤੀ ਸੋਮਿਆਂ, ਨਹਿਰਾਂ ਤੇ ਦਰਿਆਵਾਂ ਦੇ ਪਾਣੀ ਵੀ ਬੁਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਮਨੁੱਖ ਨੇ ਵਿਕਾਸ ਤੇ ਪੈਸਾ ਕਮਾਉਣ ਦੇ ਨਾਂ 'ਤੇ ਪਾਣੀ ਦੇ ਸਰੋਤਾਂ ਨੂੰ ਗੰਦੇ ਪਾਣੀ ਪਾ-ਪਾ ਕੇ ਪ੍ਰਦੂਸ਼ਿਤ ਕਰ ਦਿੱਤਾ ਹੈ। ਵਧੇਰੇ ਪਾਣੀ ਵਾਲੀਆ ਫ਼ਸਲਾਂ ਦੀ ਖੇਤੀ ਕਰਨ ਕਰਕੇ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਪਾਣੀ ਦੀ ਉਪਲੱਬਧਤਾ ਤੇ ਮੰਗ ਵਿਚਕਾਰ 14 ਬੀਸੀਐੱਮ ਦਾ ਫ਼ਰਕ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2017 ਦੀ ਰਿਪੋਰਟ ਮੁਤਾਬਕ ਉਸ ਸਾਲ ਔਸਤਨ 35.8 ਬੀਸੀਐੱਮ ਪਾਣੀ ਧਰਤੀ ਹੇਠੋਂ ਕੱਢਿਆ ਗਿਆ ਜਦੋਂਕਿ ਇਸ ਦੀ ਭਰਪਾਈ 21.6 ਬੀਸੀਐੱਮ ਹੀ ਹੋਈ। ਇਸ ਤਰ੍ਹਾਂ 14.2 ਬੀਸੀਐੱਮ ਪਾਣੀ ਧਰਤੀ ਹੇਠੋਂ ਵੱਧ ਕੱਢਿਆ ਗਿਆ।

ਅੰਕੜਿਆਂ ਮੁਤਾਬਕ ਸਾਡੇ ਕੋਲ ਸਭ ਤੋਂ ਵੱਧ ਪਾਣੀ ਧਰਤੀ ਹੇਠਾਂ 100 ਮੀਟਰ ਤੱਕ ਹੈ। ਉਸ ਤੋਂ ਬਾਅਦ ਇਹ ਲਗਾਤਾਰ ਘੱਟ ਰਿਹਾ ਹੈ। 300 ਮੀਟਰ ਤੱਕ ਸਾਡੇ ਕੋਲ 299.12 ਬੀਸੀਐੱਮ ਧਰਤੀ ਹੇਠਲਾ ਪਾਣੀ ਹੈ ਅਤੇ ਅਸੀਂ ਸਾਲਾਨਾ ਧਰਤੀ ਹੇਠੋਂ ਧਰਤੀ ਹੇਠ ਰਿਚਾਰਜ ਹੋਣ ਵਾਲੇ ਪਾਣੀ ਤੋਂ 14.20 ਬੀਸੀਐੱਮ ਪਾਣੀ ਜ਼ਿਆਦਾ ਕੱਢ ਰਹੇ ਹਾਂ।

ਸੰਨ 2022 ਦੇ ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੇ 150 ਬਲਾਕਾਂ ' ਚੋਂ 114 ਡਾਰਕ ਜ਼ੋਨ ' ਚ ਜਾ ਚੁੱਕੇ ਹਨ। ਧਰਤੀ ਹੇਠਲਾ ਪਾਣੀ ਹਰ ਸਾਲ 0.70 ਮੀਟਰ ਡੂੰਘਾ ਹੁੰਦਾ ਜਾ ਰਿਹਾ ਹੈ। ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜ਼ਮੀਨੀ ਪਾਣੀ ਦੀ ਵਰਤੋਂ ਬੰਦ ਨਾ ਕੀਤੀ ਗਈ ਤਾਂ ਅਗਲੇ 30 ਸਾਲਾਂ ਤਕ ਪੰਜਾਬ ਬੰਜਰ ਬਣ ਜਾਵੇਗਾ। ਜੇ ਪਾਣੀ ਦੇ ਕੁਦਰਤੀ ਸੋਮਿਆਂ ਦੀ ਗੱਲ ਕਰੀਏ ਤਾਂ 2021 ' ਚ ਸੂਬੇ ਅੰਦਰ ਔਸਤਨ ਮੀਂਹ 528 ਐੱਮਐੱਮ ਦਰਜ ਕੀਤਾ ਗਿਆ ਹੈ, ਜੋ 1980ਵਿਆਂ ਦੇ ਮੁਕਾਬਲੇ 200 ਐੱਮਐੱਮ ਘੱਟ ਹੈ। ਨਾਲ ਹੀ ਪਹਾੜਾਂ ਤੋਂ ਨਿਕਲਣ ਵਾਲੇ ਪਾਣੀ ਦੇ ਝਰਨੇ ਸੁੱਕ ਚੁੱਕੇ ਹਨ ਤੇ ਸੂਬੇ ' ਚ ਵਗਦੇ ਤਿੰਨੇ ਦਰਿਆ ਵੀ ਨਹਿਰਾਂ ਦਾ ਰੂਪ ਧਾਰ ਚੁੱਕੇ ਹਨ , ਜਿਨ੍ਹਾਂ ਦਾ ਪਾਣੀ ਮਨੁੱਖ ਤਾਂ ਕੀ ਪਸ਼ੂਆਂ ਦੇ ਪੀਣ ਤੇ ਨਹਾਉਣ ਦੇ ਯੋਗ ਨਹੀਂ ਰਿਹਾ। ਇਨ੍ਹਾਂ ਦਰਿਆਵਾਂ 'ਚ ਲਗਾਤਾਰ ਕਾਰਖਾਨਿਆਂ ਤੇ ਨਾਲ ਲੱਗਦੇ ਸ਼ਹਿਰਾਂ-ਕਸਬਿਆਂ ਦੇ ਸੀਵਰੇਜ ਦਾ ਗੰਦਾ ਪਾਣੀ ਸੁੱਟਣ ਕਾਰਨ ਇਹ ਗੰਦੇ ਨਾਲਿਆਂ ਦਾ ਰੂਪ ਧਾਰ ਚੁੱਕੇ ਹਨ।

ਜੇ ਸਿੰਚਾਈ ਲਈ ਵਰਤੇ ਜਾ ਰਹੇ ਪਾਣੀ ਨੂੰ ਧਰਤੀ ਹੇਠੋਂ ਕੱਢਣ ਲਈ ਲੱਗੇ ਟਿਊਬਵੈੱਲਾਂ ਦੀ ਗੱਲ ਕੀਤੀ ਜਾਵੇ ਤਾਂ 1970 ਦੇ ਦਹਾਕੇ ਦੌਰਾਨ ਪੰਜਾਬ 'ਚ ਕਰੀਬ ਇਕ ਲੱਖ ਟਿਊਬਵੈੱਲ ਸਨ ਜੋ ਹੁਣ ਵਧ ਕੇ 15 ਕੁ ਲੱਖ ਹੋ ਚੁੱਕੇ ਹਨ।

1970-71 ਦੌਰਾਨ ਖੇਤੀ ਖੇਤਰ 'ਚ ਬਿਜਲੀ ਦੀ ਖਪਤ 463 ਮਿਲੀਅਨ ਕਿੱਲੋਵਾਟ ਪ੍ਰਤੀ ਘੰਟਾ ਸੀ ਜੋ ਕਿ 2019-20 ਦੌਰਾਨ ਵਧ ਕੇ 11537 ਮਿਲੀਅਨ ਕਿੱਲੋਵਾਟ ਪ੍ਰਤੀ ਘੰਟਾ ਪੁੱਜ ਚੁੱਕੀ ਹੈ। ਜਿੱਥੇ ਖੇਤੀ ਹੇਠਲਾ ਰਕਬਾ ਵਧਦਾ ਗਿਆ ਹੈ, ਉੱਥੇ ਹੀ ਜੰਗਲਾਂ ਹੇਠਲਾ ਰਕਬਾ ਲਗਾਤਾਰ ਘਟ ਗਿਆ ਹੈ। 2021 ਦੇ ਫਾਰੈਸਟ ਸਰਵੇ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਪੰਜਾਬ 'ਚ ਜੰਗਲਾਂ ਹੇਠਲਾ ਰਕਬਾ ਘਟ ਗਿਆ ਅਤੇ ਕੁੱਲ ਜੰਗਲ 1846.65 ਵਰਗ ਕਿੱਲੋਮੀਟਰ ਰਹਿ ਗਿਆ। ਇਸ 'ਚ 10.58 ਵਰਗ ਕਿੱਲੋਮੀਟਰ ਸੰਘਣੇ ਜੰਗਲ , 793.11 ਵਰਗ ਕਿੱਲੋਮੀਟਰ ਦਰਮਿਆਨੇ ਜੰਗਲ ਤੇ 1042.96 ਵਰਗ ਕਿੱਲੋਮੀਟਰ 'ਚ ਖੁੱਲ੍ਹੇ ਜੰਗਲ ਹਨ। ਇਸ ਤੋਂ ਇਲਾਵਾ 33.89 ਵਰਗ ਕਿੱਲੋਮੀਟਰ ਖੇਤਰ ' ਚ ਝਾੜੀਆ ਹਨ। ਜੰਗਲਾਂ ਹੇਠਲਾ ਰਕਬਾ ਕੁੱਲ ਖੇਤਰਫਲ ਦਾ 3.67 ਫ਼ੀਸਦੀ ਬਣਦਾ ਹੈ। ਪੰਜਾਬ ਨੂੰ ਦੇਸ਼ ਦਾ ਅਨਾਜ ਭੰਡਾਰ ਕਿਹਾ ਜਾਂਦਾ ਹੈ। ਇਸ ਦਾ ਕੁੱਲ ਰਕਬਾ 50.36 ਲੱਖ ਹੈਕਟੇਅਰ ਹੈ , ਜਿਸ 'ਚੋਂ ਕਿ 2019-20 ਦੇ ਅੰਕੜੇ ਮੁਤਾਬਕ ਖੇਤੀਬਾੜੀ ਅਧੀਨ ਰਕਬਾ 41.19 ਲੱਖ ਹੈਕਟੇਅਰ ਸੀ ਅਤੇ ਇਸ ਖੇਤੀ ਅਧੀਨ ਰਕਬੇ 'ਚੋਂ ਕਰੀਬ 99 ਫ਼ੀਸਦੀ ਰਕਬਾ ਪੱਕੀਆਂ ਸਿੰਚਾਈ ਸਹੂਲਤਾਂ ਅਧੀਨ ਹੈ। ਦੇਸ਼ 'ਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਪੰਜਾਬ ਤੋਂ ਹੋਈ। ਫ਼ਸਲਾਂ ਦਾ ਵਧੇਰੇ ਝਾੜ ਲੈਣ ਦੇ ਚੱਕਰ 'ਚ ਕਿਸਾਨਾਂ ਨੇ ਕੁਦਰਤੀ ਤੇ ਰਵਾਇਤੀ ਖੇਤੀ ਦੇ ਢੰਗ ਛੱਡ ਕੇ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਤੇ ਨਦੀਨਨਾਸ਼ਕ ਜ਼ਹਿਰਾਂ ਦੀ ਵੱਡੇ ਪੱਧਰ ' ਤੇ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਨਾਲ ਜਿੱਥੇ ਇਨਸਾਨ ਵੱਖ-ਵੱਖ ਬਿਮਾਰੀਆਂ ਦੇ ਸ਼ਿਕਾਰ ਹੋਣ ਲੱਗੇ, ਓਥੇ ਹੀ ਧਰਤੀ ਵੀ ਰੋਗੀ ਹੋ ਗਈ।

ਮੌਜੂਦਾ ਸਮੇਂ ਹਾਲਾਤ ਇਹ ਹਨ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਘਟਣ ਦੇ ਸਿੱਟੇ ਵਜੋਂ ਕਿਸਾਨ ਹੋਰ ਵਧੇਰੇ ਖਾਦਾਂ ਤੇ ਜ਼ਹਿਰੀਲੀਆਂ ਦਵਾਈਆਂ ਦੀ ਵਰਤੋਂ ਕਰਨ ਲੱਗੇ ਹਨ। ਖੇਤੀ ਮਾਹਿਰਾਂ ਮੁਤਾਬਕ ਇਸ ਵੇਲੇ ਪੰਜਾਬ ਅੰਦਰ 900 ਕਿੱਲੋ ਸਾਲਾਨਾ ਪ੍ਰਤੀ ਹੈਕਟੇਅਰ ਖਾਦ ਦੀ ਵਰਤੋਂ ਕੀਤੀ ਜਾ ਰਹੀ ਹੈ ਜਦੋਂਕਿ ਇਕ ਕਿੱਲੋ ਪ੍ਰਤੀ ਹੈਕਟੇਅਰ ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਜ਼ਹਿਰੀਲੇ ਰਸਾਇਣ ਅਨਾਜ , ਫਲਾਂ ਤੇ ਸਬਜ਼ੀਆਂ ਜ਼ਰੀਏ ਇਨਸਾਨਾਂ ਦੇ ਅੰਦਰ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਰੋਗੀ ਬਣਾ ਰਹੇ ਹਨ।

ਇਸ ਤੋਂ ਸਾਫ਼ ਜ਼ਾਹਰ ਹੈ ਕਿ ਅਸੀਂ ਗੁਰੂ ਸਾਹਿਬ ਵੱਲੋਂ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਲਈ ਦਿੱਤੇ ਗਏ ਉਪਦੇਸ਼ ਤੋਂ ਪੂਰੀ ਤਰ੍ਹਾਂ ਮੁਨਕਰ ਹੋ ਚੁੱਕੇ ਹਾਂ। ਕੁਝ ਸਾਲਾਂ ਤੋਂ ਕੁਝ ਜਾਗਰੂਕ ਕਿਸਾਨ ਤੇ ਸੰਸਥਾਵਾਂ ਜੈਵਿਕ ਖੇਤੀ ਲਈ ਯਤਨਸ਼ੀਲ ਹਨ ਤੇ ਲੋਕ ਵੀ ਆਰਗੈਨਿਕ ਵਸਤਾਂ ਦੀ ਵਰਤੋਂ ਪ੍ਰਤੀ ਜਾਗਰੂਕ ਹੋ ਰਹੇ ਨੇ ਪਰ ਇਹ ਬਹੁਤ ਘੱਟ ਉਪਰਾਲੇ ਹਨ। ਸਾਨੂੰ ਖ਼ੁਦ, ਭਵਿੱਖੀ ਪੀੜ੍ਹੀਆਂ ਤੇ ਮਨੁੱਖਤਾ ਨੂੰ ਬਚਾਉਣ ਵਾਸਤੇ ਗੁਰੂ ਸਾਹਿਬ ਦੇ ਸੰਦੇਸ਼ 'ਤੇ ਚੱਲਦੇ ਹੋਏ ਹਵਾ, ਪਾਣੀ ਤੇ ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲਹਿਰ ਉਸਾਰਨੀ ਪਵੇਗੀ।

# ਜੌਰਜੀਆ ਗੈਸ ਹਾਦਸੇ ਵਿੱਚ ਮਰਨ ਵਾਲੇ ਹੋਰ ਪੰਜਾਬੀਆਂ ਦੀ ਪਛਾਣ ਹੋਈ

## ਪਟਿਆਲਾ ਦੀਆਂ ਨਨਾਣ-ਭਰਜਾਈ ਵੀ ਮ੍ਰਿਤਕਾਂ 'ਚ ਸ਼ਾਮਿਲ

ਜੌਰਜੀਆ ਵਿੱਚ ਹਾਲ ਹੀ 'ਚ ਇੱਕ ਰੈਸਟੋਰੈਂਟ ਵਿੱਚ ਵਾਪਰੀ ਘਟਨਾ ਦੌਰਾਨ ਮ੍ਰਿਤ ਮਿਲੇ 12 ਜਣਿਆਂ ਵਿੱਚੋਂ 11 ਪੰਜਾਬ ਨਾਲ ਸੰਬੰਧਿਤ ਹਨ।

ਮਰਨ ਵਾਲਿਆਂ ਵਿੱਚ 32 ਸਾਲਾ ਅਮਰਿੰਦਰ ਕੌਰ ਅਤੇ 28 ਸਾਲਾ ਮਨਿੰਦਰ ਕੌਰ ਵੀ ਸ਼ਾਮਲ ਹਨ।

ਜੌਰਜੀਆ ਦੇ ਗੁਦੌਰੀ ਵਿੱਚ ਇੱਕ ਹੋਟਲ ਵਿੱਚ 12 ਜਣਿਆਂ ਦੀਆਂ ਲਾਸ਼ਾਂ ਮਿਲੀਆਂ ਸਨ, ਜਿਨ੍ਹਾਂ ਦੀ ਮੌਤ ਪ੍ਰਸ਼ਾਸਨ ਮੁਤਾਬਕ ਗੈਸ ਚੜ੍ਹਨ ਨਾਲ ਹੋਈ ਹੈ।

ਅਮਰਿੰਦਰ ਤੇ ਮਨਿੰਦਰ ਦੋਵੇਂ ਹੀ ਨਨਾਣ-ਭਰਜਾਈ ਸਨ। ਮਨਿੰਦਰ ਕੌਰ ਦਾ ਪੇਕਾ ਪਿੰਡ ਮਾਨਸਾ ਜ਼ਿਲ੍ਹੇ ਨਾਲ ਸੰਬੰਧਿਤ ਹੈ।

ਮਨਿੰਦਰ ਕੌਰ ਦਾ ਜਤਿੰਦਰ ਸਿੰਘ ਨਾਲ ਦੋ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ। ਵਿਆਹ ਦੀ ਵਰ੍ਹੇਗੰਢ ਮਨਾਉਣ ਲਈ ਅਗਲੇ ਸਾਲ ਉਨ੍ਹਾਂ ਨੇ ਭਾਰਤ ਆਉਣਾ ਸੀ।

ਉੱਥੇ ਹੀ ਬਾਰਵੀਂ ਜਮਾਤ ਕਰਨ ਤੋਂ ਬਾਅਦ ਅਮਰਿੰਦਰ ਕੌਰ 9 ਸਾਲ ਪਹਿਲਾਂ ਜੌਰਜੀਆ ਗਏ ਸਨ।

ਪਰਿਵਾਰ ਮੁਤਾਬਕ ਜੌਰਜੀਆ ਦੇ ਇੱਕ ਹੋਟਲ ਵਿੱਚ ਚੰਗੀ ਨੌਕਰੀ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਦੇ ਪਰਿਵਾਰ ਨੇ ਕੁਝ ਜ਼ਮੀਨ ਵੇਚ ਉਨ੍ਹਾਂ ਨੂੰ ਭੇਜ ਦਿੱਤਾ ਸੀ।

ਬਾਅਦ ਵਿੱਚ ਉਨ੍ਹਾਂ ਨੇ ਆਪਣੇ ਭਰਾ ਜਤਿੰਦਰ ਅਤੇ ਭਰਜਾਈ ਮਨਿੰਦਰ ਕੌਰ ਨੂੰ ਵੀ ਉੱਥੇ ਬੁਲਾ ਲਿਆ। ਪਰ ਜਤਿੰਦਰ ਸਿੰਘ ਸਾਲ 2018 ਵਿੱਚ ਦੱਖਣੀ ਕੋਰੀਆ ਚਲੇ ਗਏ ਅਤੇ ਅਮਰਿੰਦਰ ਕੌਰ ਅਤੇ ਉਸ ਦੀ ਭਰਜਾਈ ਮਨਿੰਦਰ ਕੌਰ ਜੌਰਜੀਆ ਵਿੱਚ ਹੀ ਰਹਿੰਦੀਆਂ ਰਹੀਆਂ।

ਰਿਪੋਰਟ ਮੁਤਾਬਕ ਮਰਨ ਵਾਲੇ 11 ਵਿੱਚ ਸਮੀਰ ਕੁਮਾਰ ਵਾਸੀ ਖੰਨਾ, ਗਗਨਦੀਪ ਸਿੰਘ ਵਾਸੀ ਘੱਲ ਕਲਾਂ (ਮੋਗਾ), ਹਰਵਿੰਦਰ ਸਿੰਘ, ਸੰਦੀਪ ਸਿੰਘ, ਵਰਿੰਦਰ ਸਿੰਘ, ਰਵਿੰਦਰ ਕੁਮਾਰ, ਰਵਿੰਦਰ ਸਿੰਘ ਵਾਸੀ ਸੁਨਾਮ, ਅਮਰਿੰਦਰ ਕੌਰ ਵਾਸੀ ਪਿੰਡ ਮਹਿਮਾ ਤਹਿਸੀਲ ਰਾਜਪੁਰਾ (ਪਟਿਆਲਾ), ਮਨਿੰਦਰ ਕੌਰ ਵਾਸੀ ਪਿੰਡ ਝੰਡਾ ਕਲਾਂ (ਮਾਨਸਾ), ਗੁਰਵਿੰਦਰ ਕੌਰ ਤੇ ਪ੍ਰੀਤਮ ਲਾਲ ਸ਼ਾਮਲ ਹਨ।

ਇਸ ਤਰ੍ਹਾਂ ਹੀ ਵਰਿੰਦਰ ਸਿੰਘ ਵਾਸੀ ਸਮਾਣਾ ਜ਼ਿਲ੍ਹਾ ਪਟਿਆਲਾ ਵੀ ਇਸੇ ਹੋਟਲ ਵਿੱਚ ਡੇਢ ਸਾਲ ਤੋਂ ਨੌਕਰੀ ਕਰ ਰਹੇ ਸਨ।

### ਕਿੱਥੇ ਵਾਪਰਿਆ ਹਾਦਸਾ

ਪੁਲਿਸ ਮੁਤਾਬਕ, ਇਹ 12 ਲਾਸ਼ਾਂ ਸਾਬਕਾ ਸੋਵੀਅਤ ਰਾਜ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਉੱਚੇ ਸਕੀ ਰਿਜ਼ੋਰਟ ਗੁਦੌਰੀ ਦੇ ਇੱਕ ਰੈਸਟੋਰੈਂਟ ਦੇ ਉੱਤੇ ਬਣਾਈ ਗਈ ਸੌਣ





ਵਾਲੀ ਥਾਂ ਵਿੱਚ ਮਿਲੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦਾ ਕਾਰਨ ਕਾਰਬਨ ਮੋਨੋਕਸਾਈਡ ਦਾ ਜ਼ਹਿਰ ਹੈ।

ਜਾਣਕਾਰੀ ਮੁਤਾਬਕ ਮ੍ਰਿਤਕਾਂ ਵਿੱਚ ਸੁਨਾਮ ਦੇ ਰਹਿਣ ਵਾਲੇ ਰਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਵਿੰਦਰ ਕੌਰ , ਇਸ ਤੋਂ ਇਲਾਵਾ ਖੰਨਾ ਦੇ ਰਹਿਣ ਵਾਲੇ ਸਮੀਰ ਕੁਮਾਰ ਵੀ ਸ਼ਾਮਲ ਹਨ।

ਏਐੱਫਪੀ ਖ਼ਬਰ ਏਜੰਸੀ ਮੁਤਾਬਕ ਪੁਲਿਸ ਦਾ ਕਹਿਣਾ ਹੈ, "ਸ਼ੁਰੂਆਤੀ ਜਾਂਚ ਵਿੱਚ ਲਾਸ਼ਾਂ 'ਤੇ ਹਿੰਸਾ ਦੇ ਕੋਈ ਸੰਕੇਤ ਨਹੀਂ ਮਿਲੇ ਹਨ ਅਤੇ ਇਹ ਇੱਕ ਹਾਦਸਾ ਜਾਪਦਾ ਹੈ।"

ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਇਮਾਰਤ ਦੀ ਬਿਜਲੀ ਜਾਣ ਕਾਰਨ ਉੱਥੇ ਤੇਲ ਨਾਲ ਚੱਲਣ ਵਾਲਾ ਜਨਰੇਟਰ ਚਾਲੂ ਕਰ ਦਿੱਤਾ ਗਿਆ ਸੀ।

ਲਾਸ਼ਾਂ ਸ਼ਨੀਵਾਰ ਨੂੰ ਭਾਰਤੀ ਰੈਸਟੋਰੈਂਟ ਵਾਲੀ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਮਿਲੀਆਂ ਸਨ।

ਪ੍ਰਸ਼ਾਸਨ ਨੇ ਹਾਦਸੇ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨਾਲ ਹੀ ਮ੍ਰਿਤਕਾਂ ਦੀ ਪਛਾਣ ਲਈ ਕਾਰਵਾਈ ਸ਼ੁਰੂ ਦਿੱਤੀ ਹੈ। 11 ਭਾਰਤੀਆਂ ਦੀ ਮੌਤ ਸਬੰਧੀ ਜੌਰਜੀਆ ਦੀ ਰਾਜਧਾਨੀ ਤਬਲਿਸੀ ਸਥਿਤ ਭਾਰਤੀ ਦੂਤਾਵਾਸ ਨੇ ਆਪਣੇ ਐਕਸ ਅਕਾਊਂਟ 'ਤੇ ਬਿਆਨ ਜਾਰੀ ਕੀਤਾ ਹੈ।

ਉਨ੍ਹਾਂ ਨੇ ਲਿਖਿਆ,"ਮਿਸ਼ਨ ਨੂੰ ਹੁਣੇ-ਹੁਣੇ ਜੌਰਜੀਆ ਦੇ ਗੁਦੌਰੀ ਵਿੱਚ ਭਾਰਤੀ ਨਾਗਰਿਕਾਂ ਦੀ ਮੌਤ ਬਾਰੇ ਪਤਾ ਲੱਗਿਆ ਹੈ। ਮਾਰੇ ਗਏ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਪ੍ਰਤੀ ਸਾਡੀ ਡੂੰਘੀ ਹਮਦਰਦੀ ਹੈ।"

"ਇਸ ਬਾਰੇ ਵਧੇਰੇ ਜਾਣਕਾਰੀ ਲਈ ਸਥਾਨਕ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਾਂ। ਮਾਰੇ ਗਏ ਭਾਰਤੀ ਨਾਗਰਿਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।"

### ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਨੇ ਕੀ ਦੱਸਿਆ

ਮ੍ਰਿਤਕਾਂ ਵਿੱਚ ਖੰਨਾ ਦੇ ਰਹਿਣ ਵਾਲੇ ਸਮੀਰ ਕੁਮਾਰ ਵੀ ਸ਼ਾਮਲ ਹਨ।

ਖ਼ਬਰ ਮਿਲਣ ਤੋਂ ਬਾਅਦ ਪਰਿਵਾਰ ਸਦਮੇ ਵਿੱਚ ਹੈ। ਮ੍ਰਿਤਕ ਦੇ ਭਰਾ ਗੁਰਦੀਪ ਕੁਮਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਛੋਟਾ ਭਰਾ ਕੁਝ ਕੁ ਮਹੀਨੇ ਪਹਿਲਾਂ ਹੀ ਜੌਰਜੀਆ ਕੰਮ ਕਰਨ ਲਈ ਗਿਆ ਸੀ।

ਉਨ੍ਹਾਂ ਨੇ ਦੱਸਿਆ, "14 ਦਸੰਬਰ ਨੂੰ ਸਮੀਰ ਦਾ ਜਨਮ ਦਿਨ ਸੀ ਅਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਸਾਡਾ ਕੋਈ ਸੰਪਰਕ ਨਹੀਂ ਹੋਇਆ। ਸਾਨੂੰ ਅਗਲੇ ਦਿਨ ਤੱਕ ਕੁਝ ਪਤਾ ਨਹੀਂ ਲੱਗਿਆ। ਫਿਰ ਅਸੀਂ ਆਨਲਾਈਨ ਜਾਣਕਾਰੀ ਕੱਢ ਕੇ ਰੈਸਟੋਰੈਂਟ ਮਾਲਕ ਨਾਲ ਗੱਲ ਕੀਤੀ।"

"ਉਦੋਂ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਠੰਢ ਜ਼ਿਆਦਾ ਹੋਣ ਕਾਰਨ ਉਨ੍ਹਾਂ ਜੈਨਰੇਟਰ ਚਾਲੂ ਕਰ ਕੇ ਹੀਟਰ ਲਗਾਇਆ ਸੀ, ਕਾਰਬਨ ਮੋਨੋਕਸਾਈਡ ਕਾਰਨ ਉਨ੍ਹਾਂ ਸਾਰਿਆਂ ਦੀ ਰਾਤ ਨੂੰ ਹੀ ਮੌਤ ਹੋ ਗਈ।"

ਇੱਕ ਦਿਨ ਪਹਿਲਾਂ ਹੀ ਸਮੀਰ ਦੀ ਉਨ੍ਹਾਂ ਦੀ ਮਾਤਾ ਨਾਲ ਗੱਲ ਹੋਈ ਸੀ ਅਤੇ ਉਸ ਦਿਨ ਉਸਦਾ ਜਨਮਦਿਨ ਵੀ ਸੀ ,ਜਦਕਿ ਬਾਅਦ ਵਿੱਚ ਉਸਦਾ ਕੋਈ ਫੋਨ ਨਹੀਂ ਆਇਆ।

ਗੁਰਦੀਪ ਕੁਮਾਰ ਨੇ ਆਪਣੇ ਭਰਾ ਸਮੀਰ ਕੁਮਾਰ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਤਾਂ ਕਿ ਜੋ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਜਾ ਸਕਣ।

ਉਧਰ ਸੁਨਾਮ ਦੇ ਰਹਿਣ ਵਾਲੇ ਰਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਵਿੰਦਰ ਕੌਰ ਦੀ ਮੌਤ ਦੀ ਖ਼ਬਰ ਮਿਲਦੇ ਹੀ ਘਰ ਵਿੱਚ ਮਾਤਮ ਪਸਰ ਗਿਆ।

ਮ੍ਰਿਤਕ ਰਵਿੰਦਰ ਸਿੰਘ ਦੇ ਮਾਮਾ ਕੁਲਦੀਪ ਸਿੰਘ ਬਾਵਾ ਕੈਂਚੀ ਨੇ ਦੱਸਿਆ ਕਿ ਉਨ੍ਹਾਂ ਦਾ ਭਾਣਜਾ ਰਵਿੰਦਰ ਸਿੰਘ ਤੇ ਘਰਵਾਲੀ ਗੁਰਵਿੰਦਰ ਕੌਰ ਸੁਨਾਮ ਤੋਂ ਮਾਰਚ ਵਿੱਚ 13 ਲੱਖ ਰੁਪਏ ਖਰਚ ਕੇ ਜੌਰਜੀਆ ਵਿੱਚ ਰੁਜ਼ਗਾਰ ਅਤੇ ਚੰਗੇ ਭਵਿੱਖ ਲਈ ਗਏ ਸਨ।

ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਮ੍ਰਿਤਕ ਦੇਹਾਂ ਨੂੰ ਭਾਰਤ ਲਿਆਂਦਾ ਜਾਵੇ।

### ਗੁਦੌਰੀ ਕਿਉਂ ਹੈ ਮਸ਼ਹੂਰ

ਗੁਦੌਰੀ ਸਕੀਇੰਗ ਅਤੇ ਸਨੋਬੋਰਡਿੰਗ ਦੇ ਸ਼ੌਕੀਨਾਂ ਲਈ ਇੱਕ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ, ਜਿੱਥੇ ਹਰ ਪੱਧਰ ਦੇ ਸੈਲਾਨੀਆਂ ਲਈ ਸਰਦੀਆਂ ਦੀਆਂ ਖੇਡਾਂ ਦੀਆਂ ਗਤੀਵਿਧੀਆਂ ਹੁੰਦੀਆਂ ਹਨ।

ਇਸ ਦਾ ਇਤਿਹਾਸ 19ਵੀਂ ਸਦੀ ਦਾ ਹੈ ਜਦੋਂ ਇਹ ਰੂਸ ਨੂੰ ਜੌਰਜੀਆ ਨਾਲ ਜੋੜਨ ਵਾਲੀ ਪ੍ਰਾਚੀਨ ਜੌਰਜੀਅਨ ਮਿਲਟਰੀ ਰੋਡ 'ਤੇ ਇੱਕ ਵਪਾਰਕ ਚੌਕੀ ਵਜੋਂ ਜਾਣਿਆ ਜਾਂਦਾ ਸੀ। ਗੁਦੌਰੀ ਸਮੁੰਦਰੀ ਤਲ ਤੋਂ ਲਗਭਗ 2,200 ਮੀਟਰ (7,200 ਫੁੱਟ) ਉੱਪਰ ਮਤਸਖੇਟਾ-ਮਤਿਆਨੇਤੀ ਖੇਤਰ ਵਿੱਚ ਕਾਕੇਸ਼ਸ ਪਹਾੜਾਂ ਵਿੱਚ ਸਥਿਤ ਹੈ ਅਤੇ ਇਹ ਜੌਰਜੀਆ ਦੀ ਰਾਜਧਾਨੀ ਤਬਲਿਸੀ ਦੇ ਉੱਤਰ ਵਿੱਚ ਲਗਭਗ 120 ਕਿਲੋਮੀਟਰ (75 ਮੀਲ) ਫੈਲਿਆ ਹੈ।

# ਟਰੰਪ ਵੱਲੋਂ ਭਾਰਤੀ ਵਸਤਾਂ 'ਤੇ ਵਧੇਰੇ ਟੈਕਸ ਲਗਾਉਣ ਦੀ ਚਿਤਾਵਨੀ

## ਅਮਰੀਕੀ ਵਸਤਾਂ 'ਤੇ ਵਾਧੂ ਟੈਕਸ ਲਗਾਏ ਜਾਣ ਦਾ ਵਿਰੋਧ


ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਵੱਲੋਂ ਅਮਰੀਕਾ ਦੀਆਂ ਕੁਝ ਵਸਤਾਂ 'ਤੇ ਬਹੁਤ ਜਿਆਦਾ ਟੈਕਸ ਲਗਾਇਆ ਜਾਂਦਾ ਹੈ ਅਤੇ ਜੇ ਇੰਝ ਦਾ ਹੀ ਵਰਤਾਰਾ ਰਿਹਾ ਤਾਂ ਅਮਰੀਕਾ ਵੀ ਬਦਲੇ 'ਚ ਭਾਰਤੀ ਵਸਤਾਂ 'ਤੇ ਵਾਧੂ ਟੈਕਸ ਲਗਾਏਗਾ। ਟਰੰਪ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਭਾਰਤ ਅਤੇ ਬ੍ਰਾਜ਼ੀਲ ਅਜਿਹੇ ਮੁਲਕਾਂ 'ਚ ਸ਼ਾਮਲ ਹਨ ਜੋ ਖਾਸ ਅਮਰੀਕੀ ਵਸਤਾਂ 'ਤੇ ਵਧੇਰੇ ਟੈਕਸ ਲਗਾਉਂਦੇ ਹਨ। ਉਨ੍ਹਾਂ ਚੀਨ ਨਾਲ ਸੰਭਾਵਿਤ ਵਪਾਰ ਸਮਝੌਤੇ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ 'ਚ ਇਹ ਟਿੱਪਣੀ ਕੀਤੀ। ਟਰੰਪ ਨੇ ਮਾਰ-ਏ-ਲਾਗੋ 'ਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਜੇ ਭਾਰਤ ਸਾਡੇ ਤੋਂ 100 ਫ਼ੀਸਦ ਟੈਕਸ ਲੈਂਦਾ ਹੈ ਤਾਂ ਕੀ ਅਸੀਂ ਉਸ ਤੋਂ ਬਦਲੇ 'ਚ ਕੁਝ ਨਹੀਂ ਲਵਾਂਗੇ। ਤੁਸੀਂ ਜਾਣਦੇ ਹੋ, ਉਹ ਸਾਈਕਲ ਭੇਜਦੇ ਹਨ ਅਤੇ ਅਸੀਂ ਵੀ ਉਨ੍ਹਾਂ ਨੂੰ ਸਾਈਕਲ ਭੇਜਦੇ ਹਾਂ। ਉਹ ਸਾਡੇ ਤੋਂ 100 ਅਤੇ 200 ਫ਼ੀਸਦ ਟੈਕਸ ਲੈਂਦੇ ਹਨ। ਭਾਰਤ ਅਤੇ ਬ੍ਰਾਜ਼ੀਲ ਬਹੁਤ ਜਿਆਦਾ ਟੈਕਸ ਵਸੂਲਦੇ ਹਨ। ਜੇ ਉਹ ਸਾਡੇ ਤੋਂ ਟੈਕਸ ਲੈਣਾ ਚਾਹੁੰਦੇ ਹਨ ਤਾਂ ਠੀਕ ਹੈ ਪਰ ਅਸੀਂ ਵੀ ਉਨ੍ਹਾਂ ਤੋਂ ਇੰਝ ਹੀ ਵਾਧੂ ਟੈਕਸ



ਲਵਾਂਗੇ।" ਆਗਾਮੀ ਟਰੰਪ ਪ੍ਰਸ਼ਾਸਨ ਲਈ ਨਾਮਜ਼ਦ ਵਣਜ ਮੰਤਰੀ ਹਾਵਰਡ ਲੁਟਨਿਕ ਨੇ ਕਿਹਾ ਕਿ ਜੋ ਜਿਹੋ ਜਿਹਾ ਵਿਹਾਰ ਕਰਦਾ ਹੈ, ਉਸ ਨਾਲ ਉਹੋ ਜਿਹਾ ਹੀ ਵਤੀਰਾ ਅਪਣਾਉਣਾ ਪਵੇਗਾ। ਜ਼ਿਕਰਯੋਗ ਹੈ ਕਿ ਟਰੰਪ ਨੇ ਅਕਤੂਬਰ 'ਚ ਰਾਸ਼ਟਰਪਤੀ ਅਹੁਦੇ ਦੀ ਚੋਣ ਦੌਰਾਨ ਆਪਣੇ ਪ੍ਰਚਾਰ 'ਚ ਕਿਹਾ ਸੀ ਕਿ ਭਾਰਤ ਵਿਦੇਸ਼ੀ ਵਸਤਾਂ 'ਤੇ ਬਹੁਤ ਜਿਆਦਾ ਟੈਕਸ ਲਗਾਉਂਦਾ ਹੈ ਅਤੇ ਜੇ ਉਹ ਰਾਸ਼ਟਰਪਤੀ ਬਣੇ ਤਾਂ ਉਹ ਵੀ ਵਾਧੂ ਟੈਕਸ ਵਸੂਲਣਗੇ।

# ਟੈਕਸਾਸ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਇਕ ਲੜਕੀ ਸਮੇਤ 2 ਦੀ ਮੌਤ ਤੇ 3 ਹੋਰ ਜ਼ਖ਼ਮੀ, ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਹਿਊਸਟਨ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ ਇਕ ਲੜਕੀ ਤੇ ਇਕ ਲੜਕੇ ਦੀ ਮੌਤ ਹੋਣ ਤੇ 3 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਦੋਨਾਂ ਮ੍ਰਿਤਕਾਂ ਦੀ ਉਮਰ 16-16 ਸਾਲ ਸੀ। ਜ਼ਖਮੀਆਂ ਵਿਚ ਇਕ 13 ਸਾਲਾਂ ਦੀ ਲੜਕੀ ਸ਼ਾਮਿਲ ਹੈ ਜਿਸ ਦੀ ਹਾਲਤ ਗੰਭੀਰ ਹੈ। ਹਿਊਸਟਨ ਪੁਲਿਸ ਵਿਭਾਗ ਦੇ ਅਸਿਸਟੈਂਟ ਮੁਖੀ ਲੁਇਸ ਮੈਨਨਡੇਜ਼ ਸੀਰਾ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸਥਾਨਕ ਸਮੇ ਅਨੁਸਾਰ ਰਾਤ 11.20 ਵਜੇ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਪਾਰਟੀ ਵਾਲੇ ਸਥਾਨ 'ਤੇ ਭਗਦੜ ਵਾਲਾ ਮਾਹੌਲ ਸੀ। ਵੱਡੀ ਗਿਣਤੀ ਵਿਚ ਲੋਕ ਭੱਜ ਰਹੇ ਸਨ। ਗੋਲੀ ਵੱਜਣ ਕਾਰਨ ਜ਼ਖਮੀ ਹੋਏ ਇਕ



ਲੜਕੇ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਇਕ ਲੜਕੀ ਸਥਾਨਕ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤੀ ਗਈ। ਉਨਾਂ ਕਿਹਾ ਕਿ ਅਜੇ ਤੱਕ ਘਟਨਾ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਉਨਾਂ ਹੋਰ ਕਿਹਾ ਕਿ ਪਾਰਟੀ ਵਿਚ ਜਿਆਦਾਤਰ ਨਬਾਲਗ ਸ਼ਾਮਿਲ ਸਨ ਤੇ ਪਾਰਟੀ ਵਾਲੀ ਜਗਾ ਇਕ ਖਾਲੀ ਕਾਰੋਬਾਰੀ ਸਥਾਨ ਹੈ । ਇਸ ਕਿਸਮ ਦੇ ਸਥਾਨ ਨੂੰ ਕਿਰਾਏ ਜਾਂ ਪਟੇ 'ਤੇ ਦੇਣ ਲਈ ਵਰਤਿਆ ਜਾਂਦਾ ਹੈ। ਉਨਾਂ ਇਹ ਵੀ ਕਿਹਾ ਕਿ ਇਸ ਕਿਸਮ ਦੀਆਂ ਪਾਰਟੀਆਂ ਜਿਨਾਂ ਵਾਸਤੇ ਮਨਜ਼ੂਰੀ ਨਹੀਂ ਲਈ ਜਾਂਦੀ ਆਮ ਤੌਰ 'ਤੇ ਦੇਰ ਰਾਤ ਨੂੰ ਹੁੰਦੀਆਂ ਹਨ ਤੇ ਜਿਨਾਂ ਵਾਸਤੇ ਭੀੜ ਜੁਟਾਉਣ ਲਈ ਸੋਸ਼ਲ ਮੀਡੀਆ ਨੂੰ ਵਰਤਿਆ ਜਾਂਦਾ ਹੈ। ਸੀਰਾ ਨੇ ਕਿਹਾ ਕਿ ਪੁਲਿਸ ਵਿਭਾਗ ਜਾਂਚ ਲਈ ਆਪਣੇ ਪੂਰੇ ਸਾਧਨਾਂ ਦੀ ਵਰਤੋਂ ਕਰੇਗਾ। ਉਨਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਘਟਨਾ ਸਬੰਧੀ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸਾਂਝੀ ਕਰੇ।


I Wish you and your loved ones a very
Merry Christmas
and new year filled with fun, cheer and special
holiday magic
SUKH
DHALIWAL MP
SURREY - NEWTON
#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca


Merry
Christmas
Happy New Year
&
Happy Holidays
TALEEB NOORMOHAMED
Member of Parliament, Vancouver Granville
100-3077 Granville St Vancouver, British Columbia V6H 3J9
Telephone: 604-717-1140 | E-mail : taleeb.noormohamed@parl.gc.ca




# ਸਰੀ ਵਿੱਚ ਦਿਨ-ਦਿਹਾੜੇ ਚਾਕੂ ਨਾਲ 23 ਸਾਲਾ ਪੰਜਾਬਣ ਦੀ ਕੀਤੀ ਹੱਤਿਆ

ਸਰੀ (ਪਰਮਜੀਤ ਸਿੰਘ): ਸਰੀ ਦੇ 147 ਸਟਰੀਟ ਅਤੇ 108ਏ ਐਵੇਨਿਊ ਨੇੜੇ 14 ਦਸੰਬਰ ਨੂੰ ਤੜਕੇ 3 ਵਜੇ ਇੱਕ ਘਰ ਅੰਦਰ ਹੋਈ ਛੁਰੇਬਾਜ਼ੀ ਦੀ ਘਟਨਾ ਨੇ ਸਥਾਨਕ ਲੋਕਾਂ 'ਚ ਸਹਿਮ ਦਾ ਮਹੌਲ ਪੈਦਾ ਕਰ ਦਿੱਤਾ ਹੈ। ਇਸ ਘਟਨਾ ਵਿੱਚ ਜਾਨ ਗੁਆਉਣ ਵਾਲੀ ਲੜਕੀ ਦੀ ਪਛਾਣ 23 ਸਾਲਾ ਸਿਮਰਨ ਕੌਰ ਵਜੋਂ ਹੋਈ ਹੈ। ਸਿਮਰਨ ਹਰਿਆਣਾ ਦੇ ਪਿਹੋਵਾ ਨੇੜਲੇ ਪਿੰਡ ਠਸਕਾ ਮਿਰਾਂਜੀ ਦੀ ਰਹਿਣ ਵਾਲੀ ਸੀ ਅਤੇ ਮਈ 2023 ਵਿੱਚ ਇੱਕ ਅੰਤਰਰਾਸ਼ਟਰੀ ਵਿਦਿਆਰਥਣ ਵਜੋਂ ਕੈਨੇਡਾ ਆਈ ਸੀ।



ਪੁਲਿਸ ਅਨੁਸਾਰ, ਕੁਝ ਹਮਲਾਵਰ ਕਿਰਾਏ ਦੇ ਘਰ ਵਿੱਚ ਵੜੇ ਅਤੇ ਦੋ ਵਿਦਿਆਰਥਣਾਂ ਉੱਤੇ ਤਿੱਖੇ ਹਥਿਆਰਾਂ ਨਾਲ ਹਮਲਾ ਕੀਤਾ। ਸਿਮਰਨਜੀਤ ਕੌਰ ਨੂੰ ਗੰਭੀਰ ਚੋਟਾਂ ਆਈਆਂ, ਅਤੇ ਉਸ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ। ਦੂਜੀ ਵਿਦਿਆਰਥਣ, ਜਿਸ ਦੀ ਪਛਾਣ ਅਜੇ ਨਹੀਂ ਹੋ ਸਕੀ, ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਹੈ। ਹਮਲਾਵਰ ਬਾਰੇ ਪੁਲਿਸ ਕੋਲ ਹਾਲੇ ਕੋਈ ਸੁਰਾਗ ਨਹੀਂ ਹੈ ਪਰ ਮਾਮਲੇ ਦੀ ਜਾਂਚ ਇਨਟਿਗ੍ਰੇਟਿਡ ਹੋਮਿਸਾਈਡ ਇਨਵੈਸਟੀਗੇਸ਼ਨ ਟੀਮ (ਆਈਹਿੱਟ) ਦੇ ਹਵਾਲੇ ਕਰ ਦਿੱਤੀ ਗਈ ਹੈ।

ਸਿਮਰਨ ਦੇ ਪਿਤਾ ਸ. ਬਗੀਚਾ ਸਿੰਘ ਹਰਿਆਣਾ ਵਿੱਚ ਇੱਕ ਪ੍ਰਾਈਵੇਟ ਸਕੂਲ ਦੀ ਬੱਸ ਚਲਾਉਂਦੇ ਹਨ। ਸਿਮਰਨ ਦਾ ਇੱਕ ਛੋਟਾ ਭਰਾ ਵੀ ਹੈ, ਜੋ 10ਵੀਂ ਜਮਾਤ ਦੇ ਬਾਅਦ ਅਮਰੀਕਾ ਚਲਾ ਗਿਆ ਸੀ। ਸਿਮਰਨ ਕੈਨੇਡਾ 'ਚ ਉੱਚ-ਸਿੱਖਿਆ ਪ੍ਰਾਪਤ ਕਰਨ ਅਤੇ ਪਰਿਵਾਰ ਦੀ ਮਾਲੀ ਹਾਲਤ ਨੂੰ ਸੁਧਾਰਨਾ ਦਾ ਸੁਪਨਾ ਲੈ ਕੇ ਆਈ ਸੀ।

ਸਥਾਨਕ ਭਾਈਚਾਰਾ ਇਸ ਘਟਨਾ ਨਾਲ ਗਹਿਰੇ ਦੁਖ ਵਿੱਚ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੁਰੱਖਿਆ ਇੱਕ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਸਿਮਰਨ ਕੌਰ ਦੀ ਮੌਤ ਨੇ ਸਥਾਨਕ ਪੰਜਾਬ ਅਤੇ ਹਰਿਆਣਾ ਦੇ ਵਾਸੀਆਂ ਨੂੰ ਸਰੁੱਖਿਆ ਨੂੰ ਲੈ ਕੇ ਡੂੰਘਾ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਹੈ। ਸਥਾਨਕ ਭਾਈਚਾਰੇ ਵਲੋਂ ਇਸ ਮਾਮਲੇ 'ਚ ਸਰਕਾਰ ਤੋਂ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਹੈ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਸਿਮਰਨਜੀਤ ਦੇ ਪਿੰਡ ਦੇ ਸਾਬਕਾ ਸਰਪੰਚ ਦਿਲਬਾਗ ਸਿੰਘ ਗੋਰਾਇਆ ਨੇ ਕਿਹਾ, "ਇਹ ਘਟਨਾ ਸਿਰਫ਼ ਉਸਦੇ ਪਰਿਵਾਰ ਲਈ ਨਹੀਂ ਸਗੋਂ ਪੂਰੇ ਪਿੰਡ ਲਈ ਦਿਲ ਦਹਲਾ ਦੇਣ ਵਾਲੀ ਹੈ। ਅਸੀਂ ਕੈਨੇਡਾ ਦੇ ਸਮਾਜਿਕ ਅਤੇ ਧਾਰਮਿਕ ਸੰਗਠਨਾਂ ਨਾਲ ਸੰਪਰਕ ਕਰ ਰਹੇ ਹਾਂ ਤਾਂ ਜੋ ਸਿਮਰਨਜੀਤ ਦੀ ਦੇਹ ਨੂੰ ਭਾਰਤ ਲਿਆਂਦਾ ਜਾ ਸਕੇ।"

ਪੁਲਿਸ ਵੱਲੋਂ ਹਮਲਾਵਰ ਦੀ ਪਛਾਣ ਅਤੇ ਮਕਸਦ ਬਾਰੇ ਜਾਣਕਾਰੀ ਲੱਭਣ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ।

# ਪਬਲਿਕ ਸੇਫਟੀ ਮੰਤਰੀ ਡੋਮਿਨਿਕ ਲੇਬਲਾਂਕ ਬਣੇ ਕੈਨੇਡਾ ਦੇ ਨਵੇਂ ਵਿੱਤ ਮੰਤਰੀ

ਸਰੀ, (ਏਕਜੋਤ ਸਿੰਘ): ਕ੍ਰਿਸਟੀਆ ਫ੍ਰੀਲੈਂਡ ਦੇ ਵਿੱਤ ਮੰਤਰੀ ਦੇ ਅਹੁਦੇ ਤੋਂ ਅਚਾਨਕ ਅਸਤੀਫੇ ਦੇ ਬਾਅਦ, ਪਬਲਿਕ ਸੇਫਟੀ ਮੰਤਰੀ ਡੋਮਿਨਿਕ ਲੇਬਲਾਂਕ ਨੂੰ ਨਵਾਂ ਵਿੱਤ ਮੰਤਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਓਟਾਵਾ ਦੇ ਰਿਡੋ ਹਾਲ ਵਿਖੇ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਕੈਨੇਡੀਅਨਾਂ ਲਈ ਰਹਿਣ-ਸਹਿਣ ਦੀਆਂ ਕੀਮਤਾਂ ਘਟਾਉਣਾ ਅਤੇ ਅਮਰੀਕਾ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ ਉਹਨਾਂ ਦੀਆਂ ਪ੍ਰਮੁੱਖ ਤਰਜੀਹਾਂ ਹਨ।



ਡੋਮਿਨਿਕ ਲੇਬਲਾਂਕ, ਜੋ ਪਹਿਲਾਂ ਪਬਲਿਕ ਸੇਫਟੀ ਮੰਤਰੀ ਸਨ, ਹੁਣ ਵਿੱਤ ਮੰਤਰੀ ਦੀ ਜ਼ਿੰਮੇਵਾਰੀ ਸੰਭਾਲਣਗੇ। ਉਹ ਇੱਕ ਅਨੁਭਵੀ ਸਿਆਸਤਦਾਨ ਹਨ, ਜਿਨ੍ਹਾਂ ਨੇ ਪਹਿਲੀ ਵਾਰ 2000 ਵਿੱਚ ਐਮ.ਪੀ. ਵਜੋਂ ਚੋਣ ਜਿੱਤੀ। ਲੇਬਲਾਂਕ ਸਾਬਕਾ ਗਵਰਨਰ-ਜਨਰਲ ਰੋਮੀਓ ਲੇਬਲਾਂਕ ਦੇ ਪੁੱਤਰ ਹਨ ਅਤੇ ਅੰਤਰ-ਸਰਕਾਰੀ ਮਾਮਲਿਆਂ ਦੇ ਮੰਤਰੀ ਦਾ ਅਹੁਦਾ ਵੀ ਰੱਖਣਗੇ।

ਲੇਬਲਾਂਕ ਨੇ ਹਾਲ ਹੀ ਵਿੱਚ ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਡਿਨਰ ਵਿਚ ਸ਼ਮੂਲੀਅਤ ਕੀਤੀ ਸੀ। ਇਹ ਤੱਥ ਦੱਸਦਾ ਹੈ ਕਿ ਕੈਨੇਡਾ ਦੀ ਸਰਕਾਰ ਦੇ ਮੁੱਖ ਮਕਸਦਾਂ ਵਿੱਚੋਂ ਇੱਕ ਟਰੰਪ ਪ੍ਰਸ਼ਾਸਨ ਨਾਲ ਸਬੰਧ ਮਜ਼ਬੂਤ ਕਰਨਾ ਹੈ।

ਇਸ ਤਬਦੀਲੀ ਨੇ ਟਰੂਡੋ ਦੀ ਲੀਡਰਸ਼ਿਪ ਤੇ ਸਵਾਲ ਖੜ੍ਹੇ ਕੀਤੇ ਹਨ। ਕ੍ਰਿਸਟੀਆ ਫ੍ਰੀਲੈਂਡ ਦੀ ਵਰਗੇ ਪ੍ਰਮੁੱਖ ਨੇਤਾ ਦੇ ਅਸਤੀਫੇ ਨੇ ਕੈਬਿਨੇਟ ਅੰਦਰ ਅਸਥਿਰਤਾ ਦੇ ਸੰਕੇਤ ਦਿੱਤੇ ਹਨ। ਕਈ ਵਿਰੋਧੀ ਧਿਰਾਂ ਨੇ ਚੋਣਾਂ ਦੀ ਮੰਗ ਕੀਤੀ ਹੈ।

ਇਹ ਘਟਨਾ ਸਿਆਸੀ ਤਰੰਗਾਂ ਨੂੰ ਗਹਿਰਾ ਕਰਨ ਵਾਲੀ ਹੈ ਅਤੇ ਦੇਖਣਾ ਇਹ ਹੈ ਕਿ ਇਹ ਤਬਦੀਲੀਆਂ ਟਰੂਡੋ ਸਰਕਾਰ ਦੇ ਭਵਿੱਖ ਲਈ ਕੀਹ ਪ੍ਰਭਾਵ ਛੱਡਦੀਆਂ ਹਨ। This report was written by Ekjot Singh as part of the Local Journalism Initiative.

# ਕੈਨੇਡਾ ਵਿੱਚ ਮਹਿੰਗਾਈ ਦਰ ਘਟ ਕੇ 1.9 ਪ੍ਰਤੀਸ਼ਤ ਦੀ ਦਰ 'ਤੇ ਪਹੁੰਚੀ



**ਸਰੀ, (ਏਕਜੋਤ ਸਿੰਘ):** ਸਟੈਟਿਸਟਿਕਸ ਕੈਨੇਡਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਨਵੰਬਰ ਮਹੀਨੇ ਦੌਰਾਨ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਘਟ ਕੇ 1.9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਇਹ ਗਿਰਾਵਟ ਮੁੱਖ ਤੌਰ 'ਤੇ ਘੱਟ ਮੌਰਗੇਜ ਵਿਆਜ ਲਾਗਤਾਂ ਅਤੇ ਸਸਤੇ ਯਾਤਰਾ ਟੂਰਾਂ ਦੇ ਕਾਰਨ ਦਰਜ ਕੀਤੀ ਗਈ ਹੈ। ਨਵੰਬਰ ਦੌਰਾਨ ਸਮੁੱਚੀ ਮਹਿੰਗਾਈ ਵਿਚ ਕਮੀ ਦਿਖਾਈ ਦਿੱਤੀ। ਸਾਲ-ਦਰ-ਸਾਲ ਅਧਾਰ 'ਤੇ ਗ੍ਰੋਸਰੀ ਦੀਆਂ ਕੀਮਤਾਂ 2.6% ਉੱਪਰ ਰਹੀਆਂ, ਜੋ ਕਿ ਅਕਤੂਬਰ ਵਿੱਚ 2.7% ਸੀ। ਹਾਲਾਂਕਿ, ਨਵੰਬਰ 2021 ਨਾਲੋਂ ਇਹ ਕੀਮਤਾਂ ਅਜੇ ਵੀ 19.1% ਵਧੀ ਹੋਈ ਹਨ।

ਨਵੰਬਰ ਮਹੀਨੇ ਦੌਰਾਨ ਗੈਸ ਦੀਆਂ ਕੀਮਤਾਂ ਵਿੱਚ -0.5% ਦੀ ਗਿਰਾਵਟ ਆਈ। ਹਾਲਾਂਕਿ ਸਾਲ-ਦਰ-ਸਾਲ ਅਧਾਰ 'ਤੇ ਗੈਸ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਤਬਦੀਲੀ ਨਹੀਂ ਹੋਈ। ਪਰ ਜੇ ਗੈਸ ਦੀਆਂ ਕੀਮਤਾਂ ਨੂੰ ਮਹਿੰਗਾਈ ਦੇ ਗਣਿਤ 'ਚੋਂ ਹਟਾ ਦਿੱਤਾ ਜਾਵੇ, ਤਾਂ ਸਮੁੱਚੀ ਮਹਿੰਗਾਈ ਦਰ ਪਿਛਲੇ ਮਹੀਨੇ 2% ਵਧੀ ਹੋਈ ਦਰਜ ਕੀਤੀ ਗਈ। ਮੌਰਗੇਜ ਵਿਆਜ ਲਾਗਤਾਂ ਵਿੱਚ ਘੱਟੌਤਰੀ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ। ਇਸਦੇ ਨਾਲ ਯਾਤਰਾ ਲਈ ਦਿੱਤੇ ਜਾ ਰਹੇ ਛੂਟ ਵਾਲੇ ਪੈਕੇਜਾਂ ਨੇ ਸਮੁੱਚੀ ਕੀਮਤਾਂ ਵਿੱਚ ਗਿਰਾਵਟ ਲਿਆਉਣ ਵਿੱਚ ਯੋਗਦਾਨ ਪਾਇਆ।

ਭਾਵੇਂ ਕਿ ਤਾਜ਼ਾ ਮਹੀਨੇ ਵਿੱਚ ਗ੍ਰੋਸਰੀ ਅਤੇ ਹੋਰ ਜਰੂਰੀ ਚੀਜ਼ਾਂ ਦੀਆਂ ਕੀਮਤਾਂ ਕੁਝ ਹੱਦ ਤੱਕ ਘੱਟ ਹੋਈਆਂ ਹਨ, ਪਰ ਇਹ ਅਜੇ ਵੀ 2021 ਦੀਆਂ ਕੀਮਤਾਂ ਦੇ ਮੁਕਾਬਲੇ ਕਾਫੀ ਵੱਧ ਹਨ। ਇਹ ਘਰਾਂ ਦਾ ਬਜਟ ਬਨਾਉਣ ਵਾਲੇ ਲੋਕਾਂ ਲਈ ਇੱਕ ਚੁਣੌਤੀ ਬਣੀ ਹੋਈ ਹੈ।

ਇਹ ਗਿਰਾਵਟ ਕੈਨੇਡਾ ਦੇ ਮੌਜੂਦਾ ਆਰਥਿਕ ਸਥਿਤੀ ਨੂੰ ਸਮਝਣ ਲਈ ਇਕ ਮੁਹੱਤਵਪੂਰਨ ਸੰਕੇਤ ਹੈ। ਅਗਲੇ ਕੁਝ ਮਹੀਨਿਆਂ ਵਿੱਚ ਮਹਿੰਗਾਈ ਦਰ ਅਤੇ ਕੀਮਤਾਂ ਦੇ ਹਾਲਾਤ ਕਿਵੇਂ ਬਦਲਦੇ ਹਨ, ਇਸ 'ਤੇ ਨਿਗਾਹ ਰਹੇਗੀ। This report was written by Ekjot Singh as part of the Local Journalism Initiative.

MERRY
Christmas
AND HAPPY NEW YEAR
Since TEJA 1955
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ
ਅਤੇ ਭਾਰਤੀ ਮਸਾਲੇ
ਲੈਣ ਲਈ ਅੱਜ ਹੀ ਸੰਪਰਕ ਕਰੋ
Ph : 1-888-816-3993
UNIT 117-7727 BEEDIE WAY, DELTA
E-mail : info@tejaworldfoods.com

ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ
ਵਲੋਂ
ਸਾਹਿਬਜ਼ਾਦਿਆਂ ਦੀ ਯਾਦ ਵਿੱਚ
ਵਿਸ਼ੇਸ਼ ਸੈਮੀਨਾਰ
ਮਿਤੀ
22 ਦਸੰਬਰ 2024 ਦਿਨ ਐਤਵਾਰ
ਸਮਾਂ
01:00 ਤੋਂ 4:00 ਵਜੇ ਤੱਕ
ਸਥਾਨ
ਗਰੈਂਡ ਤਾਜ ਬੈਂਕੁਇਟ ਹਾਲ
8388-128 ਸਟ੍ਰੀਟ, ਸਰੀ ਬੀ.ਸੀ.
ਹਰ ਸਾਲ ਦੀ ਤਰ੍ਹਾਂ ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੈਨਕੂਵਰ ਵਲੋਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਪਰਪਿਤ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਸ਼ਾਮਲ ਹੋ ਕੇ ਧੰਨਵਾਦੀ ਬਣਾਓ ਜੀ!
ਚਾਹ-ਪਾਣੀ ਦਾ ਵੀ ਪ੍ਰਬੰਧ ਹੋਵੇਗਾ।
ਬੁਲਾਰੇ



ਭਾਈ ਸ਼ਿਵਤੇਗ ਸਿੰਘ



ਭਾਈ ਪਰਮਜੀਤ ਸਿੰਘ ਉੱਤਰਾਖੰਡ



ਭਾਈ ਜਸਬੀਰ ਸਿੰਘ

ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ
ਡਾ. ਜਗਜੀਤ ਸਿੰਘ : 778-802-4304
ਕੇਸਰ ਸਿੰਘ ਅਠਵਾਲ : 778-858-3607
ਜਸਬੀਰ ਸਿੰਘ : 604-723-5844
ਮਨਜੀਤ ਸਿੰਘ : 604-842-9958
ਸਤਨਾਮ ਸਿੰਘ : 604-307-3800

# Merry Christmas!

fruiticana hee jaana!

## LOWEST PRICES IN TOWN

We are open on Dec 25th 2024 from 10am to 6pm

# BIGGEST SALE IN CANADA

## UNBEATABLE EXTRA SUPER SPECIAL

**Yellow Onions 50 lbs**
ਪੀਲੇ ਗੰਢੇ
$10.98 bag

## EXTRA SUPER SUPER SPECIAL

**Raw Almonds**
ਕੱਚੇ ਬਦਾਮ
$4.99 lb

**Indican Punjabi Biscuits 1.5 lbs**
ਇੰਡੀਕਨ ਪੰਜਾਬੀ ਕੁਕੀਜ਼
$5.98 pkg.

**Seedless Oranges (Small)**
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb

**Yams & Sweet Potatoes**
ਸ਼ਕਰਕੰਦੀ
$1.49 lb

**Russet Potatoes Snoboy 10 lbs**
ਆਲੂ ਰਸਟ ਸਨੋਬੁਆਏ
$3.88 bag

**Black Chana**
ਕਾਲੇ ਛੋਲੇ
98¢ lb

## 88¢ SALE

**Red Delicious Apples USA**
ਲਾਲ ਸਵਾਦ ਸੇਬ ਯੂ.ਐਸ.
88¢ lb

**BC Gala Apples**
ਗਾਲਾ ਸੇਬ ਬੀਸੀ
88¢ lb

**English Cucumber**
ਇੰਗਲਿਸ਼ ਖੀਰੇ
88¢ ea.

**Zucchini Squash**
ਜ਼ੁਕੀਨੀ ਸਕੁਐਸ਼
88¢ lb

**Chickpeas**
ਚਿੱਟੇ ਛੋਲੇ
88¢ lb

**Red Lentil Split or Whole**
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
88¢ lb

**Reg. Large Eggplant**
ਵੱਡੇ ਬਤਾਊਂ
88¢ lb

## EXTRA SUPER SPECIAL

**Indican Tea 216's**
ਇੰਡੀਕਨ ਚਾਹ
$4.98 box

## SUPER SPECIAL

**Cilantro**
ਧਣੀਆ
2 bunches for $1.29

## SUPER SPECIAL

**Desi Karela**
ਦੇਸੀ ਕਰੇਲਾ
$1.99 lb

## SUPER SPECIAL

**Fresh Methi**
ਤਾਜ਼ਾ ਮੇਥੀ
$1.98 bunch

## SUPER SPECIAL

**Rapini (Sarson da Saag)**
ਸਰਸੋਂ ਦਾ ਸਾਗ
$2.99 bunch

## SUPER SPECIAL

**Brown Sugar 4 lbs Indican**
ਇੰਡੀਕੇਨ ਭੂਰੀ ਖੰਡ
$3.49 bag

**Daikon (Moli)**
ਮੂਲੀ
99¢ lb

**Green Cabbage BC**
ਹਰੀ ਬੰਦ ਗੋਭੀ ਬੀਸੀ
69¢ lb

**Red Onions 25 lbs**
ਲਾਲ ਗੰਢੇ
$16.98 bag

**Fine Cane Sugar (Indican) 8 lbs**
ਗੰਨੇ ਦੀ ਖੰਡ 8lbs
$5.99 bag

**Almond Oil 1 L (Indican)**
ਇੰਡੀਕੈਂਨ ਬਦਾਮ ਦਾ ਤੇਲ
$11.98 bottle

**Red Lentil Whole, Red Lentil Split Black Chana & Chick Peas 4 lbs (Indican)**
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ
( ਇੰਡੀਕੈਂਨ )
$3.98 bag

**Desi Ghee 3 kg Heer**
ਦੇਸੀ ਘਿਓ 3 ਕਿਲੋ ਹੀਰ
$42.99 ea.

**Thur Dec 19, 2024 - Wed Dec 25, 2024**

We reserve the right to limit the quantities while they last

**Specials valid for Lower Mainland only**

Product images may differ from the actual product.
Disclaimer: We reserve the right to add restrictions on products with a minimum purchase

**23 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

## THE SOUTH SURREY/WHITE ROCK FRUITICANA NOW OPEN AT 1812, 152ND ST.

| Location | Address | Phone |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |